# ਪੰਜਾਬੀ ਪੇਪਰ – ਏ

## ਪ੍ਰਸ਼ਨ–ਪੱਤਰ ਅਨੁਸਾਰ ਪ੍ਰਸ਼ਨ 1 ਤੋਂ 4 ਨਾਲ਼ ਸੰਬੰਧਿਤ ਪ੍ਰਸ਼ਨ

## ਵਸਤੂਨਿਸ਼ਨ ਪ੍ਰਸ਼ਨ :

**(ੳ) ਬਹੁਚੋਣਵੇਂ ਪ੍ਰਸ਼ਨ**

### ਗੁਰੂ ਨਾਨਕ ਦੇਵ ਜੀ

1. ਗੁਰੂ ਨਾਨਕ ਦੇਵ ਜੀ ਦੇ ਪਿਤਾ ਜੀ ਨੇ ਉਹਨਾਂ ਨੂੰ ਸੱਚਾ ਸੌਦਾ ਕਰਨ ਲਈ ਕਿੰਨੇ ਰੁਪਏ ਦਿੱਤੇ?

(ੳ) 18 ਰੁ:

(ਅ) 2● ਰੁ:

(ੲ) 16 ਰੁ:

(ਸ) 1● ਰੁ:

ਉੱਤਰ :– 2● ਰੁ:

2. ਗੁਰੂ ਨਾਨਕ ਦੇਵ ਜੀ ਦੀ ਪਤਨੀ ਦਾ ਨਾਂ ਦੱਸੋ।

(ੳ) ਬੀਬੀ ਭਾਨੀ ਜੀ

(ਅ) ਬੀਬੀ ਸੁਲੱਖਣੀ ਜੀ

(ੲ) ਤ੍ਰਿਪਤਾ ਦੇਵੀ

(ਸ) ਮਾਈ ਭਾਗੋ

ਉੱਤਰ :–ਬੀਬੀ ਸੁਲੱਖਣੀ ਜੀ

3. ਗੁਰੂ ਨਾਨਕ ਦੇਵ ਜੀ ਅਨੁਸਾਰ ਸਾਨੂੰ ਇਸਤਰੀਆਂ ਨਾਲ ਕਿਹੋ–ਜਿਹਾ ਵਿਹਾਰ ਕਰਨਾ ਚਾਹੀਦਾ ਹੈ?

(ੳ) ਮੰਦਾ

(ਅ) ਚੰਗਾ

(ੲ) ਬਦਸਲੂਕੀ ਵਾਲ਼ਾ

(ਸ) ਉਪਰੋਕਤ ਸਾਰੇ

ਉੱਤਰ :–ਚੰਗਾ

4. ਗੁਰੂ ਨਾਨਕ ਦੇਵ ਜੀ ਅਨੁਸਾਰ ਹਵਾ ਕਿਸ ਦੇ ਸਮਾਨ ਹੈ?

(ੳ) ਪਿਤਾ

(ਅ) ਭਰਾ

(ੲ) ਮਿੱਤਰ

(ਸ) ਗੁਰੂ

ਉੱਤਰ :-ਗੁਰੂ

5. "ਗਗਨ ਮੈ ਥਾਲੁ" ਸ਼ਬਦ ਵਿੱਚ ਸੂਰਜ ਤੇ ਚੰਦ ਕੀ ਹਨ?

(ੳ) ਦੀਵੇ

(ਅ) ਪ੍ਰਸ਼ਾਦ

(ੲ) ਮੋਮਬੱਤੀ

(ਸ) ਉਪਰੋਕਤ ਸਾਰੇ

ਉੱਤਰ :-ਦੀਵੇ।

6. ਜੀਵਾਂ ਵਿੱਚ ਕਿਸ ਦੀ ਜੋਤ ਜਗਦੀ ਹੈ?

(ੳ) ਮਾਤਾ

(ਅ) ਪਿਤਾ

(ੲ) ਪਰਮਾਤਮਾ

(ਸ) ਆਤਮਾ

ਉੱਤਰ :-ਪਰਮਾਤਮਾ

7. 'ਅਨੰਦ ਭਇਆ ਮੇਰੀ ਮਾਏ' ਸ਼ਬਦ ਕਿਸ ਦੀ ਰਚਨਾ ਹੈ?

(ੳ) ਗੁਰੂ ਅਮਰਦਾਸ ਜੀ

(ਅ) ਗੁਰੂ ਨਾਨਕ ਦੇਵ ਜੀ

(ੲ) ਗੁਰੂ ਅਰਜਨ ਦੇਵ ਜੀ

(ਸ) ਗੁਰੂ ਗੋਬਿੰਦ ਸਿੰਘ ਜੀ

ਉੱਤਰ :-ਗੁਰੂ ਅਮਰਦਾਸ ਜੀ

8. ਲੰਗਰ-ਪ੍ਰਥਾ ਦਾ ਵਿਸਤਾਰ ਕਿਸ ਨੇ ਕੀਤਾ?

(ੳ) ਭਾਈ ਗੁਰਦਾਸ ਜੀ

(ਅ) ਸ਼ੇਖ ਫ਼ਰੀਦ ਜੀ

(ੲ) ਬਾਬਾ ਬੁੱਢਾ ਜੀ

(ਸ) ਗੁਰੂ ਅਮਰਦਾਸ ਜੀ

ਉੱਤਰ :-ਗੁਰੂ ਅਮਰਦਾਸ ਜੀ

9. ਬੀਬੀ ਭਾਨੀ ਜੀ ਕਿਸ ਦੀ ਪੁੱਤਰੀ ਸਨ?

(ੳ) ਗੁਰੂ ਅਮਰਦਾਸ ਜੀ

(ਅ) ਗੁਰੂ ਅੰਗਦ ਦੇਵ ਜੀ

(ੲ) ਭਾਈ ਮਰਦਾਨਾ ਜੀ

(ਸ) ਪੀਲੂ

ਉੱਤਰ :–ਗੁਰੂ ਅਮਰਦਾਸ ਜੀ

10. ਗੁਰੂ ਅਮਰਦਾਸ ਜੀ ਦੇ ਕਿੰਨੇ ਪੁੱਤਰ ਸਨ?

(ੳ) 4

(ਅ) 2

(ੲ) 3

(ਸ) 1

ਉੱਤਰ :–2

11. ਗੁਰੂ ਗ੍ਰੰਥ ਸਾਹਿਬ ਵਿੱਚ ਕੁੱਲ ਕਿੰਨੇ ਰਾਗ ਹਨ?

(ੳ) 50

(ਅ) 35

(ੲ) 31

(ਸ) 34

ਉੱਤਰ :–31

12. ਗੁਰੂ ਗ੍ਰੰਥ ਸਾਹਿਬ ਵਿੱਚ ਸਭ ਤੋਂ ਵੱਧ ਕਿਹੜੇ ਗੁਰੂ ਦੀ ਬਾਣੀ ਦਰਜ ਹੈ?

(ੳ) ਗੁਰੂ ਨਾਨਕ ਦੇਵ ਜੀ

(ਅ) ਗੁਰੂ ਗੋਬਿੰਦ ਸਿੰਘ ਜੀ

(ੲ) ਗੁਰੂ ਅਰਜਨ ਦੇਵ ਜੀ

(ਸ) ਗੁਰੂ ਤੇਗ਼ ਬਹਾਦਰ ਜੀ

ਉੱਤਰ :–ਗੁਰੂ ਅਰਜਨ ਦੇਵ ਜੀ

13. ਗੁਰੂ ਅਰਜਨ ਦੇਵ ਜੀ ਦੀ ਸਭ ਤੋਂ ਵੱਧ ਪੜ੍ਹੀ ਜਾਣ ਵਾਲ਼ੀ ਰਚਨਾ ਕਿਹੜੀ ਹੈ?

(ੳ) ਜਪੁਜੀ ਸਾਹਿਬ

(ਅ) ਸੁਖਮਨੀ ਸਾਹਿਬ

(ੲ) ਆਸਾ ਦੀ ਵਾਰ

(ਸ) ਚੰਡੀ ਦੀ ਵਾਰ

ਉੱਤਰ :-ਸੁਖਮਨੀ ਸਾਹਿਬ

14. ਗੁਰੂ ਅਰਜਨ ਦੇਵ ਜੀ ਨੇ ਮਿੱਠ-ਬੋਲੜਾ ਕਿਸ ਨੂੰ ਕਿਹਾ ਹੈ?

(ੳ) ਪਿਤਾ

(ਅ) ਪ੍ਰਭੂ

(ੲ) ਅਧਿਆਪਕ

(ਸ) ਉਪਰੋਕਤ ਸਾਰੇ

ਉੱਤਰ :-ਪ੍ਰਭੂ

15. ਗੁਰੂ ਅਰਜਨ ਦੇਵ ਜੀ ਦਾ ਸੁਭਾਅ ਕਿਹੋ-ਜਿਹਾ ਸੀ?

(ੳ) ਨਿਮਰਤਾ

(ਅ) ਮਿਠਾਸ

(ੲ) ਸੇਵਾ-ਭਾਵ ਨਾਲ਼ ਭਰਪੂਰ

(ਸ) ਉਪਰੋਕਤ ਸਾਰੇ

ਉੱਤਰ :- ਉਪਰੋਕਤ ਸਾਰੇ

16. ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਕਿੰਨਵੇਂ ਗੁਰੂ ਹੋਏ ਹਨ?

(ੳ) ਚੌਥੇ

(ਅ) ਛੇਵੇਂ

(ੲ) ਪੰਜਵੇਂ

(ਸ) ਦਸਵੇਂ

ਉੱਤਰ :- ਪੰਜਵੇਂ

ਭਾਈ ਗੁਰਦਾਸ ਜੀ

17. ਭਾਈ ਗੁਰਦਾਸ ਜੀ ਅਮਰਦਾਸ ਜੀ ਦੇ ਕੀ ਲਗਦੇ ਸਨ?

(ੳ) ਭਤੀਜਾ

(ਅ) ਭਰਾ

(ੲ) ਪੁੱਤਰ

(ਸ) ਭਣੋਈਆ

ਉੱਤਰ :– ਭਤੀਜਾ

18. 'ਭਾਈ ਗੁਰਦਾਸ ਜੀ' ਦਾ ਜਨਮ ਕਿਹੜੇ ਸੰਨ ਵਿੱਚ ਹੋਇਆ?

(ੳ) 1637 ਈ:

(ਅ) 156● ਈ:

(ੲ) 1559 ਈ:

(ਸ) 1561 ਈ:

**ਉੱਤਰ :– 1559 ਈ:**

19. 'ਦੇਖਿ ਪਰਾਈਆਂ ਚੰਗੀਆਂ' ਸ਼ਬਦ ਵਿੱਚ 'ਕਲਤ੍ਰ' ਕਿਸ ਨੂੰ ਆਖਿਆ ਗਿਆ ਹੈ?

(ੳ) ਆਤਮਾ

(ਅ) ਇਸਤਰੀ

(ੲ) ਪ੍ਰਭੂ

(ਸ) ਉਪਰੋਕਤ ਸਾਰੇ

ਉੱਤਰ :– ਇਸਤਰੀ

2●. 'ਭੁਈ' ਦਾ ਅਰਥ ਲਿਖੋ।

(ੳ) ਭੂਆ

(ਅ) ਧਰਤੀ

(ੲ) ਭੂਮੀ

(ਸ) ਮਾਸੀ

ਉੱਤਰ :– ਧਰਤੀ

21. ਗੁਰੂ ਨਾਨਕ ਦੇਵ ਜੀ ਦੀ ਭੈਣ ਦਾ ਨਾਂ ਲਿਖੋ।

(ੳ) ਬੀਬੀ ਸੁਲੱਖਣੀ

(ਅ) ਬੀਬੀ ਭਾਨੀ ਜੀ

(ੲ) ਬੀਬੀ ਦਾਨੀ ਜੀ

(ਸ) ਬੀਬੀ ਨਾਨਕੀ

ਉੱਤਰ :- ਬੀਬੀ ਨਾਨਕੀ

**ਸੂਫ਼ੀ-ਕਾਵਿ : ਸ਼ੇਖ਼ ਫ਼ਰੀਦ ਜੀ**

22. ਮਨੁੱਖ ਦੇ ਹਿਰਦੇ ਵਿੱਚ ਕੀ ਵੱਸਦਾ ਹੈ?

(ੳ) ਆਤਮਾ

(ਅ) ਦਿਲ

(ੲ) ਪਰਮਾਤਮਾ

(ਸ) ਪਿਆਰ

ਉੱਤਰ :- ਪਰਮਾਤਮਾ

23. ਰੁੱਖੀ-ਮਿੱਸੀ ਖਾ ਕੇ ਫ਼ਰੀਦ ਜੀ ਨੇ ਕੀ ਪੀਣ ਲਈ ਕਿਹਾ ਹੈ?

(ੳ) ਠੰਢਾ ਪਾਣੀ

(ਅ) ਦੁੱਧ

(ੲ) ਗਰਮ ਪਾਣੀ

(ਸ) ਲੱਸੀ

ਉੱਤਰ :- ਠੰਢਾ ਪਾਣੀ

24. ਫ਼ਰੀਦ ਜੀ ਦੇ ਕੱਪੜੇ ਕਿਹੜੇ ਰੰਗ ਦੇ ਹਨ?

(ੳ) ਲਾਲ

(ਅ) ਕੇਸਰੀ

(ੲ) ਚਿੱਟੇ

(ਸ) ਕਾਲ਼ੇ

ਉੱਤਰ :- ਕਾਲ਼ੇ

25. ਫ਼ਰੀਦ ਜੀ ਅਨੁਸਾਰ ਸਾਰੇ ਜਗਤ ਵਿੱਚ ਕੀ ਫੈਲਿਆ ਹੋਇਆ ਹੈ?

(ੳ) ਸੁੱਖ

(ਅ) ਖ਼ੁਸ਼ੀ

(ੲ) ਦੁੱਖ

(ਸ) ਉਪਰੋਕਤ ਸਾਰੇ

ਉੱਤਰ :- ਦੁੱਖ

26. ਸਾਨੂੰ ਕਿਹੋ-ਜਿਹੀ ਕਮਾਈ ਖਾਣੀ ਚਾਹੀਦੀ ਹੈ?

(ੳ) ਰਿਸ਼ਵਤ ਦੀ

(ਅ) ਮਿਹਨਤ ਦੀ

(ੲ) ਲੁੱਟ-ਖੋਹ ਵਾਲ਼ੀ

(ਸ) ਗ਼ਲਤ ਤਰੀਕੇ ਨਾਲ਼ ਕਮਾਈ ਹੋਈ

ਉੱਤਰ :- ਮਿਹਨਤ ਦੀ

**ਸ਼ਾਹ ਹੁਸੈਨ**

27. ਸ਼ਾਹ ਹੁਸੈਨ ਕਿਸ ਕਾਵਿ-ਧਾਰਾ ਦੇ ਕਵੀ ਹਨ?

(ੳ) ਸੂਫ਼ੀ-ਕਾਵਿ

(ਅ) ਗੁਰਮਤਿ-ਕਾਵਿ

(ੲ) ਕਿੱਸਾ-ਕਾਵਿ

(ਸ) ਬੀਰ-ਕਾਵਿ

ਉੱਤਰ :- ਸੂਫ਼ੀ-ਕਾਵਿ

28. ਸ਼ਾਹ ਹੁਸੈਨ ਨੇ ਤਾਣਾ ਤੇ ਬਾਣਾ ਕਿਸ ਨੂੰ ਕਿਹਾ ਹੈ?

(ੳ) ਮਾਤਾ-ਪਿਤਾ ਨੂੰ

(ਅ) ਅਧਿਆਪਕ ਨੂੰ

(ੲ) ਭਰਾ ਨੂੰ

(ਸ) ਪ੍ਰਭੂ ਨੂੰ

ਉੱਤਰ :- ਪ੍ਰਭੂ ਨੂੰ

29. ਸ਼ਾਹ ਹੁਸੈਨ ਜੀ ਅਨੁਸਾਰ ਜਿਨ੍ਹਾਂ ਵੱਲ ਪ੍ਰਭੂ ਹੁੰਦਾ ਹੈ, ਉਹਨਾਂ ਨੂੰ ਕਿਸ ਚੀਜ਼ ਦਾ ਫ਼ਿਕਰ ਨਹੀਂ ਹੁੰਦਾ?

(ੳ) ਦੁੱਖ ਦਾ

(ਅ) ਮਰਨ ਦਾ

(ੲ) ਭੋਜਨ ਦਾ

(ਸ) ਆਪਣੇ ਪਰਿਵਾਰ ਦਾ

ਉੱਤਰ :- ਦੁੱਖ ਦਾ।

3●. ਅੰਤ ਨੂੰ ਮਨੁੱਖ ਦੇ ਹਿੱਸੇ ਕਿੰਨੀ ਜ਼ਮੀਨ ਆਉਂਦੀ ਹੈ?

(ੳ) 12 ਖੇਤ

(ਅ) ਦੋ ਹੱਥ

(ੲ) ਸਾਢੇ ਤਿੰਨ ਹੱਥ

(ਸ) ਤਿੰਨ ਹੱਥ

ਉੱਤਰ :- ਸਾਡੇ ਤਿੰਨ ਹੱਥ।

31. ਮਨੁੱਖ ਦੇ ਸਿਰ ’ਤੇ ਕੌਣ ਸਾਜ਼ਸ਼ ਕਰਦਾ ਹੈ?

(ੳ) ਦੁਸ਼ਮਣ

(ਅ) ਜਮ

(ੲ) ਪ੍ਰਭੂ

(ਸ) ਦੋਸਤ

ਉੱਤਰ :- ਜਮ

32. ਬੁੱਲ੍ਹੇ ਸ਼ਾਹ ਕਿਹੋ-ਜਿਹਾ ਕਵੀ ਸੀ?

(ੳ) ਭਗਤੀ ਵਾਲ਼ਾ

(ਅ) ਮਸਤ ਰਹਿਣ ਵਾਲ਼ਾ

(ੲ) ਵਧੀਆ

(ਸ) ਉਪਰੋਕਤ ਸਾਰੇ

ਉੱਤਰ :- ਉਪਰੋਕਤ ਸਾਰੇ

33. ਸ਼ਾਹ ਹੁਸੈਨ ਦੇ ਪਿਤਾ ਜੀ ਕੀ ਕੰਮ ਕਰਦੇ ਸਨ?

(ੳ) ਮੋਚੀ ਦਾ

(ਅ) ਹਲਵਾਈ ਦਾ

(ੲ) ਕੱਪੜਾ ਬੁਣਨ ਦਾ

(ਸ) ਦਰਜ਼ੀ ਦਾ

ਉੱਤਰ :- ਕੱਪੜਾ ਬੁਣਨ ਦਾ

**ਬੁੱਲ੍ਹੇ ਸ਼ਾਹ**

34. ਬੁੱਲ੍ਹੇ ਸ਼ਾਹ ਅਨੁਸਾਰ ਅੱਜ-ਕੱਲ੍ਹ ਲੋਕਾਂ ਵਿੱਚ ਕਿਹੜਾ ਇਸ਼ਕ ਮਸ਼ਹੂਰ ਹੈ?

(ੳ) ਹਕੀਕੀ

(ਅ) ਮਜ਼ਾਜੀ

(ੲ) ਪੈਸਿਆਂ ਨਾਲ਼ ਇਸ਼ਕ

(ਸ) ਉਪਰੋਕਤ ਸਾਰੇ

ਉੱਤਰ :- ਮਜ਼ਾਜੀ

35. ਚੁੱਲ੍ਹੇ ਉੱਪਰ ਕੀ ਪਕਾਈਦਾ ਹੈ?

(ੳ) ਭੋਜਨ

(ਅ) ਦੁੱਖ

(ੲ) ਪਿਆਰ

(ਸ) ਉਪਰੋਕਤ ਸਾਰੇ

ਉੱਤਰ :- ਭੋਜਨ

36. ਰੰਘੜ ਨਾਲ਼ੋ ਕੀ ਚੰਗਾ ਹੈ?

(ੳ) ਇੱਟ

(ਅ) ਪੱਥਰ

(ੲ) ਤੂੜੀ

(ਸ) ਖਿੰਗਰ

ਉੱਤਰ :- ਖਿੰਗਰ

37. ਆਤਸ਼ ਦਾ ਕੀ ਅਰਥ ਹੈ?

(ੳ) ਪਾਣੀ

(ਅ) ਭਾਫ਼

(ੲ) ਆਤਸ਼ਬਾਜ਼ੀ

(ਸ) ਅੱਗ

ਉੱਤਰ :- ਅੱਗ

**ਕਿੱਸਾ-ਕਾਵਿ (ਪੀਲੂ)**

38. ਸਾਹਿਬਾਂ ਦੇ ਪਿਤਾ ਦਾ ਨਾਂ ਕੀ ਸੀ?

(ੳ) ਖੀਵਾ ਖ਼ਾਨ

(ਅ) ਸਲਵਾਨ

(ੲ) ਮੌਜੂ

(ਸ) ਚੂਚਕ

ਉੱਤਰ :- ਖੀਵਾ ਖ਼ਾਨ

39. ਸਾਹਿਬਾਂ ਦੇ ਕਿੰਨੇ ਭਰਾ ਸਨ?

(ੳ) 7

(ਅ) 2

(ੲ) 8

(ਸ) 1

ਉੱਤਰ :- 7

40. ਮਿਰਜ਼ੇ ਨੇ ਆਪਣਾ ਤਰਕਸ਼ ਕਿੱਥੇ ਰੱਖਿਆ ਸੀ?

(ੳ) ਦਰਖ਼ਤ 'ਤੇ

(ਅ) ਆਪਣੇ ਨੇੜੇ

(ੲ) ਸਾਹਿਬਾਂ ਕੋਲ਼

(ਸ) ਬੱਕੀ 'ਤੇ

ਉੱਤਰ :- ਦਰਖ਼ਤ 'ਤੇ

41. ਸਾਹਿਬਾਂ ਦਾ ਵਿਆਹ ਕਿਸ ਪਿੰਡ ਵਿੱਚ ਹੋਣਾ ਨਿਸ਼ਚਿਤ ਹੋਇਆ ਸੀ?

(ੳ) ਸਿਆਲਕੋਟ

(ਅ) ਤਖ਼ਤ ਹਜ਼ਾਰਾ

(ੲ) ਚੰਧੜ

(ਸ) ਗੋਰਖ ਨਾਥ

ਉੱਤਰ :- ਚੰਧੜ

42. ਮਿਰਜ਼ਾ ਸਾਹਿਬਾਂ ਨੂੰ ਕਿਸ ਉੱਤੇ ਲੈਣ ਆਇਆ?

(ੳ) ਬੱਕੀ 'ਤੇ

(ਅ) ਘੋੜੀ ’ਤੇ

(ੲ) ਰੱਥ ’ਤੇ

(ਸ) ਕਿਸ਼ਤੀ ’ਤੇ

ਉੱਤਰ :- ਬੱਕੀ ’ਤੇ

**ਵਾਰਿਸ ਸ਼ਾਹ**

43. ਹੀਰ ਤੇ ਰਾਂਝੇ ਦਾ ਰਿਸ਼ਤਾ ਕਿਹੋ-ਜਿਹਾ ਸੀ?

(ੳ) ਲੜਾਈ ਵਾਲ਼ਾ

(ਅ) ਨਫ਼ਰਤ ਵਾਲ਼

(ੲ) ਈਰਖਾ ਵਾਲ਼ਾ

(ਸ) ਪਿਆਰ ਵਾਲ਼ਾ

ਉੱਤਰ :- ਪਿਆਰ ਵਾਲ਼ਾ

44. ਰਾਂਝੇ ਨੇ ਹੀਰ ਦੇ ਘਰ ਕੀ ਚਾਰਿਆ?

(ੳ) ਗਾਂਵਾਂ

(ਅ) ਮੱਝਾਂ

(ੲ) ਭੇਡਾਂ

(ਸ) ਬੱਕਰੀਆਂ

ਉੱਤਰ :- ਮੱਝਾਂ

45. ਹੀਰ ਦੀ ਨਣਦ ਦਾ ਕੀ ਨਾਂ ਸੀ?

(ੳ) ਸਾਹਿਬਾਂ

(ਅ) ਇੱਛਰਾਂ

(ੲ) ਸਹਿਤੀ

(ਸ) ਜੀਤੂ

ਉੱਤਰ :- ਸਹਿਤੀ

46. ਰਾਂਝੇ ਦੇ ਕਿੰਨੇ ਭਰਾ ਸਨ?

(ੳ) 6

(ਅ) 7

(ੲ) 8

(ਸ) 9

ਉੱਤਰ :- 7

**ਹਾਸ਼ਮ ਸ਼ਾਹ**

47. ਸੱਸੀ ਕਿਸ ਮਾਰੂਥਲ ਵਿੱਚ ਪੁੰਨੂੰ ਦੀ ਭਾਲ਼ ਕਰ ਰਹੀ ਸੀ?

(ੳ) ਠੰਢਾ ਮਾਰੂਥਲ

(ਅ) ਝਾੜੀਆਂ ਵਾਲ਼ਾ ਮਾਰੂਥਲ

(ੲ) ਗਰਮ ਮਾਰੂਥਲ

(ਸ) ਪਹਾੜੀਨੁਮਾ ਮਾਰੂਥਲ

ਉੱਤਰ :- ਗਰਮ ਮਾਰੂਥਲ

48. ਹਾਸ਼ਮ ਸ਼ਾਹ ਨੇ ਸੱਸੀ ਦੇ ਪੈਰ ਕਿਹੜੇ ਫੁੱਲ ਵਰਗੇ ਦੱਸੇ ਹਨ?

(ੳ) ਗੇਂਦਾ

(ਅ) ਗੁਲਾਬ

(ੲ) ਛੂਈ-ਮੂਈ

(ਸ) ਚਮੇਲੀ

ਉੱਤਰ :- ਗੁਲਾਬ

49. ਸੱਸੀ ਕਿਸ ਨੂੰ ਪਿਆਰ ਕਰਦੀ ਸੀ?

(ੳ) ਰਾਂਝੇ ਨੂੰ

(ਅ) ਮਿਰਜ਼ੇ ਨੂੰ

(ੲ) ਪੁੰਨੂੰ ਨੂੰ

(ਸ) ਪੂਰਨ ਨੂੰ

ਉੱਤਰ :- ਪੁੰਨੂੰ ਨੂੰ

5●. ਰਾਂਝੇ ਦੇ ਕੰਨਾਂ ਵਿੱਚ ਕੀ ਸੀ?

(ੳ) ਝੁਮਕੇ

(ਅ) ਕੋਕੇ

(ੲ) ਵਾਲ਼ੀਆਂ

(ਸ) ਵਾਲ਼ੇ

ਉੱਤਰ :- ਵਾਲ਼ੇ

**ਕਾਦਰਯਾਰ**

51. ਪੂਰਨ ਭਗਤ ਦੇ ਪਿਤਾ ਨੇ ਕਿਸ ਕੋਲ਼ੋ ਵੇਦ ਪੜ੍ਹਾਇਆ?

(ੳ) ਵਜ਼ੀਰ ਤੋਂ

(ਅ) ਪੰਡਤ ਤੋਂ

(ੲ) ਮੰਤਰੀ ਤੋਂ

(ਸ) ਸਿਪਾਹੀ ਤੋਂ

ਉੱਤਰ :- ਪੰਡਤ ਤੋਂ।

52. ਲੂਣਾ ਪੂਰਨ ਦੀ ਕੀ ਲਗਦੀ ਹੈ?

(ੳ) ਮਾਸੀ

(ਅ) ਮਾਂ

(ੲ) ਮਤਰੇਈ ਮਾਂ

(ਸ) ਭੂਆ

ਉੱਤਰ :- ਮਤਰੇਈ ਮਾਂ

53. ਪੂਰਨ ਦਾ ਪਿਤਾ ਪੂਰਨ ਨੂੰ ਕਿੰਨਾ ਸਮਾਂ ਕੋਠੜੀ ਵਿੱਚ ਬੰਦ ਰੱਖਦਾ ਹੈ?

(ੳ) 12 ਸਾਲ

(ਅ) 13 ਸਾਲ

(ੲ) 14 ਸਾਲ

(ਸ) 15 ਸਾਲ

ਉੱਤਰ :- 12 ਸਾਲ

54. ਪੂਰਨ ਕੀ ਬਣ ਕੇ ਆਪਣੇ ਮਹਿਲਾਂ ਦੇ ਬਾਗ਼ ਵਿੱਚ ਆਉਂਦਾ ਹੈ?

(ੳ) ਪਾਠੀ

(ਅ) ਪੰਡਤ

(ੲ) ਫ਼ਕੀਰ

(ਸ) ਜੋਗੀ

ਉੱਤਰ :- ਜੋਗੀ

55. ਕਿਸ ਦੀ ਅਵਾਜ਼ ਸੁਣ ਕੇ ਇੱਛਰਾਂ ਦੀਆਂ ਅੱਖਾਂ ਦੀ ਰੋਸ਼ਨੀ ਵਾਪਸ ਆ ਗਈ?

(ੳ) ਪੂਰਨ ਦੀ

(ਅ) ਲੂਣਾ ਦੀ

(ੲ) ਸੁੰਦਰਾਂ ਦੀ

(ਸ) ਸਲਵਾਨ ਦੀ

ਉੱਤਰ :- ਪੂਰਨ ਦੀ

56. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਿੰਨੇ ਪੁੱਤਰ ਸਨ?

(ੳ) 1

(ਅ) 2

(ੲ) 3

(ਸ) 4

ਉੱਤਰ :- 4

57. ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਸਿੱਧ ਰਚਨਾ ਕਿਹੜੀ ਹੈ?

(ੳ) ਨਾਦਰਸ਼ਾਹ ਦੀ ਵਾਰ

(ਅ) ਚੱਠਿਆਂ ਦੀ ਵਾਰ

(ੲ) ਚੰਡੀ ਦੀ ਵਾਰ

(ਸ) ਭੇੜੇ ਦੀ ਵਾਰ

ਉੱਤਰ :- ਚੰਡੀ ਦੀ ਵਾਰ

58. ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਦਾ ਨਾਂ ਦੱਸੋ।

(ੳ) ਮਾਤਾ ਗੁਜਰੀ

(ਅ) ਮਾਤਾ ਸੁੰਦਰੀ

(ੲ) ਬੀਬੀ ਭਾਨੀ

(ਸ) ਬੀਬੀ ਨਾਨਕੀ

ਉੱਤਰ :- ਮਾਤਾ ਗੁਜਰੀ

59. ਗੁਰੂ ਗੋਬਿੰਦ ਸਿੰਘ ਜੀ ਕਿਸ ਦੇ ਪੁੱਤਰ ਸਨ?

(ੳ) ਬਾਬਾ ਬੁੱਢਾ ਜੀ

(ਅ) ਗੁਰੂ ਤੇਗ਼ ਬਹਾਦਰ ਜੀ

(ੲ) ਗੁਰੂ ਅਰਜਨ ਦੇਵ ਜੀ

(ਸ) ਗੁਰੂ ਨਾਨਕ ਦੇਵ ਜੀ

ਉੱਤਰ :– ਗੁਰੂ ਤੇਗ਼ ਬਹਾਦਰ ਜੀ

6●. ਗੁਰੂ ਗੋਬਿੰਦ ਸਿੰਘ ਜੀ ਨੇ ਕਿਨ੍ਹਾਂ ਨਾਲ਼ ਲੜਾਈ ਕੀਤੀ ਸੀ?

(ੳ) ਸਿੱਖਾਂ ਨਾਲ਼

(ਅ) ਹਿੰਦੂਆਂ ਨਾਲ਼

(ੲ) ਮੁਗ਼ਲਾਂ ਨਾਲ਼

(ਸ) ਫ਼ਕੀਰਾਂ ਨਾਲ਼

ਉੱਤਰ :– ਮੁਗ਼ਲਾਂ ਨਾਲ਼

61. ਸਿੱਖਾਂ ਦੇ ਕਿੰਨੇ ਗੁਰੂ ਹੋਏ ਹਨ?

(ੳ) 12

(ਅ) 11

(ੲ) 13

(ਸ) 1●

ਉੱਤਰ :–1●

62. ਕਿਸ ਰਾਜੇ ਦੇ ਰਾਜ ਵਿੱਚ ਪੰਜਾਬੀ ਖ਼ੁਸ਼ ਦਿਸਦੇ ਸਨ?

(ੳ) ਅਕਬਰ

(ਅ) ਮਹਾਰਾਜਾ ਰਣਜੀਤ ਸਿੰਘ

(ੲ) ਔਰੰਗਜ਼ੇਬ

(ਸ) ਹੁਮਾਯੂੰ

ਉੱਤਰ :– ਮਹਾਰਾਜਾ ਰਣਜੀਤ ਸਿੰਘ

63. ਗੁਰੂ ਜੀ ਨੇ ਔਰਤਾਂ ਨੂੰ ਨਾਂ ਪਿੱਛੇ ਕੀ ਲਗਾਉਣ ਲਈ ਕਿਹਾ?

(ੳ) ਕੁਮਾਰੀ

(ਅ) ਖ਼ਾਨ

(ੲ) ਕੌਰ

(ਸ) ਸਿੰਘਣੀ

ਉੱਤਰ :- ਕੌਰ

64. ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਦਾ ਨਾਂ ਲਿਖੋ।

(ੳ) ਬਾਬਾ ਜੁਝਾਰ ਸਿੰਘ ਜੀ

(ਅ) ਬਾਬਾ ਜ਼ੋਰਾਵਰ ਸਿੰਘ ਜੀ

(ੲ) ਬਾਬਾ ਫ਼ਤਿਹ ਸਿੰਘ ਜੀ

(ਸ) ਬਾਬਾ ਅਜੀਤ ਸਿੰਘ ਜੀ

ਉੱਤਰ :- ਬਾਬਾ ਫ਼ਤਿਹ ਸਿੰਘ ਜੀ

65. ਕਿਸ ਧਰਮ ਵਿੱਚ ਵੱਧ ਕੁਰਬਾਨੀਆਂ ਦਿੱਤੀਆਂ ਗਈਆਂ?

(ੳ) ਸਿੱਖ ਧਰਮ

(ਅ) ਮੁਸਲਮਾਨ

(ੲ) ਹਿੰਦੂ ਧਰਮ

(ਸ) ਉਪਰੋਕਤ ਸਾਰੇ

ਉੱਤਰ :- ਸਿੱਖ ਧਰਮ

**ਵਾਰਤਕ-ਭਾਗ (ਲੇਖ)**

**ਵਾਰਤਕ-ਭਾਗ (ਲੇਖ), ਰਬਾਬ ਮੰਗਾਉਨ ਦਾ ਵਿਰਤਾਂਤ**

66. ਗੁਰੂ ਨਾਨਕ ਦੇਵ ਜੀ ਦੀ ਜਾਤ ਕਿਹੜੀ ਸੀ?

(ੳ) ਬੇਦੀ ਖੱਤਰੀ

(ਅ) ਆਦਿ-ਧਰਮੀ

(ੲ) ਬ੍ਰਾਹਮਣ

(ਸ) ਈਸਾਈ

ਉੱਤਰ :- ਬੇਦੀ ਖੱਤਰੀ

67. ਗੁਰੂ ਨਾਨਕ ਦੇਵ ਜੀ ਕਿੱਥੋਂ ਦੇ ਰਹਿਣ ਵਾਲ਼ੇ ਸਨ?

(ੳ) ਰਾਇ-ਭੋਇ ਦੀ ਤਲਵੰਡੀ

(ਅ) ਕਰਤਾਰਪੁਰ

(ੲ) ਮਿਰਜ਼ਾਪੁਰ

(ਸ) ਫ਼ਿਰੋਜ਼ਪੁਰ

ਉੱਤਰ :- ਰਾਇ-ਭੋਇ ਦੀ ਤਲਵੰਡੀ

68. ਮਰਦਾਨਾ ਕੀ ਲੈਣ ਗਿਆ ਸੀ?

(ੳ) ਤਾਨਪੁਰਾ

(ਅ) ਕੱਪੜੇ

(ੲ) ਰਬਾਬ

(ਸ) ਭੋਜਨ

ਉੱਤਰ :- ਰਬਾਬ

**ਘਰ ਦਾ ਪਿਆਰ**

69. ਘਰ ਦੇ ਪਿਆਰ ਤੋਂ ਬਿਨਾਂ ਮਨੁੱਖ ਦਾ ਸੁਭਾਅ ਕਿਹੋ-ਜਿਹਾ ਹੁੰਦਾ ਹੈ?

(ੳ) ਖਿਝੂ

(ਅ) ਕੌੜਾ

(ੲ) ਲੜਾਕਾ

(ਸ) ਉਪਰੋਕਤ ਸਾਰੇ

ਉੱਤਰ :- ਉਪਰੋਕਤ ਸਾਰੇ

70. ਬੁਢਾਪੇ ਵਿੱਚ ਕਿੱਥੇ ਬਹਿ ਕੇ ਅਰਾਮ ਕਰਨ ਨੂੰ ਜੀਅ ਕਰਦਾ ਹੈ?

(ੳ) ਪਾਰਕ ਵਿੱਚ

(ਅ) ਹੋਟਲਾਂ ਵਿੱਚ

(ੲ) ਬਾਗ਼ ਵਿੱਚ

(ਸ) ਘਰ ਵਿੱਚ

ਉੱਤਰ :- ਘਰ ਵਿੱਚ

71. ਬੀਬੀ ਨਾਨਕੀ ਗੁਰੂ ਨਾਨਕ ਦੇਵ ਜੀ ਦੀ ਕੀ ਲਗਦੀ ਸੀ?

(ੳ) ਪਤਨੀ

(ਅ) ਮਾਤਾ

(ੲ) ਭੈਣ

(ਸ) ਦਾਦੀ

ਉੱਤਰ :- ਭੈਣ

72. ਕਿਸੇ ਮਨੁੱਖ ਦਾ ਸੁਹੱਪਣ ਅਤੇ ਕੋਝ ਪਛਾਣਿਆ ਜਾਂਦਾ ਹੈ :

(ੳ) ਸਰੀਰ ਤੋਂ

(ਅ) ਚਿਹਰੇ ਤੋਂ

(ੲ) ਹੱਥ ਤੋਂ

(ਸ) ਉਪਰੋਕਤ ਸਾਰੇ

ਉੱਤਰ :- ਚਿਹਰੇ ਤੋਂ

73. ਕਿਹੜੇ ਮਨੁੱਖ ਦਿਲਚਸਪ ਜਾਪਦੇ ਹਨ?

(ੳ) ਬੋਲ਼ੇ

(ਅ) ਗੂੰਗੇ

(ੲ) ਅੰਨ੍ਹੇ

(ਸ) ਲੰਗੜੇ

ਉੱਤਰ :- ਅੰਨ੍ਹੇ

74. ਪੰਜਾਬ ਵਿੱਚ ਕਿਹੜੀ 'ਬੋਲੀ' ਬੋਲੀ ਜਾਂਦੀ ਹੈ?

(ੳ) ਹਿੰਦੀ

(ਅ) ਪੰਜਾਬੀ

(ੲ) ਉਰਦੂ

(ਸ) ਫ਼ਾਰਸੀ

ਉੱਤਰ :- ਪੰਜਾਬੀ

**ਪ੍ਰਾਰਥਨਾ**

75. ਕਿਸ ਦੀ ਅਰਦਾਸ ਵਿੱਚ ਸਭ ਦਾ ਭਲਾ ਮੰਗਿਆ ਜਾਂਦਾ ਹੈ?

(ੳ) ਸਿੱਖ ਧਰਮ

(ਅ) ਹਿੰਦੂ ਧਰਮ

(ੲ) ਈਸਾਈ ਧਰਮ

(ਸ) ਇਸਲਾਮ ਧਰਮ

ਉੱਤਰ :- ਸਿੱਖ ਧਰਮ

76. ਕੈਦੀ ਨੇ ਜਦੋਂ ਪ੍ਰਾਰਥਨਾ ਕੀਤੀ ਤਾਂ ਕੈਦੀ ਦਾ ਮਨ ਕਿਹੋ-ਜਿਹਾ ਹੋ ਗਿਆ?

(ੳ) ਖਿਝੂ

(ਅ) ਦੁਖੀ

(ੲ) ਸੜੂ

(ਸ) ਅਨੰਦਿਤ

ਉੱਤਰ :- ਅਨੰਦਿਤ

77. ਮਹਾਰਾਜਾ ਰਣਜੀਤ ਸਿੰਘ ਨੇ ਅੱਧੀ ਰਾਤ ਨੂੰ ਕਿਸ ਅੱਗੇ ਬੇਨਤੀ ਕੀਤੀ?

(ੳ) ਪਿਤਾ

(ਅ) ਪ੍ਰਭੂ

(ੲ) ਸੈਨਾਪਤੀ

(ਸ) ਲੋਕਾਂ

ਉੱਤਰ :- ਪ੍ਰਭੂ

78. ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਦੁਸ਼ਮਣ "ਸਰਦਾਰ" ਨੂੰ ਕਿੱਥੇ ਰੱਖਿਆ?

(ੳ) ਮਹੱਲ

(ਅ) ਜੰਗਲ਼

(ੲ) ਕਿਲ੍ਹੇ

(ਸ) ਬਾਗ਼

ਉੱਤਰ :- ਕਿਲ੍ਹੇ

79. ਮਹਾਰਾਜਾ ਰਣਜੀਤ ਸਿੰਘ ਕਿੱਥੋਂ ਦਾ ਰਾਜਾ ਸੀ?

(ੳ) ਪੰਜਾਬ

(ਅ) ਅਰਬ

(ੲ) ਇੰਗਲੈਂਡ

(ਸ) ਚੀਨ

ਉੱਤਰ :- ਪੰਜਾਬ

**ਬਾਬਾ ਰਾਮ ਸਿੰਘ ਕੂਕਾ**

80. ਬਾਬਾ ਰਾਮ ਸਿੰਘ ਕੂਕਾ ਦਾ ਕਿਸ ਮਹਾਂਪੁਰਖ ਨਾਲ਼ ਮੇਲ਼ ਹੋਇਆ?

(ੳ) ਬਾਬਾ ਬਾਲਕ ਸਿੰਘ

(ਅ) ਬਾਬਾ ਫ਼ਰੀਦ ਨਾਲ਼

(ੲ) ਜੱਸਾ ਸਿੰਘ ਨਾਲ਼

(ਸ) ਤੇਗ਼ ਨਾਲ਼

ਉੱਤਰ :– ਬਾਬਾ ਬਾਲਕ ਸਿੰਘ

81. ਬਾਬਾ ਰਾਮ ਸਿੰਘ ਕੂਕਾ ਨੇ ਕਿਹੜੀ ਲਹਿਰ ਚਲਾਈ?

(ੳ) ਗ਼ਦਰ

(ਅ) ਨਾਮਧਾਰੀ

(ੲ) ਪੱਗੜੀ ਸੰਭਾਲ਼ ਜੱਟਾ

(ਸ) ਅੰਗਰੇਜ਼ੋ ਭਾਰਤ ਛੱਡੋ

ਉੱਤਰ :– ਨਾਮਧਾਰੀ

82. ਬਾਬਾ ਰਾਮ ਸਿੰਘ ਕੂਕਾ ਨੇ ਕਿੰਨਾ ਹਿੱਸਾ ਆਪਣੀ ਕਮਾਈ ਵਿੱਚੋਂ ਕੱਢਣ ਲਈ ਕਿਹਾ?

(ੳ) 15ਵਾਂ

(ਅ) 10ਵਾਂ

(ੲ) 9ਵਾਂ

(ਸ) ਚੌਥਾ

ਉੱਤਰ :– 10ਵਾਂ

83. ਨਾਮਧਾਰੀ ਲੋਕ ਆਪਣੇ ਝਗੜੇ ਨਿਪਟਾਉਂਦੇ ਹਨ :

(ੳ) ਕਚਹਿਰੀ ਵਿੱਚ

(ਅ) ਨਿੱਜੀ ਪੰਚਾਇਤ ਰਾਹੀਂ

(ੲ) ਕੋਰਟ ਵਿੱਚ

(ਸ) ਥਾਣੇ ਵਿੱਚ

ਉੱਤਰ :– ਨਿੱਜੀ ਪੰਚਾਇਤ ਰਾਹੀਂ

**ਮਹਾਂਕਵੀ ਕਾਲੀਦਾਸ**

84. ਕਾਲੀਦਾਸ ਦੀ ਪ੍ਰੀਤਮਾ ਕੌਣ ਸੀ?

(ੳ) ਕਿਤਾਬਾਂ

(ਅ) ਕਵਿਤਾ

(ੲ) ਵਿੱਦਿਆ

(ਸ) ਕੁਦਰਤ

ਉੱਤਰ :- ਕਵਿਤਾ

85. ਬ੍ਰਿਕਮਾਜੀਤ ਦੇ ਦਰਬਾਰ ਵਿੱਚ ਕਿੰਨੇ ਰਤਨ ਸਨ?

(ੳ) 9

(ਅ) 1●

(ੲ) 7

(ਸ) 11

ਉੱਤਰ :- 9

86. ਸ਼ਕੁੰਤਲਾ ਨੂੰ ਕੀ ਮਿਲ਼ਿਆ ਸੀ?

(ੳ) ਕੰਗਣ

(ਅ) ਹਾਰ

(ੲ) ਝੁਮਕਾ

(ਸ) ਮੁੰਦਰੀ

ਉੱਤਰ :- ਮੁੰਦਰੀ

87. ਕਾਲੀਦਾਸ ਕੌਣ ਸੀ?

(ੳ) ਗਾਇਕ

(ਅ) ਕਵੀ

(ੲ) ਲੇਖਕ

(ਸ) ਕਹਾਣੀਕਾਰ

ਉੱਤਰ :- ਕਵੀ

**ਮੇਰੇ ਵੱਡੇ ਵਡੇਰੇ**

88. ਪਹਿਲਵਾਨ ਪਿੰਡ ਵਿੱਚ ਕੀ ਗੱਡਦੇ ਸਨ?

(ੳ) ਤਲਵਾਰ

(ਅ) ਡੰਡਾ

(ੲ) ਮੁਗਦਰ

(ਸ) ਝੰਡਾ

ਉੱਤਰ :- ਝੰਡਾ

89. ਬਾਬਾ ਕੀ ਘੜੀਸ ਕੇ ਲੈ ਆਇਆ?

(ੳ) ਲੋਹਾ

(ਅ) ਸ਼ਹਿਤੂਤ

(ੲ) ਪੱਠੇ

(ਸ) ਪਿੱਪਲ਼

ਉੱਤਰ :- ਸ਼ਹਿਤੂਤ

90. ਬਾਬਿਆਂ ਦੀ ਭੈਣ ਕਿੰਨੇ ਮਣ ਜੁਆਰ ਚੁੱਕ ਕੇ ਘਰ ਲੈ ਆਈ ਸੀ?

(ੳ) ਦਸ

(ਅ) ਵੀਹ

(ੲ) ਪੱਚੀ

(ਸ) ਪੰਜਾਹ

ਉੱਤਰ :- ਦਸ

91. ਬਾਬੇ ਕਿੰਨੇ ਭਰਾ ਸਨ?

(ੳ) 5

(ਅ) 6

(ੲ) 4

(ਸ) 3

ਉੱਤਰ :- 4

**ਤੁਰਨ ਦਾ ਹੁਨਰ**

92. ਡਾ. ਨਰਿੰਦਰ ਸਿੰਘ ਕਪੂਰ ਨੇ ਕਿਹੜਾ ਲੇਖ ਲਿਖਿਆ ਹੈ?

(ੳ) ਤੁਰਨ ਦਾ ਹੁਨਰ

(ਅ) ਪ੍ਰਾਰਥਨਾ

(ੲ) ਮੇਰੇ ਵੱਡੇ ਵਡੇਰੇ

(ਸ) ਬੋਲੀ

ਉੱਤਰ :- ਤੁਰਨ ਦਾ ਹੁਨਰ

93. ਵਿਅਕਤੀ ਲਈ ਕੀ ਚੰਗਾ ਹੈ?

(ੳ) ਬੈਠਣਾ

(ਅ) ਸੌਣਾ

(ੲ) ਖੜ੍ਹੇ ਹੋਣਾ

(ਸ) ਤੁਰਨਾ

ਉੱਤਰ :- ਤੁਰਨਾ

94. ਅਮੀਰ ਘਰਾਂ ਵਿੱਚ ਕਿਨ੍ਹਾਂ ਦੀ ਸਿਹਤ ਠੀਕ ਰਹਿੰਦੀ ਹੈ?

(ੳ) ਮਾਲਕਾਂ ਦੀ

(ਅ) ਨੌਕਰਾਂ ਦੀ

(ੲ) ਔਰਤਾਂ ਦੀ

(ਸ) ਬੱਚਿਆਂ ਦੀ।

ਉੱਤਰ :- ਨੌਕਰਾਂ ਦੀ

95. ਤੁਰਦਾ ਵਿਅਕਤੀ ਕਿਸ ਨਾਲ਼ ਗੱਲਾਂ ਕਰਦਾ ਹੈ?

(ੳ) ਨਾਲ਼ ਦੇ ਸਾਥੀ ਨਾਲ਼

(ਅ) ਸੂਰਜ ਨਾਲ਼

(ੲ) ਆਪਣੇ-ਆਪ ਨਾਲ਼

(ਸ) ਕੁਦਰਤ ਨਾਲ਼

ਉੱਤਰ :- ਕੁਦਰਤ ਨਾਲ਼

**ਵੰਨਗੀ ਕਹਾਣੀ-1 ਕੁਲਫ਼ੀ**

96. 'ਕੁਲਫ਼ੀ', ਕਹਾਣੀ ਵਿੱਚ ਸ਼ਾਹਾਂ ਦੇ ਮੁੰਡੇ ਦੇ ਹੱਥੋਂ ਕੀ ਡਿੱਗ ਪਿਆ ਸੀ?

(ੳ) ਛੋਲੇ

(ਅ) ਮੁਰਮੁਰੇ

(ੲ) ਕੁਲਫ਼ੀ

(ਸ) ਚਾਕਲੇਟ

ਉੱਤਰ :- ਕੁਲਫ਼ੀ

97. 'ਮੁਰਮੁਰਾ ਭੈੜਾ ਹੁੰਦਾ', ਇਹ ਸ਼ਬਦ ਕਾਕੇ ਨੂੰ ਕਿਸ ਨੇ ਕਹੇ?

(ੳ) ਲੇਖਕ ਨੇ

(ਅ) ਸ਼ਾਹਣੀ ਨੇ

(ੲ) ਕੁਲਫ਼ੀ ਵਾਲ਼ੇ ਨੇ

(ਸ) ਲੇਖਕ ਦੀ ਪਤਨੀ ਨੇ

ਉੱਤਰ :- ਲੇਖਕ ਨੇ

98. ਕੌਣ ਕਾਕੇ ਨੂੰ ਚਪੇੜ ਲੈ ਕੇ ਪੈ ਗਿਆ ਸੀ?

(ੳ) ਸ਼ਾਹਾਂ ਦਾ ਮੁੰਡਾ

(ਅ) ਲੇਖਕ

(ੲ) ਕੁਲਫ਼ੀ ਵਾਲ਼ਾ

(ਸ) ਸ਼ਾਹਣੀ

ਉੱਤਰ :- ਕੁਲਫ਼ੀ ਵਾਲ਼ਾ

**ਕਹਾਣੀ-2 ਮੜ੍ਹੀਆਂ ਤੋਂ ਦੂਰ**

99. 'ਮੜ੍ਹੀਆਂ ਤੋਂ ਦੂਰ' ਕਹਾਣੀ ਵਿੱਚ ਮਾਸੀ ਕਿਸ ਨੂੰ ਤੱਤੀਆਂ-ਤੱਤੀਆਂ ਸੁਣਾਉਣ ਲੱਗੀ?

(ੳ) ਬਲਵੰਤ ਰਾਏ ਨੂੰ

(ਅ) ਲੇਖਕ ਨੂੰ

(ੲ) ਬਿੰਦੂ ਨੂੰ

(ਸ) ਪਤੀ ਨੂੰ

ਉੱਤਰ :- ਬਲਵੰਤ ਰਾਏ ਨੂੰ

1**00**. ਮਾਸੀ ਨੂੰ ਮਿਹਣੇ ਕੌਣ ਮਾਰਦਾ ਸੀ?

(ੳ) ਨੂੰਹ

(ਅ) ਪਤੀ

(ੲ) ਆਂਢਣਾਂ-ਗੁਆਂਢਣਾਂ

(ਸ) ਬਲਵੰਤ ਰਾਏ

ਉੱਤਰ :- ਆਂਢਣਾਂ-ਗੁਆਂਢਣਾ

1●1. ਮਾਸੀ ਨੂੰ ਕਿਹੜੀ ਜਗ੍ਹਾ ਸੂਰਗ ਜਾਪਦੀ ਸੀ?

(ੳ) ਇੰਗਲੈਂਡ

(ਅ) ਅਮਰੀਕਾ

(ੲ) ਸਿੰਘਾਪੁਰ

(ਸ) ਲੰਦਨ

ਉੱਤਰ :- ਇੰਗਲੈਂਡ

1●2. ਕੌਣ ਪੁਰਾਣੇ ਵੇਲ਼ਿਆਂ ਦੀ ਔਰਤ ਸੀ?

(ੳ) ਨੂੰਹ

(ਅ) ਪੋਤੀ

(ੲ) ਮਾਸੀ

(ਸ) ਆਂਢਣਾਂ-ਗੁਆਂਢਣਾਂ

ਉੱਤਰ :- ਮਾਸੀ

**ਕਹਾਣੀ-ਅੰਗ-ਸੰਗ**

1●3. 'ਅੰਗ-ਸੰਗ' ਕਹਾਣੀ ਵਿੱਚ ਨਾਨਕੇ ਜ਼ਿੰਮੇਵਾਰੀ ਦੀ ਪੱਗ ਕਿਸ ਨੂੰ ਬੰਨ੍ਹ ਕੇ ਗਏ ਸਨ?

(ੳ) ਕਰਤਾਰ ਸਿੰਘ

(ਅ) ਲੇਖਕ

(ੲ) ਅਮਰੀਕ ਸਿੰਘ

(ਸ) ਮਹਿੰਦਰ ਸਿੰਘ

ਉੱਤਰ :- ਅਮਰੀਕ ਸਿੰਘ

1●4. ਜਾਗੀਰ ਕੌਰ ਅਮਰੀਕ ਸਿੰਘ ਦੀ ਕੀ ਲਗਦੀ ਸੀ?

(ੳ) ਮਾਤਾ

(ਅ) ਦਾਦੀ

(ੲ) ਚਾਚੀ

(ਸ) ਭੈਣ

ਉੱਤਰ :- ਮਾਤਾ

**ਕਹਾਣੀ–4 ਬੰਮ ਬਹਾਦਰ**

1●5. ਮਹੰਤ ਮਾਤਾ ਦੀਨ ਨੇ ਬੰਮ ਬਹਾਦਰ ਦੀ ਸ਼ਿਕਾਇਤ ਕਿਸ ਕੋਲ਼ ਕੀਤੀ?

(ੳ) ਮਹਾਰਾਣੀ ਕੋਲ਼

(ਅ) ਮਹਾਰਾਜ ਕੋਲ਼

(ੲ) ਸਿਪਾਹੀ ਕੋਲ਼

(ਸ) ਵਜ਼ੀਰ ਕੋਲ਼

ਉੱਤਰ :– ਮਹਾਰਾਜ ਕੋਲ਼

1●6. ਬੰਮ ਨੇ ਸੁੰਡ ਚੁੱਕ ਕੇ ਕਿਸ ਨੂੰ ਸਲਾਮੀ ਦਿੱਤੀ?

(ੳ) ਸਿਪਾਹੀ ਨੂੰ

(ਅ) ਮਹੰਤ ਨੂੰ

(ੲ) ਮਹਾਰਾਜ ਨੂੰ

(ਸ) ਮਹਾਰਾਣੀ ਨੂੰ

ਉੱਤਰ :– ਮਹਾਰਾਣੀ ਨੂੰ

1●7. ਬੰਮ ਦੇ ਨਾਲ਼ ਕੌਣ ਬੁਰਾ ਵਿਹਾਰ ਕਰ ਰਿਹਾ ਸੀ?

(ੳ) ਮਹਾਰਾਜ

(ਅ) ਸਿਪਾਹੀ

(ੲ) ਮਹਾਰਾਣੀ

(ਸ) ਮਹਾਵਤ

ਉੱਤਰ :– ਮਹਾਵਤ

**ਕਹਾਣੀ–5 ਬਾਗ਼ੀ ਦੀ ਧੀ**

1●8. ਵੀਰਾਂ ਵਾਲੀ ਕਿਸ਼ਨ ਸਿੰਘ ਦੀ ਕੀ ਲਗਦੀ ਸੀ?

(ੳ) ਭੈਣ

(ਅ) ਮਾਤਾ

(ੲ) ਚਾਚੀ

(ਸ) ਤਾਈ

ਉੱਤਰ :– ਭੈਣ

1●9. ਕਿਸ਼ਨ ਸਿੰਘ ਲਾਜ ਦਾ ਕੀ ਲਗਦਾ ਸੀ?

(ੳ) ਚਾਚਾ

(ਅ) ਪਿਤਾ

(ੲ) ਤਾਇਆ

(ਸ) ਭਰਾ

ਉੱਤਰ :– ਪਿਤਾ

11●. ਹੁਸ਼ਨਾਕ ਸਿੰਘ ਲਾਜ ਦਾ ਕੀ ਲਗਦਾ ਸੀ?

(ੳ) ਚਾਚਾ

(ਅ) ਫੁੱਫੜ

(ੲ) ਪਿਤਾ

(ਸ) ਤਾਇਆ

ਉੱਤਰ :– ਫੁੱਫੜ

111. ਅੰਤ ਵਿੱਚ ਕਿਸ ਦੀ ਮੌਤ ਹੋ ਜਾਂਦੀ ਹੈ?

(ੳ) ਕਿਸ਼ਨ ਸਿੰਘ

(ਅ) ਲਾਜ

(ੲ) ਵੀਰਾਂ ਵਾਲ਼ੀ

(ਸ) ਹੁਸ਼ਨਾਕ ਸਿੰਘ

ਉੱਤਰ :– ਲਾਜ

**ਕਹਾਣੀ–6 ਧਰਤੀ ਹੇਠਲਾ ਬਲ਼ਦ**

112. ਠੱਠੀ ਖਾਰਾ ਕਿਸ ਦਾ ਪਿੰਡ ਸੀ?

(ੳ) ਕਰਮ ਸਿੰਘ ਦਾ

(ਅ) ਲੇਖਕ ਦਾ

(ੲ) ਮਾਨ ਸਿੰਘ ਦਾ

(ਸ) ਜਸਵੰਤ ਸਿੰਘ ਦਾ

ਉੱਤਰ :– ਕਰਮ ਸਿੰਘ ਦਾ

113. ਡਾਕੀਆ ਕਿਸ ਦੀ ਪੈੱਨਸ਼ਨ ਦੇ ਕਾਗ਼ਜ਼ ਘਰ ਨੂੰ ਲੈ ਕੇ ਆਉਂਦਾ ਹੈ?

(ੳ) ਲੇਖਕ

(ਅ) ਕਰਮ ਸਿੰਘ

(ੲ) ਮਾਨ ਸਿੰਘ

(ਸ) ਬਾਪੂ

ਉੱਤਰ :– ਕਰਮ ਸਿੰਘ

114. ਘਰ ਵਾਲ਼ਿਆਂ ਨੂੰ ਮਾਨ ਸਿੰਘ ਤੋਂ ਕਰਮ ਸਿੰਘ ਦੇ ਮਾਰੇ ਜਾਣ ਦੀ ਖ਼ਬਰ ਕਿਸ ਨੇ ਛੁਪਾਉਣ ਲਈ ਕਿਹਾ?

(ੳ) ਲੇਖਕ

(ਅ) ਜਸਵੰਤ ਸਿੰਘ

(ੲ) ਬਾਪੂ

(ਸ) ਡਾਕੀਏ

ਉੱਤਰ :– ਬਾਪੂ

115. ਕਿਸ ਦੀ ਜੀਭ ਵਿੱਚ ਬੜਾ ਰਸ ਸੀ?

(ੳ) ਲੇਖਕ

(ਅ) ਮਾਨ ਸਿੰਘ ਦੀ

(ੲ) ਕਰਮ ਸਿੰਘ ਦੀ

(ਸ) ਜਸਵੰਤ ਸਿੰਘ ਦੀ

ਉੱਤਰ :– ਕਰਮ ਸਿੰਘ ਦੀ

ਕਹਾਣੀ–7 ਇੱਕ ਪੈਰ ਘੱਟ ਤੁਰਨਾ

116. ਰਸ਼ੀਦ ਦਾ ਪੁੱਤਰ ਕਿੱਥੇ ਗਿਆ ਸੀ?

(ੳ) ਅਮਰੀਕਾ

(ਅ) ਕਨੇਡਾ

(ੲ) ਲੰਦਨ

(ਸ) ਨਿਊਜ਼ੀਲੈਂਡ

ਉੱਤਰ :– ਅਮਰੀਕਾ

117. ਮਿਹਦੇ ਦਾ ਕੈਂਸਰ ਕਿਸ ਨੂੰ ਸੀ?

(ੳ) ਬੇਟਾ

(ਅ) ਫ਼ਰੀਦਾ

(ੲ) ਲੇਖਕ

(ਸ) ਰਸ਼ੀਦ

ਉੱਤਰ :- ਰਸ਼ੀਦ

118. ਬਹੁਤ ਸਾਰੇ ਕਬੂਤਰ ਕਿਸ ਨੇ ਪਾਲ਼ੇ ਹੋਏ ਸਨ?

(ੳ) ਰਸ਼ੀਦ

(ਅ) ਫ਼ਰੀਦਾ

(ੲ) ਰੇਸ਼ਮ

(ਸ) ਲੇਖਕ

ਉੱਤਰ :- ਰਸ਼ੀਦ

119. ਅਸਲਮ ਕਿਸ ਦਾ ਬੇਟਾ ਸੀ?

(ੳ) ਰੇਸ਼ਮ

(ਅ) ਲੇਖਕਾ

(ੲ) ਰਸ਼ੀਦ

(ਸ) ਜ਼ਹੀਰ

ਉੱਤਰ :- ਰਸ਼ੀਦ

ਇਕਾਂਗੀ-1 ਬੰਬ ਕੇਸ

12●. ਵੀਰਾਂ ਵਾਲੀ ਵਜ਼ੀਰੇ ਦੀ ਕੀ ਲਗਦੀ ਸੀ?

(ੳ) ਮਾਂ

(ਅ) ਭੈਣ

(ੲ) ਚਾਚੀ

(ਸ) ਭੂਆ

ਉੱਤਰ :- ਮਾਂ

121. ਟਾਂਗੇ ਦੇ ਬੰਬ ਕੌਣ ਬਣਾਉਂਦਾ ਸੀ?

(ੳ) ਵਜ਼ੀਰਾ

(ਅ) ਵੀਰਾਂ ਵਾਲੀ

(ੲ) ਦੀਪੋ ਨੂੰ

(ਸ) ਲੇਖਕ

ਉੱਤਰ :- ਵਜ਼ੀਰਾ

122. ਥਾਣੇਦਾਰ ਬੰਬ ਬਣਾਉਣ ਦੇ ਕੇਸ ਵਿੱਚ ਕਿਸ ਨੂੰ ਗਰਿਫ਼ਤਾਰ ਕਰਕੇ ਲੈ ਗਿਆ ਸੀ?

(ੳ) ਵਜ਼ੀਰੇ ਨੂੰ

(ਅ) ਕਰਨੈਲ ਸਿੰਘ ਨੂੰ

(ੲ) ਜਰਨੈਲ ਸਿੰਘ ਨੂੰ

(ਸ) ਦੀਪੋ

ਉੱਤਰ :- ਵਜ਼ੀਰੇ ਨੂੰ

**ਇਕਾਂਗੀ-2 ਨਾਇਕ**

123. 'ਨਾਇਕ' ਇਕਾਂਗੀ ਵਿੱਚ ਪਿਤਾ ਕਿੰਨਾ ਪੜ੍ਹਿਆ ਸੀ?

(ੳ) ਐੱਮ. ਏ.

(ਅ) ਮੈਟ੍ਰਿਕ

(ੲ) ਬੀ. ਏ.

(ਸ) ਪੀ-ਐੱਚ. ਡੀ.

ਉੱਤਰ :- ਮੈਟ੍ਰਿਕ

124. ਪਿਤਾ ਕਿਸ ਦੇ ਖ਼ਿਲਾਫ਼ ਸੀ?

(ੳ) ਨਸ਼ੇ ਦੇ

(ਅ) ਨਵੀਂ ਪੀੜ੍ਹੀ ਦੇ

(ੲ) ਟੀ. ਵੀ. ਦੇ

(ਸ) ਨੈੱਟ ਦੇ

ਉੱਤਰ :- ਨਵੀਂ ਪੀੜ੍ਹੀ ਦੇ

125. ਅਦਾਲਤ ਵਿੱਚ ਕੇਸ ਕੌਣ ਲੜਦਾ ਹੈ?

(ੳ) ਵਕੀਲ

(ਅ) ਡਾਕਟਰ

(ੲ) ਡਾਕੀਆ

(ਸ) ਚਪੜਾਸੀ

ਉੱਤਰ :- ਵਕੀਲ

**ਇਕਾਂਗੀ-3 ਸਮੁੰਦਰੋਂ ਪਾਰ**

126. ਹਰਦੇਵ ਬਾਜਵਾ ਦੀ ਦੂਜੀ ਪਤਨੀ ਦਾ ਨਾਂ ਲਿਖੋ।

(ੳ) ਬਿੰਦੂ

(ਅ) ਰਾਣੋ

(ੲ) ਮਰਸੀ

(ਸ) ਚੰਨੋ

ਉੱਤਰ :- ਮਰਸੀ

127. ਸੁਖਦੇਵ ਬਾਜਵਾ ਸ਼ਰਨਜੀਤ ਨੂੰ ਕਿੱਥੇ ਲੈ ਕੇ ਜਾਂਦਾ ਹੈ?

(ੳ) ਪੰਜਾਬ

(ਅ) ਇੰਗਲੈਂਡ

(ੲ) ਫ਼੍ਰਾਂਸ

(ਸ) ਅਮਰੀਕਾ

ਉੱਤਰ :- ਇੰਗਲੈਂਡ

128. ਵਿਦੇਸ਼ ਜਾਣ ਲਈ ਕਿਸ ਚੀਜ਼ ਦੀ ਲੋੜ ਪੈਂਦੀ ਹੈ?

(ੳ) ਆਧਾਰ ਕਾਰਡ

(ਅ) ਰਾਸ਼ਨ ਕਾਰਡ

(ੲ) ਨੀਲਾ ਕਾਰਡ

(ਸ) ਪਾਸਪੋਰਟ

ਉੱਤਰ :- ਪਾਸਪੋਰਟ

129. ਮੁਗ਼ਲਾਂ ਦਾ ਰਾਜਾ ਕਿਸ ਨੂੰ ਕਿਹਾ ਗਿਆ ਹੈ ਜਿਸ ਨੇ ਗੁਰੂ ਗੋਬਿੰਦ ਸਿੰਘ ਨਾਲ਼ ਲੜਾਈ ਕੀਤੀ ਸੀ?

(ੳ) ਔਰੰਗਜ਼ੇਬ

(ਅ) ਅਕਬਰ

(ੲ) ਸਲੀਮ

(ਸ) ਹੁੰਮਾਯੂੰ

ਉੱਤਰ :- ਔਰੰਗਜ਼ੇਬ

13●. ਕੀ ਪੜ੍ਹ ਕੇ ਔਰੰਗਜ਼ੇਬ ਪਛਤਾਵੇ ਨਾਲ਼ ਭਰ ਗਿਆ?

(ੳ) ਬਾਈਬਲ

(ਅ) ਗੁਰਬਾਣੀ

(ੲ) ਕੁਰਾਨ

(ਸ) ਜ਼ਫ਼ਰਨਾਮਾ

ਉੱਤਰ :- ਜ਼ਫ਼ਰਨਾਮਾ

131. ਜ਼ੀਨਤ-ਉਨ-ਨਿਸਾ ਕਿਸ ਦੀ ਪੁੱਤਰੀ ਸੀ?

(ੳ) ਅਕਬਰ

(ਅ) ਸ਼ਾਹੀ ਹਕੀਮ

(ੲ) ਔਰੰਗਜ਼ੇਬ

(ਸ) ਸਲੀਮ

ਉੱਤਰ :-ਔਰੰਗਜ਼ੇਬ

132. ਔਰੰਗਜ਼ੇਬ ਸ਼ਾਹੀ ਹਕੀਮ ਕੋਲ਼ੋਂ ਕਿਸ ਚੀਜ਼ ਦੀ ਦਵਾਈ ਮੰਗਦਾ ਹੈ?

(ੳ) ਬੁਖ਼ਾਰ

(ਅ) ਨੀਂਦ

(ੲ) ਜ਼ੁਕਾਮ

(ਸ) ਖਾਂਸੀ

ਉੱਤਰ :- ਨੀਂਦ

133. ਸ੍ਰੀ ਹਰਿਮੰਦਿਰ ਸਾਹਿਬ ਦੀ ਨੀਂਹ ਕਿਸ ਗੁਰੂ ਨੇ ਰਖਵਾਈ ਸੀ?

(ੳ) ਗੁਰੂ ਅਰਜਨ ਦੇਵ ਜੀ

(ਅ) ਗੁਰੂ ਨਾਨਕ ਦੇਵ ਜੀ

(ੲ) ਗੁਰੂ ਰਾਮਦਾਸ ਜੀ

(ਸ) ਗੁਰੂ ਗੋਬਿੰਦ ਸਿੰਘ ਜੀ

ਉੱਤਰ :- ਗੁਰੂ ਅਰਜਨ ਦੇਵ ਜੀ

134. ਮਨਜੀਤ ਕੌਰ ਦੀ ਸੱਸ ਦਾ ਨਾਂ ਕੀ ਸੀ?

(ੳ) ਬੰਸੋ

(ਅ) ਮਾਨਾ

(ੲ) ਨਿਹਾਲ ਕੌਰ

(ਸ) ਮਿਸਰ ਕੌਰ

ਉੱਤਰ :- ਨਿਹਾਲ ਕੌਰ

135. ਨਿਹਾਲ ਕੌਰ ਬੈਠੀ ਕਿਹੜਾ ਕੰਮ ਕਰਦੀ ਹੈ?

(ੳ) ਬੁਣਾਈ ਦਾ

(ਅ) ਚਰਖਾ ਕੱਤਣ ਦਾ

(ੲ) ਸਿਲਾਈ ਦਾ

(ਸ) ਫੁਲਕਾਰੀ ਕੱਢਣ ਦਾ

ਉੱਤਰ :- ਸਿਲਾਈ ਦਾ

136. ਸੁਖਦੇਵ ਕੌਰ ਨਿਹਾਲ ਕੌਰ ਦੀ ਕੀ ਲਗਦੀ ਹੈ?

(ੳ) ਮਾਤਾ

(ਅ) ਧੀ

(ੲ) ਚਾਚੀ

(ਸ) ਭੈਣ

ਉੱਤਰ :- ਧੀ

137. ਡਾਕੀਆ ਕਿਸ ਦੀ ਚਿੱਠੀ ਲੈ ਕੇ ਆਉਂਦਾ ਹੈ?

(ੳ) ਨਿਹਾਲ ਕੌਰ ਦੀ ਧੀ ਦੀ

(ਅ) ਨਿਹਾਲ ਕੌਰ ਦੀ ਭਰਜਾਈ ਦੀ

(ੲ) ਮਨਜੀਤ ਦੀ ਮਾਂ ਦੀ

(ਸ) ਮਨਜੀਤ ਦੀ ਭੈਣ ਦੀ

ਉੱਤਰ :- ਨਿਹਾਲ ਕੌਰ ਦੀ ਧੀ ਦੀ

138. ਮਨਜੀਤ ਦੇ ਕਿੰਨੇ ਬੱਚੇ ਸਨ?

(ੳ) ਇੱਕ

(ਅ) ਦੋ

(ੲ) ਕੋਈ ਨਹੀਂ

(ਸ) ਤਿੰਨ

ਉੱਤਰ :- ਕੋਈ ਨਹੀਂ

**ਨਾਵਲ-ਇੱਕ ਹੋਰ ਨਵਾਂ ਸਾਲ**

139. 'ਇੱਕ ਹੋਰ ਨਵਾਂ ਸਾਲ' ਨਾਵਲ ਦੀਆਂ ਘਟਨਾਵਾਂ ਕਿਸ ਦਿਨ ਵਾਪਰਦੀਆਂ ਹਨ?

(ੳ) ਨਵੇਂ ਸਾਲ ਦੇ ਪਹਿਲੇ ਦਿਨ

(ਅ) ਨਵੇਂ ਸਾਲ ਦੇ ਦੂਜੇ ਦਿਨ

(ੲ) ਨਵੇਂ ਸਾਲ ਤੋਂ ਇੱਕ ਦਿਨ ਪਹਿਲਾਂ

(ਸ) ਨਵੇਂ ਸਾਲ ਤੋਂ ਦੋ ਦਿਨ ਪਹਿਲਾਂ

ਉੱਤਰ :- ਨਵੇਂ ਸਾਲ ਪਹਿਲੇ ਦਿਨ

14●. ਬੰਤਾ ਤਾਰੋ ਨੂੰ ਸਵੇਰੇ-ਸਵੇਰੇ ਕੀ ਪੀਣ ਲਈ ਕਹਿੰਦਾ ਹੈ?

(ੳ) ਬੈੱਡ-ਟੀ

(ਅ) ਲੱਸੀ

(ੲ) ਦੁੱਧ

(ਸ) ਦਵਾਈ

ਉੱਤਰ :- ਬੈੱਡ-ਟੀ

141. ਬੰਤਾ ਪੜ੍ਹਨ ਤੋਂ ਕਿਉਂ ਹਟ ਗਿਆ ਸੀ?

(ੳ) ਪਿਤਾ ਦੀ ਮੌਤ ਕਰਕੇ

(ਅ) ਕਰਜ਼ੇ ਕਰਕੇ

(ੲ) ਗ਼ਰੀਬੀ ਕਰਕੇ

(ਸ) ਬਿਮਾਰੀ ਕਰਕੇ

ਉੱਤਰ :- ਪਿਤਾ ਦੀ ਮੌਤ ਕਰਕੇ

142. ਦਰਬਾਰ ਸਾਹਿਬ ਜਾਣ ਵਾਲ਼ੀਆਂ ਸਵਾਰੀਆਂ ਨੇ ਬੰਤੇ ਨੂੰ ਕਿੰਨੇ ਪੈਸੇ ਦੇਣੇ ਮੰਨੇ?

(ੳ) ਚਾਰ ਆਨੇ

(ਅ) ਅੱਠ ਆਨੇ

(ੲ) 12 ਆਨੇ

(ਸ) ਦੋ ਆਨੇ

ਉੱਤਰ :- ਅੱਠ ਆਨੇ

143. ਬੰਤਾ 'ਸੋਨੇ ਦੀ ਚਿੜੀ' ਕਿਸ ਨੂੰ ਕਹਿੰਦਾ ਹੈ?

(ੳ) ਅੰਮ੍ਰਿਤਸਰ

(ਅ) ਲਾਹੌਰ

(ੲ) ਭਾਰਤ

(ਸ) ਪਾਕਿਸਤਾਨ

ਉੱਤਰ :- ਭਾਰਤ

144. ਬੰਤੇ ਦੇ ਮੁੰਡੇ ਦਾ ਕੀ ਨਾਂ ਸੀ?

(ੳ) ਮਹੇਸ਼ੀ

(ਅ) ਡੁੰਮਣ

(ੲ) ਸਰਦਾਰਾ

(ਸ) ਰਮਨ

ਉੱਤਰ :- ਡੁੰਮਣ

145. ਤਾਰੋ ਨੇ ਚਾਹ ਵਿੱਚ ਕੀ ਪਾਇਆ?

(ੳ) ਚੀਨੀ

(ਅ) ਗੁੜ

(ੲ) ਅਦਰਕ

(ਸ) ਸੌਂਫ

ਉੱਤਰ :- ਗੁੜ

146. ਤਾਰੋ ਬੰਤੇ ਦੀ ਕੀ ਲਗਦੀ ਸੀ?

(ੳ) ਮਾਂ

(ਅ) ਪਤਨੀ

(ੲ) ਭੈਣ

(ਸ) ਧੀ

**ਉੱਤਰ :- ਪਤਨੀ**

147. ਕ੍ਰਿਸ਼ਨ ਦੀ ਬੰਸਰੀ ਕਿਸ ਚੀਜ਼ ਦੀ ਸੀ?

(ੳ) ਚਾਂਦੀ ਦੀ

(ਅ) ਸੋਨੇ ਦੀ

(ੲ) ਲੱਕੜੀ ਦੀ

(ਸ) ਬਾਂਸ ਦੀ।

**ਉੱਤਰ :- ਸੋਨੇ ਦੀ**

148. ਬੰਤਾ ਕਿੰਨਾ ਪੜ੍ਹਿਆ ਸੀ?

(ੳ) ਚਾਰ

(ਅ) ਪੰਜ

(ੲ) ਦਸ

(ਸ) ਅੱਠ

**ਉੱਤਰ :- ਚਾਰ**

149. ਬੰਤੇ ਦੀ ਸਭ ਤੋਂ ਛੋਟੀ ਕੁੜੀ ਦੀ ਉਮਰ ਕਿੰਨੀ ਸੀ?

(ੳ) ਤਿੰਨ ਸਾਲ

(ਅ) ਚਾਰ ਸਾਲ

(ੲ) ਦੋ ਸਾਲ

(ਸ) ਪੰਜ ਸਾਲ

ਉੱਤਰ :- ਤਿੰਨ ਸਾਲ

## ਪ੍ਰਸ਼ਨ-ਪੱਤਰ ਅਨੁਸਾਰ ਪ੍ਰਸ਼ਨ-5 ਤੋਂ 8 ਨਾਲ ਸੰਬੰਧਿਤ ਪ੍ਰਸ਼ਨ

**(ਤਿੰਨ ਅੰਕ)**

**(ਅ) ਖ਼ਾਲੀ ਥਾਂਵਾਂ ਵਿੱਚ ਢੁਕਵੇਂ ਸ਼ਬਦ ਭਰੋ**

**ਗੁਰੂ ਨਾਨਕ ਦੇਵ ਜੀ**

1. "ਗਗਨ ਮੈ ਥਾਲੁ" ਕਵਿਤਾ ___________ਦੀ ਰਚਨਾ ਹੈ। (ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ)

ਉੱਤਰ :-ਗੁਰੂ ਨਾਨਕ ਦੇਵ ਜੀ।

2. 'ਭਵ ਖੰਡਨਾ ਪਰਮਾਤਮਾ ਦੀ ਆਰਤੀ' ਵਿੱਚ ਗਗਨ ___________ਹੈ। (ਪਰਬਤ, ਥਾਲ਼)

ਉੱਤਰ :- ਥਾਲ।

3. ਗੁਰੂ ਨਾਨਕ ਦੇਵ ਜੀ ਨੇ __________ਧਰਮ ਦੀ ਨੀਂਹ ਰੱਖੀ। (ਹਿੰਦੂ, ਸਿੱਖ)

ਉੱਤਰ :-ਸਿੱਖ।

**ਗੁਰੂ ਅਮਰਦਾਸ ਜੀ**

4. ਗੁਰੂ ਅਮਰਦਾਸ ਜੀ ਨੇ __________ਰਾਗਾਂ ਵਿੱਚ ਬਾਣੀ ਰਚੀ। (7,17)

ਉੱਤਰ :- 17

5. ਗੁਰੂ ਅਮਰਦਾਸ ਜੀ ਦੀ ਪ੍ਰਸਿੱਧ ਬਾਣੀ __________ ਹੈ। (ਅਨੰਦ ਸਾਹਿਬ, ਏ ਸਰੀਰਾ ਮੇਰਿਆ)

ਉੱਤਰ :-ਅਨੰਦ ਸਾਹਿਬ

**ਗੁਰੂ ਅਰਜਨ ਦੇਵ ਜੀ**

6. ਗੁਰੂ ਅਰਜਨ ਦੇਵ ਜੀ ਸਿੱਖਾਂ ਦੇ __________ਗੁਰੂ ਸਨ। (ਪੰਜਵੇਂ, ਛੇਵੇਂ)

ਉੱਤਰ :- ਪੰਜਵੇਂ

7. ਸੁਖਮਨੀ ਸਾਹਿਬ ਗੁਰੂ __________ਦੀ ਬਾਣੀ ਹੈ। (ਗੁਰੂ ਅਮਰਦਾਸ ਜੀ, ਗੁਰੂ ਅਰਜਨ ਦੇਵ ਜੀ)

ਉੱਤਰ :-ਗੁਰੂ ਅਰਜਨ ਦੇਵ ਜੀ।

**ਭਾਈ ਗੁਰਦਾਸ ਜੀ**

8. ________ਦੀਆਂ ਰਚਨਾਵਾਂ ਨੂੰ "ਗੁਰਬਾਣੀ ਦੀ ਕੁੰਜੀ" ਕਿਹਾ ਜਾਂਦਾ ਹੈ। (ਭਾਈ ਗੁਰਦਾਸ ਜੀ, ਸ਼ੇਖ਼ ਫ਼ਰੀਦ ਜੀ)

ਉੱਤਰ :-ਭਾਈ ਗੁਰਦਾਸ ਜੀ।

9. ਸ਼ੇਖ਼ ਫ਼ਰੀਦ ਜੀ ਦੇ __________ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ। (ਦੋ, ਚਾਰ)

ਉੱਤਰ :- ਚਾਰ।

10. ਸ਼ੇਖ਼ ਫ਼ਰੀਦ ਜੀ __________ਕਾਵਿ-ਧਾਰਾ ਦੇ ਕਵੀ ਹਨ। (ਗੁਰਮਤਿ, ਸੂਫ਼ੀ)

ਉੱਤਰ :- ਸੂਫ਼ੀ।

**ਸ਼ਾਹ ਹੁਸੈਨ**

11. ਸਾਈਂ ਜਿਨ੍ਹਾਂਦੜੇ ਵਲਿ __________ਦੀ ਰਚਨਾ ਹੈ। (ਸ਼ਾਹ ਹੁਸੈਨ, ਕਾਦਰਯਾਰ)

ਉੱਤਰ :-ਸ਼ਾਹ ਹੁਸੈਨ

12. "ਆਪਿ ਨੂੰ ਪਛਾਣੁ" ਕਾਫ਼ੀ __________ਨੂੰ ਸੰਬੋਧਿਤ ਹੈ। (ਰੱਬ, ਬੰਦੇ)

ਉੱਤਰ :-ਬੰਦੇ

13. ਸ਼ਾਹ ਹੁਸੈਨ ਨੇ ਕੁੱਲ __________ਕਾਫ਼ੀਆਂ ਰਚੀਆਂ। (160, 162)

ਉੱਤਰ :–162

**ਬੁੱਲ੍ਹੇ ਸ਼ਾਹ**

14. ਬੁੱਲ੍ਹੇ ਸ਼ਾਹ ਆਪਣੇ–ਆਪ ਨੂੰ __________ਦੀਆਂ ਰੀਤਾਂ ਦਾ ਪਾਬੰਦ ਨਹੀਂ ਮੰਨਦਾ। (ਕੁਫ਼ਰ, ਇਸ਼ਕ)

ਉੱਤਰ :– ਕੁਫ਼ਰ।

15. ਇਸ਼ਕ ਦਾ ਸਬਕ ਪੜ੍ਹਨ ਨਾਲ਼ ਮਹਿਰਮ ਯਾਰ ________ਮਿਲ਼ ਪਿਆ। (ਮਸੀਤ ਵਿੱਚ, ਹਿਰਦੇ ਰੂਪੀ ਘਰ ਵਿੱਚ)

ਉੱਤਰ :– ਹਿਰਦੇ ਰੂਪੀ ਘਰ ਵਿੱਚ।

16. ਬੁੱਲ੍ਹੇ ਨਾਲ਼ੋਂ __________ਚੰਗਾ। (ਚੁੱਲ੍ਹਾ, ਕਾਜ਼ੀ)

ਉੱਤਰ :– ਚੁੱਲ੍ਹਾ।

ਪੀਲੂ

17. ਸਾਹਿਬਾਂ ਤੇ ਮਿਰਜ਼ਾ __________ਪੜ੍ਹਦੇ ਸਨ। (ਗੁਰਦੁਆਰੇ ਵਿੱਚ, ਮਸੀਤ ਵਿੱਚ)

ਉੱਤਰ :–ਮਸੀਤ ਵਿੱਚ।

18. 'ਪੀਲੂ ਨੇ ਛੈਲ ਹੋਈ ਮੁਟਿਆਰ' ਸ਼ਬਦ __________ਲਈ ਵਰਤੇ ਹਨ। (ਸਾਹਿਬਾਂ, ਹੀਰ)

ਉੱਤਰ :– ਸਾਹਿਬਾਂ।

19. ਮਿਰਜ਼ੇ ਦੀ ਮੌਤ __________ਦੀ ਅਣਹੋਂਦ ਕਾਰਨ ਹੋਈ। (ਭਰਾਵਾਂ, ਤੀਰਾਂ)

ਉੱਤਰ :– ਭਰਾਵਾਂ।

2●. ਮਿਰਜ਼ੇ ਨੂੰ __________ਦਾ ਹੰਕਾਰ ਸੀ। (ਆਪਣੀ ਤਾਕਤ, ਆਪਣੇ ਭਰਾਵਾਂ)

ਉੱਤਰ :– ਆਪਣੀ ਤਾਕਤ।

**ਵਾਰਿਸ ਸ਼ਾਹ**

21. ਵਾਰਿਸ ਸ਼ਾਹ ਨੇ __________ਕਿੱਸਾ ਲਿਖਿਆ। (ਹੀਰ ਰਾਂਝਾ, ਮਿਰਜ਼ ਸਾਹਿਬਾਂ)

ਉੱਤਰ :– ਹੀਰ ਰਾਂਝਾ।

22. __________ਪਿੰਡ ਧਰਤੀ ਦਾ ਬਹਿਸ਼ਤ ਸੀ। (ਤਖ਼ਤ ਹਜ਼ਾਰਾ, ਸ਼ਾਹਪੁਰ)

ਉੱਤਰ :– ਤਖ਼ਤ ਹਜ਼ਾਰਾ

23. ਰਾਂਝਾ ਅੱਧੀ ਰਾਤ ਨੂੰ ਮਸੀਤ ਵਿੱਚ __________ਵਜਾਉਣ ਲੱਗਾ। (ਰਬਾਬ, ਵੰਝਲ਼ੀ)

ਉੱਤਰ :– ਵੰਝਲ਼ੀ।

24. ਵਾਰਿਸ ਸ਼ਾਹ ਨੂੰ __________ਸਿੱਕ ਸੀ। (ਪਿਆਰੇ ਦੇ ਮਿਲ਼ਾਪ ਦੀ, ਮਿੱਤਰ ਦੇ ਮਿਲ਼ਾਪ ਦੀ)

ਉੱਤਰ :-ਪਿਆਰੇ ਦੇ ਮਿਲ਼ਾਪ ਦੀ।

**ਹਾਸ਼ਮ ਸ਼ਾਹ**

25. ਸੱਸੀ ਦਾ ਰਸਤਾ __________ਵਿੱਚੋਂ ਲੰਘ ਰਿਹਾ ਸੀ। (ਦਰਿਆ, ਤਪਦੇ ਮਾਰੂਥਲ)

ਉੱਤਰ :- ਤਪਦੇ ਮਾਰੂਥਲ।

26. ਹਾਸ਼ਮ ਨੇ ਤਪਦੇ ਮਾਰੂਥਲ ਨੂੰ __________ਦਾ ਦਰਿਆ ਕਿਹਾ ਹੈ। (ਪਾਣੀ ਦਾ, ਅੱਗ ਦਾ)

ਉੱਤਰ :- ਅੱਗ ਦਾ।

27. ਸੱਸੀ ਨੇ ਆਪਣਾ ਸਿਰ __________ਖੁਰ ਉੱਤੇ ਰੱਖ ਦਿੱਤਾ। (ਡਾਚੀ ਦੇ, ਘੋੜੇ ਦੇ)

ਉੱਤਰ :- ਡਾਚੀ ਦੇ।

**ਕਾਦਰਯਾਰ**

28. ਕਾਦਰਯਾਰ ਨੇ ਕਿੱਸਾ __________ਲਿਖਿਆ। (ਪੂਰਨ ਭਗਤ, ਮਿਰਜ਼ਾ ਸਾਹਿਬਾਂ)

ਉੱਤਰ :- ਪੂਰਨ ਭਗਤ।

29. ਪੂਰਨ ਦੇ ਬਾਪ ਦਾ ਨਾਂ __________ਸੀ। (ਸਲਵਾਨ, ਬਿੰਝਲ)

ਉੱਤਰ :- ਸਲਵਾਨ

3●. ਪੂਰਨ ਨੂੰ __________ਪਾ ਦਿੱਤਾ ਗਿਆ। (ਭੋਰੇ, ਘਰ)

ਉੱਤਰ :- ਭੋਰੇ।

31. ਅੰਨ੍ਹੀ ਮਾਂ ਨੇ ਪੂਰਨ ਨੂੰ __________ਤੋਂ ਪਛਾਣਿਆ। (ਕੱਪੜਿਆਂ, ਅਵਾਜ਼)

ਉੱਤਰ :- ਅਵਾਜ਼ ।

**ਗੁਰੂ ਗੋਬਿੰਦ ਸਿੰਘ ਜੀ**

32. __________ਗੁਰੂ ਗੋਬਿੰਦ ਸਿੰਘ ਦੀ ਰਚਨਾ ਹੈ। (ਅਨੰਦ ਸਾਹਿਬ, ਚੰਡੀ ਵਾਰ)

ਉੱਤਰ :- ਚੰਡੀ ਦੀ ਵਾਰ

33. "ਚੰਡੀ ਦੀ ਵਾਰ" ਵਿੱਚ __________ਦੇਵੀ ਨੂੰ ਜਗਤ-ਮਾਤਾ ਕਿਹਾ ਗਿਆ ਹੈ। (ਦੁਰਗਾ, ਸਤੀ)

ਉੱਤਰ :- ਦੁਰਗਾ।

34. ਗੁਰੂ ਗੋਬਿੰਦ ਸਿੰਘ ਜੀ __________ਕਾਵਿ-ਧਾਰਾ ਦੇ ਕਵੀ ਸਨ। (ਬੀਰ, ਸੂਫ਼ੀ)

ਉੱਤਰ :- ਬੀਰ।

35. ਗੁਰੂ ਗੋਬਿੰਦ ਸਿੰਘ ਜੀ ਨੇ __________ਪੰਥ ਦੀ ਸਥਾਪਨਾ ਕੀਤੀ। (ਖ਼ਾਲਸਾ, ਬੁੱਧ)

ਉੱਤਰ :– ਖ਼ਾਲਸਾ

**ਸ਼ਾਹ ਮੁਹੰਮਦ**

36. ਸਰਦਾਰਾਂ ਦੇ ਛੈਲ-ਬਾਂਕੇ ਪੁੱਤਰ __________ਸਨ। (ਹਾਥੀਆਂ ਵਰਗੇ, ਸ਼ੇਰਾਂ ਵਰਗੇ)

ਉੱਤਰ :– ਸ਼ੇਰਾਂ ਵਰਗੇ।

37. ਮਝੈਲ/ਦੁਆਬੀਏ/ਜੰਬੂਰਖਾਨਾ __________ਫ਼ੌਜਾਂ ਵਿੱਚ ਸ਼ਾਮਲ ਸਨ। (ਸਿੱਖ, ਗੋਰਖਾ)

ਉੱਤਰ :– ਸਿੱਖ।

38. "ਜੰਗ ਦਾ ਹਾਲ" ਵਿੱਚ __________ਲੜਾਈ ਦਾ ਜ਼ਿਕਰ ਹੈ। (ਫੇਰੂ ਸ਼ਹਿਰ ਦੀ, ਪਿਸ਼ਾਵਰ ਦੀ)

ਉੱਤਰ :– ਫੇਰੂ ਸ਼ਹਿਰ ਦੀ।

39. ਸ਼ਾਹ ਮੁਹੰਮਦ ਸਿੱਖ-ਫ਼ੌਜ ਦੀ ਹਾਰ ਦਾ ਕਾਰਨ __________ਦੀ ਅਣਹੋਂਦ ਨੂੰ ਸਮਝਦਾ ਹੈ। (ਮਹਾਰਾਜ ਰਣਜੀਤ ਸਿੰਘ, ਅਸਲੇ ਦੀ)

ਉੱਤਰ :– ਮਹਾਰਾਜਾ ਰਣਜੀਤ ਸਿੰਘ

4●. __________ ਨੂੰ ਪੰਜਾਬ ਦਾ ਕੌਮੀ ਕਵੀ ਕਿਹਾ ਜਾਂਦਾ ਹੈ। (ਕਾਦਰਯਾਰ, ਸ਼ਾਹ ਮੁਹੰਮਦ)

ਉੱਤਰ :– ਸ਼ਾਹ ਮੁਹੰਮਦ

**ਵਾਰਤਕ-ਭਾਗ**

41. ਗੁਰੂ ਜੀ ਨੂੰ ਹਿੰਦੂ-ਮੁਸਲਮਾਨ (ਲੋਕ) __________ਕਹਿ ਰਹੇ ਸਨ। (ਕੁਰਾਹੀਆ, ਗੁਰੂ)

ਉੱਤਰ :– ਕੁਰਾਹੀਆ।

42. ਲੋਕ ਮਰਦਾਨੇ ਨੂੰ __________ਕਹਿ ਰਹੇ ਸਨ। (ਭਗਤ, ਕੁਰਾਹੀਏ ਦਾ ਡੂੰਮ)

ਉੱਤਰ :– ਕੁਰਾਹੀਏ ਦਾ ਡੂੰਮ।

43. ਮਰਦਾਨੇ ਨੇ ਬੀਬੀ ਤੋਂ __________ ਰੁਪਏ ਲਏ। (ਸੱਤ, ਵੀਹ)

ਉੱਤਰ :– ਸੱਤ।

44. ਗੁਰੂ ਜੀ ਨੂੰ __________ਸਾਜ਼ ਪਸੰਦ ਸੀ। (ਵੀਣਾ, ਰਬਾਬ)

ਉੱਤਰ :– ਰਬਾਬ ।

**ਘਰ ਦਾ ਪਿਆਰ**

45. ਮਨੁੱਖ ਦਾ ਆਚਰਨ __________ਵਿੱਚ ਬਣਦਾ ਹੈ। (ਘਰ, ਸਮਾਜ)

ਉੱਤਰ :– ਘਰ ।

46. ਗੁਰੂ ਨਾਨਕ ਦੇਵ ਜੀ ਦੀ ਮਾਤਾ ਦਾ ਨਾਂ __________ ਸੀ। (ਤ੍ਰਿਪਤਾ ਜੀ, ਸੁਲੱਖਣੀ ਜੀ)

ਉੱਤਰ :– ਤ੍ਰਿਪਤਾ ਜੀ।

47. __________ ਗੁਰੂ ਜੀ ਨੂੰ ਪਿਤਾ ਦੀਆਂ ਚਪੇੜਾਂ ਤੋਂ ਬਚਾਇਆ ਸੀ। (ਭੈਣ ਬੀਬੀ ਨਾਨਕੀ ਨੇ, ਮਰਦਾਨੇ ਨੇ)

ਉੱਤਰ :– ਭੈਣ ਬੀਬੀ ਨਾਨਕੀ ਨੇ।

**ਬੋਲੀ**

48. __________ ਮਨੁੱਖ ਦੇ ਸਰੀਰ ਦਾ ਚਿੱਤਰ ਹੈ। (ਮੂੰਹ, ਬੋਲੀ)

ਉੱਤਰ :– ਮੂੰਹ ।

49. __________ ਮਨੁੱਖ ਦੀ ਆਤਮਾ ਦਾ ਚਿੱਤਰ ਹੈ। (ਬੋਲੀ, ਸਰੀਰ)

ਉੱਤਰ :– ਬੋਲੀ ।

5●. ਗੁਰਬਖ਼ਸ਼ ਸਿੰਘ ਨੇ __________ ਨਾਂ ਦਾ ਮਾਸਿਕ ਪੱਤਰ ਕੱਢਿਆ। (ਫੁਲਵਾੜੀ, ਪ੍ਰੀਤਲੜੀ)

ਉੱਤਰ :– ਪ੍ਰੀਤਲੜੀ ।

**ਪ੍ਰਾਰਥਨਾ**

51. __________ ਨੂੰ ਦੁਨੀਆ ਦਾ ਸਭ ਤੋਂ ਸਿਆਣਾ ਆਦਮੀ ਗਿਣਿਆ ਜਾਂਦਾ ਹੈ। (ਸੁਕਰਾਤ, ਮਨੂੰ)

ਉੱਤਰ :– ਸੁਕਰਾਤ

52. ਸੁਕਰਾਤ ਨੇ ਸ਼ਰਬਤ ਵਾਂਗ __________ ਪੀਤਾ ਸੀ। (ਅੰਮ੍ਰਿਤ, ਜ਼ਹਿਰ ਦਾ ਪਿਆਲਾ)

ਉੱਤਰ :– ਜ਼ਹਿਰ ਦਾ ਪਿਆਲਾ।

53. __________ ਧਰਮ ਵਿੱਚ ਅਰਦਾਸ ਦੀ ਖ਼ਾਸ ਅਹਿਮੀਅਤ ਹੈ। (ਸਿੱਖ, ਹਿੰਦੂ)

ਉੱਤਰ :– ਸਿੱਖ ।

54. ਖ਼ਾਲਸਾ ਟ੍ਰੈਕਟ ਸੁਸਾਇਟੀ ਦੇ ਪਹਿਲੇ ਟ੍ਰੈਕਟ ਦਾ ਨਾਂ __________ ਸੀ। (ਪ੍ਰਾਰਥਨਾ, ਅਰਦਾਸ)

ਉੱਤਰ :– ਪ੍ਰਾਰਥਨਾ।

55. ਸਿੱਖਾਂ ਦੀ ਅਰਦਾਸ ਵਿੱਚ __________ ਦੀ ਮੰਗ ਹੁੰਦੀ ਹੈ। (ਸਰਬੱਤ ਦੇ ਭਲੇ, ਆਪ ਦੇ ਭਲੇ)

ਉੱਤਰ :– ਸਰਬੱਤ ਦੇ ਭਲੇ।

**ਬਾਬਾ ਰਾਮ ਸਿੰਘ ਕੂਕਾ**

56. ਬਾਬਾ __________ ਬੋਲੀ ਦਾ ਸ਼ਬਦ ਹੈ। (ਫ਼ਾਰਸੀ, ਅਰਬੀ)

ਉੱਤਰ :– ਅਰਬੀ ।

57. ਬਾਬਾ ਰਾਮ ਸਿੰਘ ਦੇ ਪੈਰੋਕਾਰ __________ ਅਖਵਾਉਂਦੇ ਹਨ। (ਸਤਿਸੰਗੀ, ਕੂਕੇ)

ਉੱਤਰ :- ਕੂਕੇ।

58. ਬਾਬਾ ਰਾਮ ਸਿੰਘ ਨੂੰ ਦੇਸ-ਨਿਕਾਲ਼ਾ ਦੇ ਕੇ __________ ਭੇਜ ਦਿੱਤਾ। (ਰੰਗੂਨ, ਸਿੰਗਾਪੁਰ)

ਉੱਤਰ :- ਰੰਗੂਨ।

**ਮਹਾਂਕਵੀ ਕਾਲੀਦਾਸ**

59. ਕਾਲੀਦਾਸ ਬਾਦਸ਼ਾਹ __________ ਦੇ ਨੌ ਰਤਨਾਂ ਵਿੱਚੋਂ ਇੱਕ ਸੀ। (ਅਸ਼ੋਕ, ਬਿਕ੍ਰਮਾਜੀਤ)

ਉੱਤਰ :- ਬਿਕ੍ਰਮਾਜੀਤ।

60. ______ "ਅਭਿਗਿਆਨ ਸ਼ਕੁੰਤਲਾ"ਦੇ ਨਾਇਕ-ਨਾਇਕਾ ਹਨ। (ਦੁਸ਼ਯੰਤ ਅਤੇ ਸ਼ਕੁੰਤਲਾ, ਹੀਰ ਅਤੇ ਰਾਂਝਾ)

ਉੱਤਰ :- ਦੁਸ਼ਯੰਤ ਅਤੇ ਸ਼ਕੁੰਤਲਾ।

61. _________ ਹਿੰਦੁਸਤਾਨ ਦਾ ਸ਼ੈਕਸਪੀਅਰ ਕਿਹਾ ਜਾਂਦਾ ਹੈ। (ਮਹਾਂਕਵੀ ਕਾਲੀਦਾਸ ਨੂੰ, ਸ. ਕਪੂਰ ਸਿੰਘ ਨੂੰ)

ਉੱਤਰ :- ਮਹਾਂਕਵੀ ਕਾਲੀਦਾਸ ਨੂੰ।

**ਮੇਰੇ ਵੱਡੇ ਵਡੇਰੇ**

62. ਪਹਿਲਵਾਨ ਨੇ ਬਾਬਿਆਂ ਦੀ ਭੈਣ ਨੂੰ __________ ਭੇਂਟ ਕੀਤਾ। (ਨਜ਼ਰਾਨਾ, ਮੁਗਦਰ)

ਉੱਤਰ :- ਨਜ਼ਰਾਨਾ।

63. ਸਾਰੇ ਬਾਬੇ __________ ਖਾਣ ਲਈ ਬੈਠ ਗਏ। (ਕੜਾਹ, ਰੋਟੀ)

ਉੱਤਰ :- ਕੜਾਹ।

64. ਬਾਬਾ __________ ਅਖਾੜੇ ਦੇ ਇੱਕ ਪਾਸੇ ਖੇਸ ਦੀ ਬੁੱਕਲ਼ ਮਾਰੀ ਬੈਠਾ ਸੀ। (ਪੁੰਨੂੰ, ਦਾਸ)

ਉੱਤਰ :- ਪੁੰਨੂੰ।

**ਤੁਰਨ ਦਾ ਹੁਨਰ**

65. __________ ਦੀ ਆਦਤ ਕਾਰਨ ਬਿਮਾਰੀ ਨਹੀਂ ਲੱਗਦੀ। (ਸੌਣ, ਤੁਰਨ)

ਉੱਤਰ :- ਤੁਰਨ ।

66. __________ ਦੀ ਸੈਰ ਸਭ ਤੋਂ ਚੰਗੀ ਮੰਨੀ ਜਾਂਦੀ ਹੈ। (ਪਾਣੀ ਦੇ ਕਿਨਾਰੇ, ਦੁਪਹਿਰ)

ਉੱਤਰ :- ਪਾਣੀ ਦੇ ਕਿਨਾਰੇ।

67. _________ ਦਾ ਸੱਭਿਆਚਾਰ ਦਰਿਆਵਾਂ ਨਾਲ਼ ਨਿਰੰਤਰ ਵਹਿਣ ਵਾਲ਼ਾ ਸੱਭਿਆਚਾਰ ਹੈ। (ਪੰਜਾਬ, ਭਾਰਤ)

ਉੱਤਰ :- ਪੰਜਾਬ ।

68. ਤੁਰਨ ਨਾਲ਼ ਮਨ ਵਿੱਚ __________ ਉਪਜਦਾ ਹੈ। (ਸ੍ਵੈਵਿਸ਼ਵਾਸ)

ਉੱਤਰ :- ਸ੍ਵੈਵਿਸ਼ਵਾਸ ।

69. ਤੁਰਨ ਨਾਲ਼ ਨਿਗੁਣੀਆਂ ਚੀਜ਼ਾਂ __________ ਲੱਗਣ ਲੱਗ ਪੈਂਦੀਆਂ ਹਨ। (ਸੁੰਦਰ, ਕੋਮਲ)

ਉੱਤਰ :- ਸੁੰਦਰ ।

## ਵੰਨਗੀ : ਕਹਾਣੀ-ਭਾਗ

**ਕੁਲਫ਼ੀ**

70. ਕੁਲਫ਼ੀ ਕਹਾਣੀ ਦੀ ਘਟਨਾ __________ ਮਹੀਨੇ ਵਾਪਰਦੀ ਹੈ। (ਜੂਨ, ਜੁਲਾਈ)

ਉੱਤਰ :- ਜੂਨ ।

71. ਸ਼ਾਹਾਂ ਦਾ ਮੁੰਡਾ __________ ਕਹਾਣੀ ਦਾ ਪਾਤਰ ਹੈ। (ਕੁਲਫ਼ੀ, ਅੰਗ-ਸੰਗ)

ਉੱਤਰ :- ਕੁਲਫ਼ੀ।

72. ਕਾਕਾ ਅਸਮਾਨ ਦੇ ਤਾਰਿਆਂ ਨੂੰ __________ ਸਮਝਦਾ ਸੀ। (ਰੁਪਏ, ਦੀਵੇ)

ਉੱਤਰ :- ਰੁਪਏ ।

73. 'ਬੁਲੀ' __________ ਦਾ ਮੁੰਡਾ ਸੀ। (ਸ਼ਾਹਾਂ ਦਾ, ਮਸੱਦੀ ਰਾਮ ਦਾ)

ਉੱਤਰ :- ਸ਼ਾਹਾਂ ਦਾ ।

**ਮੜ੍ਹੀਆਂ ਤੋਂ ਦੂਰ**

74. ਬਲਵੰਤ ਰਾਏ __________ ਵਿੱਚ ਰਹਿੰਦਾ ਸੀ। (ਇੰਗਲੈਂਡ, ਰਾਵਲਪਿੰਡੀ)

ਉੱਤਰ :- ਇੰਗਲੈਂਡ ।

75. ਮਾਸੀ ਦੇ ਵਾਲ਼, ਅੱਖਾਂ ਅਤੇ ਦੰਦ __________ ਮੁਟਿਆਰ ਵਰਗੇ ਸਨ। (ਨੀਗਰੋ, ਮੇਮ)

ਉੱਤਰ :- ਨੀਗਰੋ ।

76. ਹਿੰਦੂ ਆਪਣੇ ਇੱਕ ਲੜਕੇ ਨੂੰ __________ ਬਣਾਉਂਦੇ ਸਨ। (ਸਾਧੂ, ਸਿੱਖ)

ਉੱਤਰ :- ਸਿੱਖ ।

77. ਬਲਵੰਤ ਰਾਏ __________ ਨੂੰ ਆਪਣੇ ਲਈ ਸੁਰਗ ਸਮਝਦਾ ਸੀ। (ਸੋਮਵਾਰ, ਐਤਵਾਰ)

ਉੱਤਰ :- ਐਤਵਾਰ ।

**ਅੰਗ-ਸੰਗ**

78. ਅੰਗ-ਸੰਗ ਕਹਾਣੀ ਦੀਆਂ ਘਟਨਾਵਾਂ __________ ਰਾਤ ਵਿੱਚ ਵਾਪਰਦੀਆਂ ਸਨ। (ਹਨੇਰੀ, ਚਾਨਣੀ)

ਉੱਤਰ :- ਹਨੇਰੀ ।

79. ਅਮਰੀਕ ਦਾ ਪਿਓ ਤੇ ਮਾਮਾ ਬੀਕਾਨੇਰ ਤੋਂ __________ ਲਿਆਏ। (ਊਠ, ਬਲ਼ਦਾਂ ਦੀ ਜੋੜੀ)

ਉੱਤਰ :- ਬਲ਼ਦਾਂ ਦੀ ਜੋੜੀ।

8●. ਕਰਤਾਰ ਸਿੰਘ ਕੋਲ਼ ਕੁੱਲ __________ ਕਿੱਲੇ ਜ਼ਮੀਨ ਸੀ (1●, 12) ਜਿਸ ਵਿੱਚੋਂ __________ਕਿੱਲੇ ਭੈਣ ਦੀਆਂ ਕੁੜੀਆਂ ਦੇ ਵਿਆਹ ਲਈ ਗਹਿਣੇ ਧਰੀ। (2,4)

ਉੱਤਰ :- 1●, 2

81. ਕਰਤਾਰ ਸਿੰਘ ਨੇ __________ ਵੇਚ ਕੇ ਨਕਦ ਪੈਸੇ ਵੱਟ ਲਏ। (ਖਾਦ, ਬਲ਼ਦ)

ਉੱਤਰ :- ਖਾਦ।

**ਬੰਮ ਬਹਾਦਰ**

82. ਮਹਾਰਾਜ ਦੇ ਹਾਥੀ ਦਾ ਨਾਂ __________ ਸੀ। (ਬੰਮ ਬਹਾਦਰ, ਮਾਤਾਦੀਨ)

ਉੱਤਰ :- ਬੰਮ ਬਹਾਦਰ।

83. ਹਾਥੀ ਦੇ ਰਾਤਬ ਵਿੱਚੋਂ __________ ਹਰ ਰੋਜ਼ ਚੋਰੀ ਕਰਦਾ ਸੀ। (ਮਾਤਾਦੀਨ, ਮਹਾਰਾਣੀ)

ਉੱਤਰ :- ਮਾਤਾਦੀਨ ।

84. __________ ਦਾ ਭਰਾ ਘੋੜਿਆਂ ਦੇ ਅਸਤਬਲ ਦਾ ਇਨਚਾਰਜ ਸੀ। (ਮਾਤਾਦੀਨ, ਮਹਾਰਾਜ)

ਉੱਤਰ :- ਮਾਤਾਦੀਨ ।

85. ਬੰਮ ਬਹਾਦਰ ਸੰਗਲ਼ ਤੁੜਾ ਕੇ ਸਿੱਧਾ ਮਾਤਾਦੀਨ ਦੇ __________ ਜਾ ਪੁੱਜਾ। (ਬਾਗ਼ ਵਿੱਚ, ਘਰ ਵਿੱਚ)

ਉੱਤਰ :- ਬਾਗ਼ ਵਿੱਚ ।

**ਬਾਗ਼ੀ ਦੀ ਧੀ**

86. ਪੁਲਿਸ ਵਾਲ਼ੇ ਉਹਨਾਂ ਤੋਂ ਝੰਡਾ ਖੋਹਣ ਦੀ ਕੋਸ਼ਿਸ਼ ਕਰ ਰਹੇ ਸਨ, ਪਰ ਉਹ ਕਹਿ ਰਹੀਆਂ ਸਨ ਕਿ ਉਹ ਝੰਡਾ ਜੇਲ੍ਹ ਦੀ __________ ਉੱਪਰ ਲਾਉਣਗੀਆਂ। (ਬੈਰਕ, ਕੰਧ)

ਉੱਤਰ :- ਬੈਰਕ ।

87. ਹੁਸ਼ਨਾਕ ਸਿੰਘ __________ ਵਿੱਚ ਨੌਕਰੀ ਕਰਦਾ ਸੀ। (ਫ਼ੌਜ, ਪੁਲਿਸ ਵਿੱਚ)

ਉੱਤਰ :- ਫ਼ੌਜ।

88. ਹੁਸ਼ਨਾਕ ਸਿੰਘ ਲਾਜ ਨੂੰ __________ ਸਮਝਦਾ ਸੀ। (ਬਾਗ਼ੀ ਦੀ ਧੀ, ਦੇਸ-ਭਗਤ ਦੀ ਧੀ)

ਉੱਤਰ :- ਬਾਗ਼ੀ ਦੀ ਧੀ।

89. ਲਾਜ __________ ਦੇ ਤਪਦਿਕ ਹਸਪਤਾਲ ਵਿੱਚ ਦਾਖ਼ਲ ਸੀ। (ਲਾਹੌਰ, ਪੇਸ਼ਾਵਰ)

ਉੱਤਰ :- ਲਾਹੌਰ ।

9●. ਆਪਣੀ ਮਾਂ ਨੂੰ ਦੇਖ ਕੇ ਲਾਜ ਨੇ __________ ਤਿਆਗ ਦਿੱਤੇ। (ਹੌਸਲੇ, ਪ੍ਰਾਣ)

ਉੱਤਰ :- ਪ੍ਰਾਣ ।

**ਧਰਤੀ ਹੇਠਲਾ ਬਲ਼ਦ**

91. ਮਾਨ ਸਿੰਘ __________ ਤੋਂ ਫ਼ੌਜ ਵਿੱਚੋਂ ਛੁੱਟੀ ਕੱਟਣ ਲਈ ਆਇਆ ਸੀ। (ਬਰਮਾ ਦੇ ਫ਼ਰੰਟ, ਲਾਹੌਰ ਫ਼ਰੰਟ)

ਉੱਤਰ :- ਬਰਮਾ ਦੇ ਫ਼ਰੰਟ ।

92. ਡਾਕੀਆ ਕਰਮ ਸਿੰਘ ਦੀ __________ ਦੇ ਕਾਗ਼ਜ਼ ਲੈ ਕੇ ਆ ਗਿਆ। (ਪੈਂਨਸ਼ਨ ਰਿਟਾਇਰਮੈਂਟ)

ਉੱਤਰ :- ਪੈਂਨਸ਼ਨ ।

93. ਮਾਨ ਸਿੰਘ ਨੂੰ ਕਰਮ ਸਿੰਘ ਦਾ ਬਾਪੂ ________ ਪ੍ਰਤੀਤ ਹੋਇਆ। (ਧਰਤੀ ਹੇਠਲਾ ਧੌਲ, ਧਰਤੀ ਉੱਪਰਲਾ ਧੌਲ)

ਉੱਤਰ :- ਧਰਤੀ ਹੇਠਲਾ ਧੌਲ

**ਇੱਕ ਪੈਰ ਘੱਟ ਤੁਰਨਾ**

94. ਰਸ਼ੀਦ ਨੂੰ __________ ਦਾ ਕੈਂਸਰ ਸੀ। (ਮਿਹਦੇ, ਸਿਰ)

ਉੱਤਰ :- ਮਿਹਦੇ ।

95. ਰਸ਼ੀਦ ਨੇ ਘਰ ਦੇ ਆਸ-ਪਾਸ __________ ਦੇ ਪੌਦੇ ਲਗਵਾਏ। (ਗੁਲਾਬ, ਮੋਗਰੇ)

ਉੱਤਰ :- ਗੁਲਾਬ ।

96. ਇੱਕ ਦਿਨ ਰਸ਼ੀਦ ਨੇ ਝਿਊਰੀ ਦੇ ਮੁੰਡੇ ਨੂੰ _________ ਲਿਆਉਣ ਲਈ ਦਸ ਰੁਪਏ ਦਿੱਤੇ। (ਪਤੰਗ, ਕਾਪੀ)

ਉੱਤਰ :- ਪਤੰਗ।

**ਇਕਾਂਗੀ ਭਾਗ**

**ਬੰਮ ਕੇਸ**

97. ਸਿਪਾਹੀ ਨੇ ਥਾਣੇਦਾਰ ਨੂੰ ਦੱਸਿਆ ਕਿ _________ਨਾਂ ਦਾ ਇੱਕ ਵਿਅਕਤੀ ਬੰਬ ਬਣਾਉਂਦਾ ਹੈ। (ਹਨੇਰੀ, ਚਾਨਣੀ)
ਉੱਤਰ :- ਵਜ਼ੀਰਾ ।

98. ਵੀਰਾਂ ਵਾਲੀ ਦਾ ਪਰਿਵਾਰ __________ ਤੋਂ ਉੱਜੜ ਕੇ ਆਇਆ ਸੀ। (ਪਾਕਿਸਤਾਨ, ਉਦੈਪੁਰ)

ਉੱਤਰ :- ਪਾਕਿਸਤਾਨ ।

99. ਵਜ਼ੀਰਾ __________ ਬਣਾਉਣ ਦਾ ਕੰਮ ਕਰਦਾ ਹੈ। (ਟਾਂਗਿਆਂ ਦੇ ਬੰਬ, ਲੱਡੂ)

ਉੱਤਰ :- ਟਾਂਗਿਆਂ ਦੇ ਬੰਬ ।

100. ਥਾਣੇਦਾਰ ਸਿਪਾਹੀ ਨੂੰ _________ ਹਥਕੜੀ ਲਾਉਣ ਦਾ ਹੁਕਮ ਦਿੰਦਾ ਹੈ। (ਵਜ਼ੀਰੇ ਨੂੰ, ਮਾਤਾਦੀਨ ਨੂੰ)

ਉੱਤਰ :- ਵਜ਼ੀਰੇ ਨੂੰ ।

101. ਵਜ਼ੀਰਾ ਘਰ ਤੋਂ __________ ਲੈ ਕੇ ਆ ਗਿਆ ਸੀ। (ਤੇਸਾ ਤੇ ਆਰੀ, ਬੰਮ ਤੇ ਕਾਰਤੂਸ)

ਉੱਤਰ :- ਤੇਸਾ ਤੇ ਆਰੀ।

101. 'ਇੱਕ ਨੌਜਵਾਨ ਪੁੱਤਰ' __________ ਇਕਾਂਗੀ ਦਾ ਪਾਤਰ ਹੈ। (ਨਾਇਕ, ਸਮੁੰਦਰੋਂ ਪਾਰ)

ਉੱਤਰ :– ਨਾਇਕ ।

102. ਨਾਇਕ ਇਕਾਂਗੀ ਵਿੱਚ ਪਿਤਾ __________ ਰੂਪਾਂ ਵਿੱਚ ਪੇਸ਼ ਹੁੰਦਾ ਹੈ। (ਤਿੰਨ, ਚਾਰ)

ਉੱਤਰ :– ਤਿੰਨ।

103. ਸੁਖਦੇਵ ਸਿੰਘ ਨੇ ਮੈਟ੍ਰਿਕ, ਬੀ. ਏ. ਤੇ ਐੱਮ. ਏ _______ ਡਿਵੀਜ਼ਨ ਲੈ ਕੇ ਪਾਸ ਕੀਤੀਆਂ ਹਨ। (ਫ਼ਸਟ, ਸੈਕਿੰਡ)

ਉੱਤਰ :– ਫ਼ਸਟ ।

104. ਸੁਖਦੇਵ ਸਿੰਘ ਅਨੁਸਾਰ __________ ਅਪਰਾਧਾਂ ਲਈ ਜ਼ੁੰਮੇਵਾਰ ਹਨ। (ਕੁਰਸੀਆਂ ਉੱਤੇ ਬੈਠੇ ਲੋਕ, ਰਿਸ਼ਵਤ ਲੈਂਦੇ ਲੋਕ)

ਉੱਤਰ :– ਕੁਰਸੀਆਂ ਉੱਤੇ ਬੈਠੇ ਲੋਕ।

**ਸਮੁੰਦਰੋਂ ਪਾਰ**

105. ਹਰਦੇਵ ਬਾਜਵੇ ਦਾ ਵਿਆਹ __________ ਨਾਲ਼ ਹੋਇਆ ਸੀ। (ਸ਼ਰਨਜੀਤ, ਨੀਟੂ)

ਉੱਤਰ :– ਸ਼ਰਨਜੀਤ।

106. ਸ਼ਰਨਜੀਤ ਦੇ ਲੜਕੇ ਦਾ ਨਾਂ __________ ਸੀ। (ਨੀਟੂ, ਸੁਖਦੇਵ)

ਉੱਤਰ :– ਨੀਟੂ ।

107. ਇੱਕ ਪਤਨੀ ਦੇ ਹੁੰਦਿਆਂ __________ ਕਰਨਾ ਭਾਰਤ ਵਿੱਚ ਇੱਕ ਜੁਰਮ ਹੈ। (ਦੂਜਾ ਵਿਆਹ, ਦੂਜਾ ਵਿਆਹ ਨਾ)

ਉੱਤਰ :– ਦੂਜਾ ਵਿਆਹ ।

108. ਹਰਦੇਵ ਭਾਰਤ ਛੱਡ ਕੇ __________ ਜਾ ਪਹੁੰਚਾ। (ਇੰਗਲੈਂਡ, ਲਾਹੌਰ)

ਉੱਤਰ :– ਇੰਗਲੈਂਡ ।

109. __________ ਹਰਦੇਵ ਦੀ ਦੂਜੀ ਪਤਨੀ ਹੈ। (ਮਰਸੀ, ਸ਼ਰਨਜੀਤ ਕੌਰ)

ਉੱਤਰ :– ਮਰਸੀ।

110. ਬਾਜਵਾ ਸੁਖਦੇਵ ਨੂੰ ਆਪਣਾ __________ ਕਹਿੰਦਾ ਹੈ। (ਦੁਸ਼ਮਣ, ਮਿੱਤਰ)

ਉੱਤਰ :– ਦੁਸ਼ਮਣ ।

111. ਹਰਦੇਵ ਬਾਜਵਾ 'ਸਮੁੰਦਰੋਂ ਪਾਰ' ਇਕਾਂਗੀ ਦਾ__________ ਪਾਤਰ ਹੈ। (ਮੁੱਖ, ਗੌਣ)

ਉੱਤਰ :– ਮੁੱਖ ।

**ਜ਼ਫ਼ਰਨਾਮਾ**

112. __________ ਜ਼ਫ਼ਰਨਾਮਾ ਇਕਾਂਗੀ ਦਾ ਇਤਿਹਾਸਿਕ ਪਾਤਰ ਹੈ। (ਔਰੰਗਜ਼ੇਬ, ਵਜ਼ੀਰ ਖ਼ਾਂ)

ਉੱਤਰ :- ਔਰੰਗਜ਼ੇਬ ।

113. ਔਰੰਗਜ਼ੇਬ ਨੇ ਆਪਣੇ ਭਰਾਵਾਂ ਨੂੰ ਮਾਰ ਕੇ __________ ਪ੍ਰਾਪਤ ਕੀਤਾ। (ਤਖ਼ਤ, ਖ਼ਜ਼ਾਨਾ)

ਉੱਤਰ :- ਤਖ਼ਤ ।

114. __________ ਔਰੰਗਜ਼ੇਬ ਦੀ ਪੁੱਤਰੀ ਸੀ। (ਜ਼ੀਨਤ, ਬੇਗ਼ਮ ਉਦੇਪੁਰੀ)

ਉੱਤਰ :- ਜ਼ੀਨਤ ।

115. ਔਰੰਗਜ਼ੇਬ ਨੇ ਕਦੇ ਵੀ __________ ਦਾ ਸਮਾਂ ਨਹੀਂ ਸੀ ਖੁੰਝਾਇਆ। (ਨਮਾਜ਼, ਜੰਗ ਦਾ)

ਉੱਤਰ :- ਨਮਾਜ਼।

116. __________ ਜੀ ਨੇ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖਿਆ। (ਗੁਰੂ ਗੋਬਿੰਦ ਸਿੰਘ, ਗੁਰੂ ਨਾਨਕ ਦੇਵ ਜੀ)

ਉੱਤਰ :- ਗੁਰੂ ਗੋਬਿੰਦ ਸਿੰਘ।

117. ਔਰੰਗਜ਼ੇਬ ਦੀ ਪਤਨੀ ਦਾ ਨਾਂ __________ ਸੀ। (ਬੇਗਮ ਉਦੇਪੁਰੀ, ਜ਼ੀਨਤ)

ਉੱਤਰ :- ਬੇਗਮ ਉਦੇਪੁਰੀ।

118. ਪੰਜਾਬ ਤੋਂ __________ ਨਾਂ ਦੇ ਸਿੱਖ ਨੇ ਉਸ ਨੂੰ ਗੁਰੂ ਗੋਬਿੰਦ ਸਿੰਘ ਦਾ ਜ਼ਫ਼ਰਨਾਮਾ ਦਿੱਤਾ। (ਦਯਾ ਸਿੰਘ, ਮੋਹਕਮ ਸਿੰਘ)

ਉੱਤਰ :- ਦਯਾ ਸਿੰਘ।

119. ਜ਼ਫ਼ਰਨਾਮਾ ਇੱਕ__________ ਸੀ। (ਚਿੱਠੀ, ਹੁਕਮਨਾਮਾ)

ਉੱਤਰ :- ਚਿੱਠੀ।

12●. ਔਰੰਗਜ਼ੇਬ ਆਪਣੇ-ਆਪ ਨੂੰ __________ ਤੇ ਬੇਵੱਸ ਮਹਿਸੂਸ ਕਰਦਾ ਹੈ। (ਮਜਬੂਰ, ਗੁਨਾਹਗਾਰ)

ਉੱਤਰ :- ਗੁਨਾਹਗਾਰ।

121. ਔਰੰਗਜ਼ੇਬ ਦਾ ਕੱਦ __________ ਸੀ। (ਮਧਰਾ, ਲੰਮਾ)

ਉੱਤਰ :- ਮਧਰਾ।

**ਦੂਜਾ ਵਿਆਹ**

122. ਇਕਾਂਗੀ ਵਿੱਚ ਸੁਖਦੇਵ ਦੀ ਪਤਨੀ ਦਾ ਨਾਂ __________ ਹੈ। (ਨਿਹਾਲ ਕੌਰ, ਮਨਜੀਤ ਕੌਰ)

ਉੱਤਰ :- ਮਨਜੀਤ ਕੌਰ।

123. ਮਨਜੀਤ ਕੌਰ ਦੇ ਕੋਈ __________ ਨਹੀਂ ਹੈ। (ਉਲ਼ਾਦ, ਭੈਣ)

ਉੱਤਰ :- ਉਲ਼ਾਦ।

124. ਨਿਹਾਲ ਕੌਰ ਸੁਖਦੇਵ ਦਾ __________ ਕਰਵਾਉਣਾ ਚਾਹੁੰਦੀ ਹੈ। (ਦੂਜਾ ਵਿਆਹ, ਤਲਾਕ)

ਉੱਤਰ :- ਦੂਜਾ ਵਿਆਹ।

125. ਮਨਜੀਤ ਕੌਰ __________ ਸਭਾ ਦੀ ਮੈਂਬਰ ਹੈ। (ਇਸਤਰੀ, ਨੌਜਵਾਨ)

ਉੱਤਰ :- ਇਸਤਰੀ।

126. ਨਿਹਾਲ ਕੌਰ ਨੁੱਕਰ ਵਿੱਚ ਬੈਠੀ __________ ਰਹੀ ਸੀ। (ਚਰਖਾ ਕੱਤ, ਬਾਣ ਵੱਟ)

ਉੱਤਰ :- ਚਰਖਾ ਕੱਤ।

127. ਮਨਜੀਤ ਕੌਰ __________ ਵਾਲ਼ੀ ਇਸਤਰੀ ਹੈ। (ਨਵੇਂ ਖ਼ਿਆਲਾਂ, ਪੁਰਾਣੇ ਖ਼ਿਆਲਾਂ)

ਉੱਤਰ :- ਨਵੇਂ ਖ਼ਿਆਲਾਂ।

128. ਨਿਹਾਲ ਕੌਰ __________ ਤੇ ਪਤੀ ਦਾ ਨਾਂ ਲੈਣ ਦੇ ਵਿਰੁੱਧ ਹੈ। (ਘੁੰਡ ਚੁੱਕਣ, ਘੁੰਡ ਕੱਢਣ)

ਉੱਤਰ :- ਘੁੰਡ ਚੁੱਕਣ।

129. ਮਨਜੀਤ ਕੌਰ __________ ਦਾ ਸਤਿਕਾਰ ਕਰਦੀ ਹੈ। (ਵੱਡਿਆਂ ਦਾ, ਛੋਟਿਆਂ ਦਾ)

ਉੱਤਰ :- ਵੱਡਿਆਂ ਦਾ।

13●. ਉਹ ਆਪਣੀ ਧੀ ਦਾ __________ ਬਰਦਾਸ਼ਤ ਨਹੀਂ ਕਰ ਸਕੀ। (ਦੁੱਖ, ਸੁੱਖ)

ਉੱਤਰ :- ਦੁੱਖ।

131. ਨਿਹਾਲ ਕੌਰ ਦਾ ਸੁਭਾਅ __________ ਸੀ। (ਕੌੜਾ, ਮਿੱਠਾ)

ਉੱਤਰ :- ਕੌੜਾ।

**ਇੱਕ ਹੋਰ ਨਵਾਂ ਸਾਲ**

132. ਇੱਕ ਹੋਰ ਨਵਾਂ ਸਾਲ ਨਾਵਲ ਦੇ __________ ਕਾਂਡ ਹਨ। (ਤਿੰਨ, ਚਾਰ)

ਉੱਤਰ :- ਤਿੰਨ।

133. __________ ਇੱਕ ਹੋਰ ਨਵਾਂ ਸਾਲ ਦਾ ਮੁੱਖ ਪਾਤਰ ਹੈ। (ਬੰਤਾ, ਘਣਸ਼ਾਮ)

ਉੱਤਰ :- ਬੰਤਾ।

134. ਬੰਤਾ __________ ਦਾ ਕੰਮ ਕਰਦਾ ਹੈ। (ਰਿਕਸ਼ਾ ਚਲਾਉਣ ਦਾ, ਕੁਲੀ ਦਾ)

ਉੱਤਰ :- ਰਿਕਸ਼ਾ ਚਲਾਉਣ ਦਾ।

135. ਬੰਤਾ __________ ਕਿਰਤ ਕਰਨੀ ਪਸੰਦ ਕਰਦਾ ਸੀ। (ਦਸਾਂ ਨਹੁੰਆਂ ਦੀ, ਬੇਈਮਾਨੀ ਦੀ)

ਉੱਤਰ :- ਦਸਾਂ ਨਹੁੰਆਂ ਦੀ।

136. __________ ਵਿੱਚ ਸ਼ਹੀਦਾਂ ਦਾ ਖ਼ੂਨ ਡੁੱਲ੍ਹਿਆ ਸੀ। (ਜਲ੍ਹਿਆਂਵਾਲ਼ੇ ਬਾਗ਼, ਰਾਮ ਬਾਗ਼)

ਉੱਤਰ :- ਜਲ੍ਹਿਆਂਵਾਲ਼ੇ ਬਾਗ਼ ।

137. ਜਲ੍ਹਿਆਂਵਾਲ਼ੇ ਬਾਗ਼ ਦੀਆਂ ਕੰਧਾਂ ਉੱਤੇ __________ ਦੇ ਨਿਸ਼ਾਨ ਹਨ। (ਗੋਲ਼ੀਆਂ, ਰੰਗਾਂ ਦੇ)

ਉੱਤਰ :– ਗੋਲ਼ੀਆਂ ।

138. ਬੰਤੇ ਨੂੰ __________ ਕਰਨੀ ਪਸੰਦ ਨਹੀਂ ਸੀ। (ਚੋਰੀ, ਕਿਰਤ)

ਉੱਤਰ :– ਚੋਰੀ।

139. ਬੰਤਾ __________ ਦਾ ਸ਼ੁਕੀਨ ਹੈ। (ਚਾਹ ਪੀਣ, ਕੌਫ਼ੀ ਪੀਣ)

ਉੱਤਰ :– ਚਾਹ ਪੀਣ।

140. ਤਾਰੋ ਨੇ ਦੁਪਹਿਰ ਵੇਲ਼ੇ __________ ਦੀਆਂ ਰੋਟੀਆਂ ਪਕਾਈਆਂ। (ਮੱਕੀ, ਬਾਜਰਾ)

ਉੱਤਰ :– ਮੱਕੀ।

141. ਬੰਤਾ ਤਾਰੋ ਦੀ ਝੋਲ਼ੀ __________ ਨਾਲ਼ ਭਰਨਾ ਚਾਹੁੰਦਾ ਸੀ। (ਖ਼ੁਸ਼ੀ, ਰੁਪਇਆਂ)

ਉੱਤਰ :– ਰੁਪਇਆਂ।

142. ਫੱਤੂ ਰਿਕਸ਼ੇਵਾਲ਼ਾ __________ ਵੇਚਣ ਦਾ ਕੰਮ ਕਰਦਾ ਸੀ। (ਅਫ਼ੀਮ, ਡੋਡੇ)

ਉੱਤਰ :– ਅਫ਼ੀਮ।

143. ਬੰਤਾ __________ ਸ਼ਹਿਰ ਵਿੱਚ ਰਿਕਸ਼ਾ ਚਲਾਉਂਦਾ ਸੀ। (ਅੰਮ੍ਰਿਤਸਰ, ਲਾਹੌਰ)

ਉੱਤਰ :– ਅੰਮ੍ਰਿਤਸਰ।

144. ਭਾਰਤ ਅੱਜ ਵੀ __________ ਚਿੜੀ ਹੈ। (ਸੋਨੇ ਦੀ, ਚਾਂਦੀ ਦੀ)

ਉੱਤਰ :– ਸੋਨੇ ਦੀ।

145. ਜਦੋਂ ਤਾਰੋ ਵਿਆਹੀ ਆਈ ਸੀ, ਉਦੋਂ ਉਹ ਬਹੁਤ __________ ਸੀ। (ਸੋਹਣੀ, ਪਤਲੀ)

ਉੱਤਰ :– ਸੋਹਣੀ।

146. ਪਰਵੇਜ਼ ਅਤੇ ਅਸ਼ੋਕ ਦੋ __________ ਸਨ। (ਸ਼ਾਇਰ, ਗਾਇਕ)

ਉੱਤਰ :– ਸ਼ਾਇਰ।

147. ਸਾਡਾ __________ ਓਨਾ ਹੀ ਹੈ, ਜਿੰਨਾ ਕਿਸੇ ਹੋਰ ਦਾ। (ਨਵਾਂ ਸਾਲ, ਪਿਛਲਾ ਸਾਲ)

ਉੱਤਰ :– ਨਵਾਂ ਸਾਲ।

148. ਦਿਆਲਾ ਬੰਤੇ ਦਾ __________ ਹੈ। (ਦੋਸਤ, ਗੁਆਂਢੀ)

ਉੱਤਰ :– ਦੋਸਤ।

149. ਬੰਤਾ ਤਾਰੋ ਨੂੰ __________ ਕਹਿ ਕੇ ਬੁਲਾਉਂਦਾ ਹੈ। (ਭਲੀਏ ਲੋਕੇ, ਸੋਹਣੀ)

ਉੱਤਰ :– ਭਲੀਕੇ ਲੋਕੇ।

150. ਜਦੋਂ ਕੋਈ __________ ਕੁੜੀ ਰਿਕਸ਼ੇ ਵਿੱਚ ਬੈਠਦੀ ਸੀ ਤਾਂ ਬੰਤੇ ਤਾ ਦਿਲ ਕਰਦਾ ਕਿ ਰਸਤਾ ਮੁੱਕੇ ਹੀ ਨਾ। (ਸੋਹਣੀ, ਅਮੀਰ)

ਉੱਤਰ :- ਸੋਹਣੀ ।

151. ਬੰਤਾ ਦੱਸਦਾ ਹੈ ਕਿ ਕਈ ਲੋਕ ਰਿਕਸ਼ੇ ਦੀ _________ ਸੀਟ ਨੂੰ ਆਪਣੇ ਘਰ ਦਾ ਕਮਰਾ ਸਮਝ ਲੈਂਦੇ ਹਨ। (ਪਿਛਲੀ, ਅਗਲੀ)

ਉੱਤਰ :- ਪਿਛਲੀ।

152. __________ ਵਰਗਾ ਸੁੱਖ ਕਿਧਰੇ ਵੀ ਨਹੀਂ। (ਘਰ, ਗੁਰਦਵਾਰੇ)

ਉੱਤਰ :- ਘਰ।

153. __________ ਨਾਵਲ ਦੇ ਪਹਿਲੇ ਹਿੱਸੇ (ਕਾਂਡ) ਦਾ ਨਾਂ ਹੈ। (ਸਵੇਰ, ਸ਼ਾਮ)

ਉੱਤਰ :- ਸਵੇਰ।

154. __________ ਨਾਵਲ ਦੇ ਅੰਤਿਮ ਕਾਂਡ ਦਾ ਨਾਂ ਹੈ। (ਸ਼ਾਮ, ਦੁਪਹਿਰ)

ਉੱਤਰ :- ਸ਼ਾਮ।

155. ਕੁਝ ਸਮਾਂ ਬੰਤਾ ਦਫ਼ਤਰ ਵਿੱਚ __________ ਵੀ ਰਿਹਾ। (ਗ਼ੁਲਾਮ, ਚਪੜਾਸੀ)

ਉੱਤਰ :- ਚਪੜਾਸੀ।

156. ਇੱਕ ਮੁੰਡਾ ਬੰਤੇ ਦੀ __________ ਵਿੱਚ ਮੁੱਕਾ ਮਾਰ ਕੇ ਨਿਕਲ਼ ਗਿਆ। (ਧੌਣ, ਪਿੱਠ)

ਉੱਤਰ :- ਧੌਣ।

157. ਅੰਗਰੇਜ਼ਾਂ ਨੇ ਬਹੁਤ ਸਾਰੇ ਦੇਸ-ਭਗਤਾਂ ਨੂੰ __________ ਮਾਰ ਕੇ ਸ਼ਹੀਦ ਕਰ ਦਿੱਤਾ। (ਗੋਲ਼ੀਆਂ, ਡੰਡੇ)

ਉੱਤਰ :- ਗੋਲ਼ੀਆਂ।

158. ਬੰਤੇ ਨੇ ਸਵੇਰੇ ਛੇ ਵਜੇ __________ ਦੇਖਣੀ ਹੈ। (ਕਾਲਕਾ ਮੇਲ, ਰਾਜਧਾਨੀ ਮੇਲ)

ਉੱਤਰ :- ਕਾਲਕਾ ਮੇਲ।

**ਪ੍ਰਸ਼ਨ-ਪੱਤਰ ਅਨੁਸਾਰ ਪ੍ਰਸ਼ਨ 9. ਤੋਂ 12 ਨਾਲ ਸੰਬੰਧਿਤ ਪ੍ਰਸ਼ਨ**

**(ੲ) ਸਹੀ/ਗ਼ਲਤ ਦੱਸੋ। ਤਿੰਨ ਅੰਕ**

**ਸਾਹਿਤ-ਮਾਲ਼ਾ (ਗੁਰਮਤਿ ਕਾਵਿ)**

1. ਸਭ ਜੀਵਾਂ ਦੀ ਵੱਡੀ ਮਾਤਾ ਧਰਤੀ ਹੈ। (ਸਹੀ)

2. ਗੁਰੂ ਜੀ ਨੇ ਪਾਣੀ ਨੂੰ ਮਾਤਾ ਦਾ ਰੂਪ ਦੱਸਿਆ ਹੈ। (ਗ਼ਲਤ)

3. ਅਨੰਦ ਸਤਿਗੁਰੂ ਦੀ ਮਿਹਰ ਨਾਲ਼ ਪ੍ਰਾਪਤ ਹੁੰਦਾ ਹੈ। (ਸਹੀ)

4. ਸਰੀਰ ਦਾ ਰਚਣਹਾਰ ਪਰਮਾਤਮਾ ਹੈ। (ਸਹੀ)

5. ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਤੀਜੇ ਗੁਰੂ ਸਨ। (ਗ਼ਲਤ)

6. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤੀ ਸੀ। (ਸਹੀ)

7. ਸ਼ੇਰ ਦੇ ਬੁੱਕਣ ਨਾਲ਼ ਹਿਰਨਾਂ ਦਾ ਧੀਰਜ ਟੁੱਟ ਜਾਂਦਾ ਹੈ। (ਸਹੀ)

8. ਗੁਰੂ ਨਾਨਕ ਦੇਵ ਜੀ ਸਤਜੁਗ ਵਿੱਚ ਪ੍ਰਗਟ ਹੋਏ ਸਨ। (ਗ਼ਲਤ)

9. ਗੁਰੂ ਨਾਨਕ ਦੇਵ ਜੀ ਕਲਜੁਗ ਵਿੱਚ ਪ੍ਰਗਟ ਹੋਏ ਸਨ। (ਸਹੀ)

1●. ਧਰਤੀ ਨੂੰ ਅਕ੍ਰਿਤਘਣਾਂ ਦਾ ਭਾਰ ਲੱਗਦਾ ਹੈ। (ਸਹੀ)

**ਸਾਹਿਤ-ਮਾਲ਼ਾ (ਸੂਫ਼ੀ-ਕਾਵਿ)**

11. ਸੂਫ਼ੀਆਂ ਦੇ ਚਿਸ਼ਤੀ ਫ਼ਿਰਕੇ ਵਿੱਚ ਆਪ ਦਾ ਸਥਾਨ ਬਹੁਤ ਉੱਚਾ ਹੈ। (ਸਹੀ)

12. 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ 112 ਸਲੋਕ ਅਤੇ 5 ਸ਼ਬਦ ਦਰਜ ਹਨ। (ਗ਼ਲਤ)

13. ਸ਼ੇਖ਼ ਫ਼ਰੀਦ ਜੀ ਦੀ ਰਚਨਾ ਮਨੁੱਖੀ ਪਿਆਰ ਤੇ ਹਮਦਰਦੀ ਨਾਲ਼ ਓਤ-ਪੋਤ ਹੈ। (ਸਹੀ)

14. 'ਸਭੁ ਕਿਛ ਮੇਰਾ ਤੂੰ' ਕਵਿਤਾ ਬਾਬਾ ਫ਼ਰੀਦ ਜੀ ਨੇ ਲਿਖੀ ਹੈ। (ਗ਼ਲਤ)

15. ਸ਼ਾਹ ਹੁਸੈਨ ਸੂਫ਼ੀ ਕਵੀ ਸਨ। (ਸਹੀ)

16. ਸ਼ਾਹ ਹੁਸੈਨ ਦੀ ਭਾਸ਼ਾ ਠੇਠ ਅਤੇ ਸਰਲ ਨਹੀਂ ਹੈ। (ਗ਼ਲਤ)

17. ਸ਼ਾਹ ਹੁਸੈਨ ਦੀਆਂ ਲਿਖੀਆਂ ਕਾਫ਼ੀਆਂ ਪੰਜਾਬ ਵਿੱਚ ਹਰਮਨ-ਪਿਆਰੀਆਂ ਹਨ। (ਸਹੀ)

18. ਬੁੱਲ੍ਹੇ ਸ਼ਾਹ ਬਹੁਤ ਭਗਤੀ ਅਤੇ ਮਸਤੀ ਵਾਲ਼ਾ ਸੂਫ਼ੀ ਫ਼ਕੀਰ ਸੀ। (ਸਹੀ)

19. ਬੁੱਲ੍ਹੇ ਸ਼ਾਹ ਦਾ ਜਨਮ 1682 ਈ: ਵਿੱਚ ਹੋਇਆ। (ਗ਼ਲਤ)

2●. 'ਬੁੱਲ੍ਹਾ ਕੀ ਜਾਣਾ ਮੈਂ ਕੌਣ' ਬੁੱਲ੍ਹੇ ਸ਼ਾਹ ਜੀ ਦੀ ਰਚਨਾ ਹੈ। (ਸਹੀ)

**ਸਾਹਿਤ-ਮਾਲ਼ਾ (ਕਿੱਸਾ-ਕਾਵਿ)**

21. ਪੁੰਨੂ ਸੱਸੀ ਦਾ ਪ੍ਰੇਮੀ ਹੈ। (ਸਹੀ)

22. ਸੱਸੀ ਇੱਕ ਸ਼ਹਿਜ਼ਾਦੀ ਸੀ। (ਗ਼ਲਤ)

23. ਸੱਸੀ ਦਾ ਰਸਤਾ ਪਹਾੜਾਂ ਵਿੱਚੋਂ ਲੰਘ ਰਿਹਾ ਸੀ। (ਗ਼ਲਤ)

24. ਸੱਸੀ ਦੇ ਮਹਿੰਦੀ ਵਾਲ਼ੇ ਪੈਰ ਨਾਜ਼ਕ ਸਨ। (ਸਹੀ)

25. ਪੁੰਨੂੰ ਊਠ 'ਤੇ ਚੜ੍ਹ ਕੇ ਆਇਆ ਸੀ। (ਸਹੀ)

26. ਵਾਰਿਸ ਸ਼ਾਹ ਨੇ ਆਪਣੇ ਕਿੱਸੇ ਵਿੱਚ 'ਮਿਰਜ਼ੇ ਤੇ ਸਾਹਿਬਾਂ' ਦੀ ਪ੍ਰੀਤ-ਕਹਾਣੀ ਨੂੰ ਲਿਖਿਆ ਹੈ। (ਗ਼ਲਤ)

27. ਰਾਂਝੇ ਦਾ ਪਿੰਡ ਤਖ਼ਤ ਹਜ਼ਾਰਾ ਸੀ। (ਸਹੀ)

28. ਸੱਸੀ ਵਾਰਿਸ ਦਾ ਪਿੱਛਾ ਕਰ ਰਹੀ ਸੀ। (ਗ਼ਲਤ)

29. ਸੱਸੀ ਤਪਦੇ ਮਾਰੂਥਲਾਂ ਵਿੱਚ ਪੁੰਨੂੰ ਨੂੰ ਦੇਖਣ ਲਈ ਗਈ। (ਸਹੀ)

30. ਭਰਾਵਾਂ ਨੇ ਰਾਂਝੇ ਨੂੰ ਬੰਜਰ ਜ਼ਮੀਨ ਦਿੱਤੀ ਸੀ। (ਸਹੀ)

**ਸਾਹਿਤ-ਮਾਲ਼ਾ (ਬੀਰ-ਕਾਵਿ)**

31. ਗੁਰੂ ਗੋਬਿੰਦ ਸਿੰਘ ਜੀ ਗੁਰਮਤਿ ਕਾਵਿ-ਧਾਰਾ ਦੇ ਕਵੀ ਸਨ। (ਸਹੀ)

32. 'ਚੰਡੀ ਦੀ ਵਾਰ' ਦੀ ਰਚਨਾ ਗੁਰੂ ਨਾਨਕ ਦੇਵ ਜੀ ਨੇ ਕੀਤੀ ਸੀ। (ਗ਼ਲਤ)

33. ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਸਿੱਧ ਰਚਨਾ 'ਚੰਡੀ ਦੀ ਵਾਰ' ਹੈ। (ਸਹੀ)

34. ਫ਼ਿਰੰਗੀ ਅੰਗਰੇਜ਼ਾਂ ਨੂੰ ਕਿਹਾ ਗਿਆ ਹੈ। (ਸਹੀ)

35. 'ਚੰਡੀ ਦੀ ਵਾਰ' ਵਿੱਚ ਰਾਖਸ਼ਾਂ ਨੂੰ ਬਦੀ ਦਾ ਪ੍ਰਤੀਕ ਦਿਖਾਇਆ ਗਿਆ ਹੈ। (ਸਹੀ)

36. ਸ਼ਾਹ ਮੁਹੰਮਦ ਸੂਫ਼ੀ ਕਾਵਿ-ਧਾਰਾ ਦਾ ਕਵੀ ਹੈ। (ਗ਼ਲਤ)

37. ਸ਼ਾਹ ਮੁਹੰਮਦ ਦਾ ਜਨਮ 1782 ਈਃ ਵਿੱਚ ਹੋਇਆ ਸੀ। (ਸਹੀ)

**ਸਾਹਿਤ-ਮਾਲ਼ਾ (ਵਾਰਤਕ ਭਾਗ) ਰਬਾਬ ਮੰਗਾਉਨ ਦਾ ਵਿਰਤਾਂਤ**

38. 'ਰਬਾਬ ਮੰਗਾਉਨ ਦਾ ਵਿਰਤਾਂਤ' ਰਚਨਾ ਪ੍ਰਿੰਸੀਪਲ ਤੇਜਾ ਸਿੰਘ ਦੀ ਲਿਖੀ ਹੋਈ ਹੈ। (ਸਹੀ)

39. ਗੁਰੂ ਨਾਨਕ ਦੇਵ ਜੀ ਬੇਦੀ ਖੱਤਰੀ ਕੁਲ ਵਿੱਚੋਂ ਸਨ। (ਸਹੀ)

40. ਲੋਕ ਗੁਰੂ ਜੀ ਨੂੰ ਭੱਲਿਆਂ ਦਾ ਪੁੱਤ-ਪੋਤਾ ਕਹਿੰਦੇ ਸਨ। (ਸਹੀ)

41. ਗੁਰੂ ਜੀ ਨੂੰ ਸਭ ਤੋਂ ਵਧੀਆ ਸਾਜ਼ ਰਬਾਬ ਲੱਗਦਾ ਸੀ। (ਸਹੀ)

42. ਕੁਰਾਹੀਏ ਦਾ ਡੂੰਮ ਫਰਹਿੰਦੇ ਨੂੰ ਕਹਿੰਦੇ ਸਨ। (ਗ਼ਲਤ)

43. ਬੀਬੀ ਨਾਨਕੀ ਨੇ ਸੱਤ ਰੁਪਏ ਮਰਦਾਨੇ ਨੂੰ ਨਹੀਂ ਦਿੱਤੇ। (ਗ਼ਲਤ)

44. ਫਰਹਿੰਦੇ ਦਾ ਪਿੰਡ ਸਤਲੁਜ ਤੇ ਬਿਆਸ ਦੇ ਵਿਚਕਾਰ ਸੀ। (ਸਹੀ)

45. ਲੋਕ ਗੁਰੂ ਨਾਨਕ ਦੇਵ ਜੀ ਨੂੰ ਕੁਰਾਹੀਆ ਕਹਿੰਦੇ ਸਨ। (ਸਹੀ)

**ਘਰ ਦਾ ਪਿਆਰ**

46. ਜਿਨ੍ਹਾਂ ਨੂੰ ਘਰ ਦਾ ਪਿਆਰ ਨਹੀਂ ਮਿਲ਼ਿਆ ਹੁੰਦਾ, ਉਹਨਾਂ ਦਾ ਸੁਭਾਅ ਖਿਝੂ ਅਤੇ ਸੜੀਅਲ ਹੁੰਦਾ ਹੈ। (ਸਹੀ)

47. ਮਨੁੱਖ ਦਾ ਆਚਰਨ ਘਰ ਵਿੱਚ ਨਹੀਂ ਬਣਦਾ। (ਗ਼ਲਤ)

48. ਘਰ ਦਾ ਪਿਆਰ ਲੇਖ ਦਾ ਲੇਖਕ ਗੁਰਬਖ਼ਸ਼ ਸਿੰਘ ਹੈ। (ਗ਼ਲਤ)

49. ਖ਼ਦੀਜਾ ਹਜ਼ਰਤ ਮੁਹੰਮਦ ਸਾਹਿਬ ਦੀ ਪਤਨੀ ਸੀ। (ਸਹੀ)

**ਬੋਲੀ**

50. ਗੁਰਬਖ਼ਸ਼ ਸਿੰਘ 'ਬੋਲੀ' ਲੇਖ ਦਾ ਲੇਖਕ ਹੈ। (ਸਹੀ)

51. ਬੋਲੀ ਸਾਡੀ ਮਾਂ ਦੀ ਬੋਲੀ ਹੁੰਦੀ ਹੈ। (ਸਹੀ)

52. ਲੇਖਕ ਜ਼ਿੰਦਗੀ ਦਾ ਅਸਲ ਸੋਨਾ ਨਕਲ ਨੂੰ ਕਹਿੰਦਾ ਹੈ। (ਗ਼ਲਤ)

**ਪ੍ਰਾਰਥਨਾ**

53. 'ਪ੍ਰਾਰਥਨਾ' ਨਿਬੰਧ ਦਾ ਲੇਖਕ ਡਾ. ਬਲਵੀਰ ਸਿੰਘ ਹੈ। (ਸਹੀ)

54. ਸੁਕਰਾਤ ਨੇ ਸ਼ਰਬਤ ਵਾਂਗ ਜ਼ਹਿਰ ਪੀਤਾ। (ਸਹੀ)

55. ਦੁਨੀਆ ਵਿੱਚ ਸਭ ਤੋਂ ਸਿਆਣਾ ਆਦਮੀ ਸੁਕਰਾਤ ਗਿਣਿਆ ਜਾਂਦਾ ਹੈ। (ਸਹੀ)

**ਬਾਬਾ ਰਾਮ ਸਿੰਘ ਕੂਕਾ**

56. ਬਾਬਾ ਅਰਬੀ ਬੋਲੀ ਦਾ ਸ਼ਬਦ ਹੈ। (ਸਹੀ)

57. ਬਾਬਾ ਰਾਮ ਸਿੰਘ ਦਾ ਜਨਮ 1716 ਈ: ਵਿੱਚ ਹੋਇਆ। (ਗ਼ਲਤ)

58. ਬਾਬਾ ਰਾਮ ਸਿੰਘ ਦੇ ਪੈਰੋਕਾਰ ਕੂਕੇ ਅਖਵਾਉਂਦੇ ਹਨ। (ਸਹੀ)

59. ਬਾਬਾ ਰਾਮ ਸਿੰਘ ਦਾ ਦਿਹਾਂਤ 1885 ਈ: ਵਿੱਚ ਹੋਇਆ ਸੀ। (ਸਹੀ)

**ਮਹਾਂਕਵੀ ਕਾਲੀਦਾਸ**

60. ਕਾਲੀਦਾਸ ਦੇ ਤਿੰਨ ਨਾਟਕ ਪ੍ਰਸਿੱਧ ਹਨ। (ਸਹੀ)

61. ਦੁਸ਼ਯੰਤ ਤੇ ਸ਼ਕੁੰਤਲਾ ਦੇ ਪੁੱਤਰ ਦਾ ਨਾਮ ਪੂਰਨ ਸੀ। (ਗ਼ਲਤ)

62. ਪੱਛਮ ਦੇ ਲੋਕਾਂ ਨੇ ਕਾਲੀਦਾਸ ਨੂੰ ਹਿੰਦੁਸਤਾਨ ਦਾ ਸ਼ੈਕਸਪੀਅਰ ਕਿਹਾ ਹੈ। (ਸਹੀ)

**ਮੇਰੇ ਵੱਡੇ ਵਡੇਰੇ**

63. ਪਹਿਲਵਾਨ ਮੈਦਾਨ ਛੱਡ ਕੇ ਭੱਜ ਗਿਆ। (ਗ਼ਲਤ)

64. ਗਿਆਨੀ ਗੁਰਦਿੱਤ ਸਿੰਘ ਦਾ ਜਨਮ 1923 ਨੂੰ ਹੋਇਆ। (ਗ਼ਲਤ)

65. ਗਿਆਨੀ ਗੁਰਦਿੱਤ ਸਿੰਘ ਦਾ ਦਿਹਾਂਤ 18 ਜਨਵਰੀ, 2008 ਈ: ਨੂੰ ਹੋਇਆ। (ਗ਼ਲਤ)

66. ਲੇਖਕ ਦੇ ਦਾਦੇ ਪੰਜ ਭਰਾ ਸਨ। (ਗ਼ਲਤ)

67. ਲੇਖਕ ਦੀਆਂ ਚਾਰ ਭੈਣਾਂ ਸਨ। (ਗ਼ਲਤ)

68. ਲੇਖਕ ਦੇ ਦਾਦੇ ਦਾ ਛਾਪੇ ਪਿੰਡ ਵਿੱਚ ਖ਼ੂਨ ਦਾ ਰਿਸ਼ਤਾ ਸੀ। (ਸਹੀ)

69. ਬਾਬਿਆਂ ਨੇ ਪ੍ਰਸ਼ਾਦ ਦਾ ਕੜਾਹਾ ਚੱਟਮ ਕਰ ਦਿੱਤਾ। (ਸਹੀ)

**ਤੁਰਨ ਦਾ ਹੁਨਰ**

70. ਤੁਰਨਾ ਅਸਲ ਵਿੱਚ ਹਲਕੇ-ਫੁਲਕੇ ਹੋਣ ਦਾ ਹੁਨਰ ਹੈ। (ਸਹੀ)

71. ਡਾ. ਨਰਿੰਦਰ ਸਿੰਘ ਕਪੂਰ ਨੇ ਸੱਚੋ-ਸੱਚ ਸਫ਼ਰਨਾਮਾ ਲਿਖਿਆ। (ਸਹੀ)

72. ਡਾ. ਨਰਿੰਦਰ ਸਿੰਘ ਕਪੂਰ ਦੇ ਮਾਤਾ ਦਾ ਨਾਮ ਰਾਮ ਕੌਰ ਹੈ। (ਗ਼ਲਤ)

73. ਤੁਰਨ ਵਾਲ਼ੇ ਵਿਅਕਤੀ ਨੂੰ ਸਾਰੀਆਂ ਥਾਂਵਾਂ ਨੇੜੇ ਪ੍ਰਤੀਤ ਹੁੰਦੀਆਂ ਹਨ। (ਸਹੀ)

74. ਬਹੁਤ ਤੇਜ਼ ਤੁਰਨਾ ਅਸ਼ਿਸ਼ਟਤਾ ਦੀ ਨਿਸ਼ਾਨੀ ਨਹੀਂ ਹੈ। (ਗ਼ਲਤ)

75. ਤੁਰਨ ਨਾਲ਼ ਨਿਗੂਣੀਆਂ ਚੀਜ਼ਾਂ ਸੁੰਦਰ ਲੱਗਣ ਲੱਗ ਪੈਂਦੀਆਂ ਹਨ। (ਸਹੀ)

76. ਲੋਕ ਤੁਰਨ ਨੂੰ ਸਮੇਂ ਦੀ ਬਰਬਾਦੀ ਕਹਿੰਦੇ ਹਨ। (ਸਹੀ)

77. ਪੁਰਾਣੇ ਸਮੇਂ ਵਿੱਚ ਲੋਕ ਮੋਟਰ-ਕਾਰਾਂ ਤੇ ਸਫ਼ਰ ਕਰਦੇ ਸਨ। (ਗ਼ਲਤ)

**ਕੁਲਫ਼ੀ**

78. ਕੁਲਫ਼ੀ ਕਹਾਣੀ ਦਾ ਲੇਖਕ ਪ੍ਰਿੰਸੀਪਲ ਸੁਜਾਨ ਸਿੰਘ ਹੈ। (ਸਹੀ)

79. ਸੁਜਾਨ ਸਿੰਘ ਨੂੰ ਸਾਹਿਤ ਅਕਾਦਮੀ ਵੱਲੋਂ ਰਾਸ਼ਟਰੀ ਪੁਰਸਕਾਰ ਨਾਲ਼ ਸਨਮਾਨਿਤ ਕੀਤਾ ਗਿਆ। (ਸਹੀ)

8●. ਕਾਕੇ ਨੇ ਮੁਰਮੁਰੇ ਖਾਣ ਲਈ ਟਕਾ ਮੰਗਿਆ। (ਸਹੀ)

81. ਸ਼ਾਹਾਂ ਦਾ ਮੁੰਡਾ ਮੁਰਮੁਰੇ ਲੈ ਰਿਹਾ ਸੀ। (ਗ਼ਲਤ)

82. ਸ੍ਰੀਮਤੀ ਨੇ ਕਾਕੇ ਨੂੰ ਆਖਿਆ 'ਆ ਖਸਮਾਂ ਖਾਣਿਆ ਤੂੰ ਲੱਗੇਂ ਹੁਣੇ ਉਲਾਂਭੇ ਲਿਆਉਣ'। (ਸਹੀ)

83. ਕਾਕੇ ਨੇ ਸ਼ਾਹਾਂ ਦੇ ਮੁੰਡੇ ਨੂੰ ਠੁੱਡ ਮਾਰ ਕੇ ਗਲ਼ੀ ਵਿੱਚ ਸੁੱਟਿਆ। (ਗ਼ਲਤ)

84. ਕੁਲਫ਼ੀ ਵਾਲ਼ੇ ਨੇ ਕਾਕੇ ਦੇ ਡੰਡਾ ਮਾਰਿਆ। (ਗ਼ਲਤ)

**ਮੜ੍ਹੀਆਂ ਤੋਂ ਦੂਰ**

85. ਮੜ੍ਹੀਆਂ ਤੋਂ ਦੂਰ ਕਹਾਣੀ ਦੇ ਅੱਠ ਪਾਤਰ ਹਨ। (ਗ਼ਲਤ)

86. ਮਾਸੀ ਦਾ ਕੱਦ ਪੰਜ ਫ਼ੁੱਟ ਚਾਰ ਇੰਚ ਸੀ। (ਸਹੀ)

87. ਬਲਵੰਤ ਰਾਏ ਦੀ ਪਤਨੀ ਦਾ ਨਾਂ ਬਿੰਦੂ ਸੀ। (ਸਹੀ)

88. ਮਾਸੀ ਨੇ ਮੰਦਰ ਵਿੱਚ ਭਜਨ ਗਾਏ ਸਨ। (ਸਹੀ)

**ਅੰਗ-ਸੰਗ**

89. ਅੰਗ-ਸੰਗ ਕਹਾਣੀ ਦੇ ਮੁੱਖ ਪਾਤਰ ਦਾ ਨਾਂ ਅਮਰੀਕ ਸਿੰਘ ਹੈ। (ਸਹੀ)

9●. ਕਰਤਾਰ ਸਿੰਘ ਦੇ ਕੁੱਲ ਤਿੰਨ ਬੱਚੇ ਸਨ। (ਸਹੀ)

91. ਮਹਿੰਦਰ ਅਮਰੀਕ ਦਾ ਛੋਟਾ ਭਰਾ ਲਗਦਾ ਹੈ। (ਸਹੀ)

92. ਅੰਗ-ਸੰਗ ਕਹਾਣੀ ਵਿੱਚ ਅਮਰੀਕ ਸਿੰਘ ਦੀ ਮੌਤ ਹੋਈ ਸੀ। (ਗ਼ਲਤ)

93. ਜਗੀਰ ਕੌਰ ਮਹਿੰਦਰ ਸਿੰਘ ਦੀ ਪਤਨੀ ਸੀ। (ਸਹੀ)

**ਬੰਮ ਬਹਾਦਰ**

94. ਗੁਰਬਖ਼ਸ਼ ਸਿੰਘ ਦੀ ਲਿਖੀ ਹੋਈ ਕਹਾਣੀ ਬੰਮ ਬਹਾਦਰ ਹੈ। (ਸਹੀ)

95. ਬੰਮ ਨੇ ਗ਼ੁੱਸੇ ਵਿੱਚ ਆ ਕੇ ਰਾਜੇ ਨੂੰ ਮਾਰ ਦਿੱਤਾ। (ਗ਼ਲਤ)

96. ਬੰਮ ਨੇ ਸੁੰਡ ਵਿੱਚ ਗੰਦਾ ਪਾਣੀ ਭਰਿਆ ਸੀ। (ਸਹੀ)

97. ਮਹਾਰਾਜਾ ਬਟਾਲਾ ਤੋਂ ਵਿਆਹ ਕਰਾ ਕੇ ਆਏ ਸਨ। (ਗ਼ਲਤ)

**ਬਾਗ਼ੀ ਦੀ ਧੀ**

98. ਕੌਮੀ ਝੰਡਾ ਸ਼ਰਨ ਕੌਰ ਦੇ ਹੱਥ ਵਿੱਚ ਸੀ। (ਸਹੀ)

99. ਵੀਰਾਂ ਵਾਲੀ ਕਿਸ਼ਨ ਸਿੰਘ ਦੀ ਭੈਣ ਸੀ। (ਸਹੀ)

100. ਕਿਸ਼ਨ ਸਿੰਘ ਨੂੰ ਪੰਜ ਸਾਲਾਂ ਦੀ ਕੈਦ ਹੋਈ ਸੀ। (ਸਹੀ)

101. ਬਾਗ਼ੀ ਦੀ ਧੀ ਦਾ ਮੁੱਖ ਪਾਤਰ ਗੁਰਬਖ਼ਸ਼ ਸਿੰਘ ਹੈ। (ਗ਼ਲਤ)

**ਧਰਤੀ ਹੇਠਲਾ ਬਲ਼ਦ**

102. 'ਧਰਤੀ ਹੇਠਲਾ ਬਲ਼ਦ' ਕਹਾਣੀ ਦਾ ਲੇਖਕ ਕੁਲਵੰਤ ਸਿੰਘ ਵਿਰਕ ਹੈ। (ਸਹੀ)

103. ਮਾਨ ਸਿੰਘ ਦਾ ਪਿੰਡ ਚੂਹੜਕਾਣਾ ਸੀ। (ਸਹੀ)

104. ਕਰਮ ਸਿੰਘ ਦੇ ਛੋਟੇ ਭਰਾ ਦਾ ਨਾਂ ਮਾਨ ਸਿੰਘ ਸੀ। (ਗ਼ਲਤ)

105. ਮਾਨ ਸਿੰਘ ਨੂੰ ਕਰਮ ਸਿੰਘ ਦਾ ਪਿਤਾ ਧਰਤੀ ਹੇਠਲਾ ਬਲ਼ਦ ਪ੍ਰਤੀਤ ਹੋਇਆ। (ਸਹੀ)

**ਇੱਕ ਪੈਰ ਘੱਟ ਤੁਰਨਾ**

106. ਰਸ਼ੀਦ ਦੀ ਪਤਨੀ ਦਾ ਨਾਂ ਫ਼ਰੀਦਾ ਸੀ। (ਸਹੀ)

107. ਅਸਲਕ ਅਮਰੀਕਾ ਵਿੱਚ ਰਹਿੰਦਾ ਸੀ। (ਸਹੀ)

108. ਰਸ਼ੀਦ ਦੀ ਪਤਨੀ ਨੂੰ ਮਰਿਆਂ ਅੱਠ ਸਾਲ ਹੋ ਚੁੱਕੇ ਸਨ। (ਸਹੀ)

109. ਰਸ਼ੀਦ ਦੇ ਤਿੰਨ ਬੱਚੇ ਸਨ। (ਗ਼ਲਤ)

**ਇਕਾਂਗੀ (ਬੰਬ ਕੇਸ)**

110. ਦੀਪੋ ਵੀਰਾਂ ਵਾਲੀ ਦੀ ਭੈਣ ਲਗਦੀ ਸੀ। (ਗ਼ਲਤ)

111. ਦੀਪੋ ਵਜ਼ੀਰੇ ਦੀ ਭੈਣ ਲਗਦੀ ਸੀ। (ਸਹੀ)

112. ਸਿਪਾਹੀ ਦਾ ਨਾਂ ਨੱਥਾ ਸਿੰਘ ਹੈ। (ਸਹੀ)

113. ਬੰਬ ਕੇਸ ਇਕਾਂਗੀ ਦਾ ਲੇਖਕ ਡਾ. ਹਰਚਰਨ ਸਿੰਘ ਹੈ। (ਗ਼ਲਤ)

**ਨਾਇਕ**

114. ਨਾਇਕ ਇਕਾਂਗੀ ਵਿੱਚ ਪਿਤਾ ਚਾਰ ਰੂਪਾਂ ਵਿੱਚ ਪੇਸ਼ ਹੁੰਦਾ ਹੈ। (ਗ਼ਲਤ)

115. ਪੁੱਤਰ ਦਾ ਨਾਂ ਸੁਖਦੇਵ ਸਿੰਘ ਸੀ। (ਸਹੀ)

116. ਪਿਤਾ ਪੁੱਤਰ ਨੂੰ ਦੋ ਸਾਲ ਦੀ ਸਜ਼ਾ ਦਿੰਦਾ ਹੈ। (ਸਹੀ)

117. ਇਕਾਂਗੀ ਦੇ ਅੰਤ ਵਿੱਚ ਪਿਤਾ ਤੇ ਪੁੱਤਰ ਦੀ ਮੁਲਾਕਾਤ ਜੇਲ੍ਹ ਵਿੱਚ ਹੋਈ। (ਸਹੀ)

**ਸਮੁੰਦਰੋਂ ਪਾਰ**

118. ਹਰਦੇਵ ਨੂੰ ਸ਼ਰਨਜੀਤ ਦੇ ਇੰਗਲੈਂਡ ਆਉਣ ਦਾ ਪਤਾ ਹਕੂਮਤ ਰਾਏ ਤੋਂ ਲੱਗਾ। (ਸਹੀ)

119. ਸ਼ਰਨਜੀਤ ਹਰਦੇਵ ਦੀ ਪਹਿਲੀ ਪਤਨੀ ਹੈ। (ਸਹੀ)

120. ਨੀਟੂ ਮਰਸੀ ਦਾ ਮੁੰਡਾ ਹੈ। (ਗ਼ਲਤ)

121. ਹਰਦੇਵ ਨੂੰ ਮਰਸੀ ਮੈਟਰੋ ਵਿੱਚ ਉਡੀਕ ਰਹੀ ਸੀ। (ਸਹੀ)

122. ਮਰਸੀ ਭਾਰਤ ਤੋਂ ਆਈ ਸੀ। (ਗਲਤ)

123. ਇਕਾਂਗੀ ਦੀਆਂ ਸਾਰੀਆਂ ਘਟਨਾਵਾਂ ਇੰਗਲੈਂਡ ਦੇ ਮਿਡਲਸੈਕਸ ਵਿੱਚ ਵਾਪਰਦੀਆਂ ਹਨ। (ਸਹੀ)

124. ਬਲਵੰਤ ਰਾਏ ਕੋਲ਼ ਪਸਤੌਲ ਹੈ। (ਸਹੀ)

125. ਸ਼ਰਨਜੀਤ ਸੱਚੀ ਔਰਤ ਹੈ। (ਸਹੀ)

126. ਪਸਤੌਲ ਤੋਂ ਚੱਲੀ ਗੋਲ਼ੀ ਮਰਸੀ ਦੇ ਜਾ ਲੱਗੀ। (ਗ਼ਲਤ)

127. ਹਰਦੇਵ ਬਾਜਵਾ ਵਧੀਆ ਆਚਰਨ ਦਾ ਮਾਲਕ ਹੈ। (ਗ਼ਲਤ)

**ਜ਼ਫ਼ਰਨਾਮਾ**

128. ਔਰੰਗਜ਼ੇਬ ਦੀ ਬੇਟੀ ਜ਼ੀਨਤ-ਉਨ-ਨਿਸਾ ਨਹੀਂ ਹੈ। (ਗ਼ਲਤ)

129. ਬੇਗਮ ਉਦੇਪੁਰੀ ਔਰੰਗਜ਼ੇਬ ਦੀ ਪਹਿਲੀ ਪਤਨੀ ਹੈ। (ਸਹੀ)

130. ਵਜ਼ੀਰ ਖ਼ਾਨ ਨੇ ਔਰੰਗਜ਼ੇਬ ਦਾ ਨਾਂ ਬਦਨਾਮ ਕੀਤਾ। (ਸਹੀ)

131. ਧੋਖੇ ਨਾਲ਼ ਅਨੰਦਪੁਰ ਸਾਹਿਬ ਤੋਂ ਗੁਰੂ ਤੇਗ਼ ਬਹਾਦਰ ਜੀ ਨੂੰ ਕਢਵਾਇਆ ਗਿਆ ਸੀ। (ਗ਼ਲਤ)

132. ਔਰੰਗਜ਼ੇਬ ਦਾ ਵਧੀਆ ਸਲਾਹਕਾਰ ਕਾਮਬਖ਼ਸ਼ ਸੀ। (ਗ਼ਲਤ)

133. ਭਾਈ ਦਯਾ ਸਿੰਘ ਜੀ ਪੰਜ ਪਿਆਰਿਆਂ ਵਿੱਚੋਂ ਇੱਕ ਸਨ। (ਸਹੀ)

134. ਔਰੰਗਜ਼ੇਬ ਨੂੰ ਉਸ ਦੀ ਬੇਟੀ ਅਨੁਸਾਰ ਖ਼ੁਦਾ ਵੀ ਮਾਫ਼ ਨਹੀਂ ਕਰੇਗਾ। (ਸਹੀ)

135. ਜ਼ੀਨਤ-ਉਨ-ਨਿਸਾ ਔਰੰਗਜ਼ੇਬ ਦੀ 25 ਸਾਲਾਂ ਤੋਂ ਖ਼ਿਦਮਤ ਕਰ ਰਹੀ ਸੀ। (ਸਹੀ)

136. ਔਰੰਗਜ਼ੇਬ ਨੂੰ ਜ਼ਫ਼ਰਨਾਮਾ ਗੁਰੂ ਗੋਬਿੰਦ ਸਿੰਘ ਨੇ ਭੇਜਿਆ ਸੀ। (ਸਹੀ)

137. ਔਰੰਗਜ਼ੇਬ ਜ਼ੁਲਮ ਨਹੀਂ ਕਰਦਾ ਸੀ। (ਗ਼ਲਤ)

**ਦੂਜਾ ਵਿਆਹ**

138. ਸੁਖਦੇਵ ਕੌਰ ਦੇ ਪਤੀ ਦਾ ਨਾਂ ਬਲਵੰਤ ਸਿੰਘ ਹੈ। (ਸਹੀ)

139. ਸੁਖਦੇਵ ਅਤੇ ਮਨਜੀਤ ਦੇ ਵਿਆਹ ਨੂੰ ਦੋ ਸਾਲ ਹੋ ਗਏ ਸਨ। (ਸਹੀ)

14●. ਨਿਹਾਲ ਕੌਰ ਆਪਣੀ ਨੂੰਹ ਨੂੰ ਦਹੇਜ ਲਈ ਤੰਗ ਕਰਦੀ ਸੀ। (ਗ਼ਲਤ)

141. ਨਿਹਾਲ ਕੌਰ ਅਨਪੜ੍ਹ ਸੀ। (ਸਹੀ)

142. ਮਨਜੀਤ ਕੌਰ ਥਾਣੇਦਾਰ ਦੀ ਧੀ ਸੀ। (ਸਹੀ)

143. ਮਨਜੀਤ ਕੌਰ ਦੇ ਪਤੀ ਦਾ ਨਾਂ ਸੁਖਦੇਵ ਸੀ। (ਸਹੀ)

144. ਮਨਜੀਤ ਦੇ ਕੋਈ ਉਲ਼ਾਦ ਨਹੀਂ ਸੀ। (ਸਹੀ)

145. ਸੁਖਦੇਵ ਕੌਰ ਦੀਆਂ ਦੋ ਕੁੜੀਆਂ ਸਨ। (ਸਹੀ)

**ਨਾਵਲ (ਇੱਕ ਹੋਰ ਨਵਾਂ ਸਾਲ)**

146. ਦਿਆਲਾ ਖ਼ਾਲਸਾ ਕਾਲਜ ਤੋਂ ਸਵਾਰੀ ਲੈ ਕੇ ਆਇਆ। (ਸਹੀ)

147. ਜੀ. ਟੀ. ਰੋਡ ਉੱਤੇ ਬੰਤੇ ਨੂੰ ਦਿਆਲਾ ਛੱਡ ਕੇ ਤੁਰ ਪਿਆ। (ਗ਼ਲਤ)

148. ਬੰਤਾ ਰਿਕਸ਼ੇ ’ਤੇ ਚਲਿਆ ਜਾਂਦਾ ਸਟੇਸ਼ਨ ’ਤੇ ਰੁਕਿਆ ਸੀ। (ਸਹੀ)

149. ਬੁੱਢੇ ਨੇ ਦੰਦਾਂ ਦੇ ਹਸਪਤਾਲ ਜਾਣਾ ਸੀ। (ਗ਼ਲਤ)

15●. ਬੇਬੇ ਸਭ ਤੋਂ ਪਹਿਲਾਂ ਗੁਰਦਆਰੇ ਵਿੱਚ ਮੱਥਾ ਟੇਕਣਾ ਚਾਹੁੰਦੀ ਸੀ। (ਸਹੀ)

151. ਬੁੱਢੇ ਦੀਆਂ ਅੱਖਾਂ ਬਣਨ ਤੋਂ ਰਹਿੰਦੀਆਂ ਸਨ। (ਗ਼ਲਤ)

152. ਸਵਾਰੀ ਨੇ ਬੰਤੇ ਨੂੰ ਲਾਰੰਸ ਰੋਡ ਜਾਣ ਲਈ ਕਿਹਾ। (ਸਹੀ)

153. ਕ੍ਰਿਸ਼ਨ ਦੀ ਬੰਸਰੀ ਚਾਂਦੀ ਦੀ ਸੀ। (ਗ਼ਲਤ)

154. ਬੰਤੇ ਦੇ ਵਾਲ਼ ਉਸ ਦੇ ਮਾਮੇ ਨੇ ਕਟਵਾ ਦਿੱਤੇ ਸਨ। (ਸਹੀ)

155. ਬੰਤੇ ਨੂੰ ਸਿਗਰਟਾਂ ਪੀਣ ਦੀ ਭੈੜੀ ਆਦਤ ਸੀ। (ਸਹੀ)

156. ਦੁਕਾਨਦਾਰ ਦੇ ਪਿਓ ਨੂੰ ਪੇਟ-ਗੈਸ ਤੇ ਡਕਾਰਾਂ ਦੀ ਬਿਮਾਰੀ ਸੀ। (ਸਹੀ)

157. ਕਵੀ ਨੇ ਬੰਤੇ ਨੂੰ ਤਿੰਨ ਆਨੇ ਦੇਣੇ ਸ੍ਵੀਕਾਰ ਕੀਤੇ ਸਨ। (ਗ਼ਲਤ)

158. ਦੋਵੇਂ ਕਵੀ ਪਾਨ ਚਬਾ ਰਹੇ ਸਨ। (ਗ਼ਲਤ)

159. ਬੰਤਾ ਬਾਬੇ ਤੋਂ ਬਾਤਾਂ ਸੁਣਨ ਦਾ ਅਨੰਦ ਲੈਂਦਾ ਸੀ। (ਸਹੀ)

16●. ਸਕੂਟਰ ਵਾਲ਼ਾ ਜੈਂਟਲਮੈਨ ਬੰਤੇ ਨੂੰ ਗਾਂਧੀ ਗ੍ਰਾਊਂਡ ਕੋਲ਼ ਮਿਲ਼ਿਆ ਸੀ। (ਸਹੀ)

161. ਸਕੂਟਰ ਵਾਲ਼ੇ ਦੇ ਬਾਸ ਦਾ ਨਾਂ ਬੰਤਾ ਸੀ। (ਗ਼ਲਤ)

162. ਸਕੂਟਰ ਵਾਲ਼ੇ ਦੀ ਪਤਨੀ ਦਾ ਨਾਂ ਤਾਰੋ ਸੀ। (ਗ਼ਲਤ)

163. ਸਕੂਟਰ ਵਾਲ਼ੇ ਦੀ ਪਤਨੀ ਦਾ ਨਾਂ ਸੁਸ਼ਮਾ ਸੀ। (ਸਹੀ)

164. ਤਾਰੋ ਆਪਣੀ ਪਹਿਲੀ ਕੁੜੀ ਦੇ ਜਨਮ ਵੇਲ਼ੇ ਬਿਮਾਰ ਹੋ ਗਈ ਸੀ। (ਸਹੀ)

165. ਸ਼ਰਾਬੀ ਇਨਸਪੈੱਕਟਰ ਦੀ ਪੱਗ ਢੱਠੀ ਹੋਈ ਸੀ। (ਸਹੀ)

166. ਇਨਸਪੈੱਕਟਰ ਨੇ ਬੰਤੇ ਨੂੰ ਪੰਜ ਰੁਪਏ ਦਿੱਤੇ। (ਗ਼ਲਤ)

167. ਤਾਰੋ ਛੁੰਮਣ ਨੂੰ ਰਾਜਾ ਬੇਟਾ ਕਹਿ ਕੇ ਬੁਲਾਉਂਦੀ ਹੈ। (ਸਹੀ)

168. ਬੰਤਾ ਬੱਸ ਚਲਾਉਣ ਦਾ ਕੰਮ ਕਰਨਾ ਚਾਹੁੰਦਾ ਸੀ। (ਗ਼ਲਤ)

169. ਬੰਤੇ ਨੂੰ ਮਾਂਹਾਂ ਦੀ ਦਾਲ਼ ਸਭ ਤੋਂ ਸੁਆਦੀ ਲੱਗਦੀ ਸੀ। (ਸਹੀ)

**ਪ੍ਰਸ਼ਨ-ਪੱਤਰ ਅਨੁਸਾਰ ਪ੍ਰਸ਼ਨ 13 ਤੋਂ 15 ਨਾਲ਼ ਸੰਬੰਧਿਤ**

**(ਸ) ਸਹੀ ਮਿਲਾਣ ਕਰੋ।**

**1. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਗੁਰਮਤਿ-ਕਾਵਿ)**

| | |
|---|---|
| ੳ) ਗੁਰੂ ਨਾਨਕ ਦੇਵ ਜੀ | 1. ਸਤਿਗੁਰ ਨਾਨਕ ਪ੍ਰਗਟਿਆ |
| ਅ) ਗੁਰੂ ਅਮਰਦਾਸ ਜੀ | 2. ਪਵਣੁ ਗੁਰੂ ਪਾਣੀ ਪਿਤਾ |
| ੲ) ਗੁਰੂ ਅਰਜਨ ਦੇਵ ਜੀ | 3. ਅਨੰਦ ਭਇਆ ਮੇਰੀ ਮਾਏ |
| ਸ) ਭਾਈ ਗੁਰਦਾਸ ਜੀ | 4. ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ |

ਉੱਤਰ - ੳ-2, ਅ-3, ੲ-4, ਸ-1

**2. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਕਿੱਸਾ-ਕਾਵਿ)**

| | |
|---|---|
| ੳ) ਸਭੁ ਕਿਛ ਮੇਰਾ ਤੂੰ | 1. ਵਾਰਿਸ ਸ਼ਾਹ |
| ਅ) ਮਿਰਜ਼ਾ ਸਾਹਿਬਾਂ | 2. ਸ਼ਾਹ ਹੁਸੈਨ |
| ੲ) ਇਸ਼ਕ ਦੀ ਨਵੀਉਂ ਨਵੀਂ ਬਹਾਰ | 3. ਪੀਲੂ |
| ਸ) ਹੀਰ ਦਾ ਸਿਦਕ | 4. ਬੁੱਲ੍ਹੇ ਸ਼ਾਹ |

ਉੱਤਰ - ੳ-2, ਅ-3, ੲ-4, ਸ-1

**3. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਕਿੱਸਾ-ਕਾਵਿ)**

| | |
|---|---|
| ੳ) ਗਰਦ | 1. ਬੇਹੋਸ਼ |
| ਅ) ਗਸ਼ | 2. ਵਿਛੋੜਾ |

ੲ) ਫ਼ਿਰਾਕ 3. ਮਿੱਟੀ

ਉੱਤਰ – ੳ–3, ਅ–1, ੲ–2,

**4. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਪਵਣੁ ਗੁਰੂ ਪਾਣੀ ਪਿਤਾ)**

ੳ) ਪਵਣੁ 1. ਮਾਤਾ

ਅ) ਪਾਣੀ 2. ਗੁਰੂ

ੲ) ਧਰਤਿ 3. ਪਿਤਾ

ਉੱਤਰ – ੳ–2, ਅ–3, ੲ–1,

**5. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਪਵਣੁ ਗੁਰੂ ਪਾਣੀ ਪਿਤਾ)**

ੳ) ਦਿਵਸ ਰਾਤਿ ਦੁਇ ਦਾਈ ਦਾਇਆ 1. ਵਾਚੈ ਧਰਮੁ ਹਦੂਰਿ।।

ਅ) ਚੰਗਿਆਈਆ ਬੁਰਿਆਈਆ 2. ਕੇ ਨੇੜੈ ਕੇ ਦੂਰਿ।।

ੲ) ਕਰਮੋ ਆਪੋ ਆਪਣੀ 3. ਖੇਲੈ ਸਗਲ ਜਗਤੁ।।

ਸ) ਜਿਨੀ ਨਾਮ ਧਿਆਇਆ 4. ਗਏ ਮਸਕਤਿ ਘਾਲਿ।।

ਉੱਤਰ – ੳ–3, ਅ–1, ੲ–2, ਸ–4

**6. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ)**

ੳ) ਤੂੰ ਮੇਰਾ ਪਿਤਾ 1. ਤੂੰ ਮੇਰਾ ਭ੍ਰਾਤਾ

ਅ) ਤੂੰ ਮੇਰਾ ਬੰਧਪੁ 2. ਸਭਨੀ ਥਾਈ

ੲ) ਤੂੰ ਮੇਰਾ ਰਾਖਾ 3. ਤੂੰ ਹੈ ਮੇਰਾ ਮਾਤਾ

ਉੱਤਰ – ੳ–3, ਅ–1, ੲ–2,

**7. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਗੁਰਮਤਿ–ਕਾਵਿ)**

ੳ) ਸੋ ਕਿਉ ਮੰਦਾ ਆਖੀਐ 1. ਤਿਤੁ ਸਚੈ ਦਰਬਾਰ।।

ਅ) ਨਾਨਕ ਤੇ ਮੁਖ ਉਜਲੇ 2. ਰਵਿ ਚੰਦੁ ਦੀਪਕ ਬਨੇ।।

ੲ) ਗਗਨ ਮੈ ਥਾਲੁ 3. ਜਿਤੁ ਜੰਮਹਿ ਰਾਜਾਨ।।

ਉੱਤਰ – ੳ–3, ਅ–1, ੲ–2,

**8. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਕਿੱਸਾ ਪੂਰਨ ਭਗਤ)**

ੳ) ਪੂਰਨ ਦਾ ਜਨਮ 1. ਸਲਵਾਨ

ਅ) ਪੂਰਨ ਦੀ ਮਾਂ 2. ਸਿਆਲਕੋਟ

ੲ) ਪੂਰਨ ਦਾ ਪਿਤਾ 3. ਲੂਣਾ

ਸ) ਪੂਰਨ ਦੀ ਮਤਰੇਈ ਮਾਂ 4. ਇੱਛਰਾਂ

ਉੱਤਰ - ੳ-2, ਅ-3, ੲ-4, ਸ-3

**9. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਕਿੱਸਾ ਪੂਰਨ ਭਗਤ)**

ੳ) ਬੇਦ 1. ਜੰਮਿਆ

ਅ) ਸਖੀ 2. ਜੋਤਿਸ਼ ਵਿੱਦਿਆ ਦੀ ਪੁਸਤਕ

ੲ) ਜਾਇਆ 3. ਸਹੇਲੀ

ਉੱਤਰ - ੳ-2, ਅ-3, ੲ-1

**10. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਕਿੱਸਾ-ਕਾਵਿ ਤੇ ਬੀਰ-ਕਾਵਿ)**

ੳ) ਚੰਡੀ ਦੀ ਵਾਰ 1. ਕਾਦਰਯਾਰ

ਅ) ਜੰਗਨਾਮਾ ਸਿੰਘਾਂ ਤੇ ਫਿਰੰਗੀਆਂ 2. ਸ੍ਰੀ ਗੁਰੂ ਗੋਬਿੰਦ ਸਿੰਘ ਜੀ

ੲ) ਕਿੱਸਾ ਸੱਸੀ ਪੁੰਨੂੰ 3. ਸ਼ਾਹ ਮੁਹੰਮਦ

ਸ) ਕਿੱਸਾ ਪੂਰਨ ਭਗਤ 4. ਹਾਸ਼ਮ ਸ਼ਾਹ

ਉੱਤਰ - ੳ-2, ਅ-3, ੲ-4, ਸ-1

**11. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਪਵਣੁ ਗੁਰੂ ਪਾਣੀ ਪਿਤਾ)**

ੳ) ਮਸਕਤਿ 1. ਜਿਨ੍ਹਾਂ ਮਨੁੱਖਾਂ ਨੇ

ਅ) ਛੁਟੀ 2. ਮਿਹਨਤ

ੲ) ਦਿਵਸੁ 3. ਮੁਕਤੀ

ਸ) ਜਿਨੀ 4. ਦਿਨ

ਉੱਤਰ - ੳ-2, ਅ-3, ੲ-4, ਸ-1

**12. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਸੋ ਕਿਉ ਮੰਦਾ ਆਖਿਐ)**

ੳ) ਭੰਡਿ 1. ਸੰਬੰਧ

ਅ) ਮੰਗਣੁ 2. ਇਸਤਰੀ

ੲ) ਰਾਜਾਨੁ 3. ਕੁੜਮਾਈ

ਸ) ਬੰਧਨ 4. ਰਾਜੇ

ਉੱਤਰ - ੳ-2, ਅ-3, ੲ-4, ਸ-1

**13. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਗਗਨ ਮੈ ਥਾਲੁ)**

| | |
|---|---|
| ੳ) ਰਵਿ | 1. ਮੈਨੂੰ |
| ਅ) ਭੇਰੀ | 2. ਸੂਰਜ |
| ੲ) ਜੋਤਿ | 3. ਨਗਾਰਾ |
| ਸ) ਮੋਹਿ | 4. ਪ੍ਰਕਾਸ਼ |

ਉੱਤਰ – ੳ–2, ਅ–3, ੲ–4, ਸ–1

**14. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਅਨੰਦ ਭਇਆ ਮੇਰੀ ਮਾਏ)**

| | |
|---|---|
| ੳ) ਸਹਜ ਸੇਤੀ | 1. ਪੂਰਨ ਖੇੜਾ |
| ਅ) ਅੰਗੀਕਾਰ | 2. ਸ਼ਕਤੀਸ਼ਾਲੀ |
| ੲ) ਸਮਰੱਥ | 3. ਸਹਿਜ ਨਾਲ਼ |
| ਸ) ਅਨੰਦ | 4. ਪੱਖ |

ਉੱਤਰ – ੳ–3, ਅ–4, ੲ–2, ਸ–1

**15. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ)**

| | |
|---|---|
| ੳ) ਬੰਧਪੁ | 1. ਪੈਦਾ ਕੀਤੇ |
| ਅ) ਉਪਾਏ | 2. ਚਿੰਤਾ |
| ੲ) ਸੀਤਲਾਇਆ | 3. ਰਿਸ਼ਤੇਦਾਰ |
| ਸ) ਕਾੜਾ | 4. ਠੰਢਾ ਹੋ ਗਿਆ |

ਉੱਤਰ – ੳ–3, ਅ–1, ੲ–4, ਸ–2

**16. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਮਿਠ ਬੋਲੜਾ ਜੀ ਹਰਿ ਸਜਣੁ)**

| | |
|---|---|
| ੳ) ਮਿਠ ਬੋਲੜਾ | 1. ਹੈਰਾਨ |
| ਅ) ਅਉਗਣ ਕੋ | 2. ਸੰਸਾਰ-ਸਮੁੰਦਰ |
| ੲ) ਬਿਸਮੁ | 3. ਮਿੱਠਾ ਬੋਲਣ ਵਾਲ਼ਾ |
| ਸ) ਭਵਜਲ | 4. ਕੋਈ ਵੀ ਔਗੁਣ |

ਉੱਤਰ – ੳ–3, ਅ–4, ੲ–1, ਸ–2

**17. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਮੇਰਾ ਮਨ ਲੋਚੈ ਗੁਰਦਰਸਨ ਤਾਈ)**

| | |
|---|---|
| ੳ) ਗੁਰਦਰਸਨ | 1. ਨਾ ਨਾਸ ਹੋਣ ਵਾਲ਼ਾ |

ਅ) ਤ੍ਰਿਖਾ 2. ਵਾਹਿਗੁਰੂ

ਏ) ਮੁਰਾਰੇ 3. ਤੇਹ

ਸ) ਅਬਿਨਾਸੀ 4. ਗੁਰੂ ਦੇ ਦਰਸ਼ਨ

ਉੱਤਰ – ੳ–4, ਅ–3, ੲ–2, ਸ–1

**18. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਸਤਿਗੁਰ ਨਾਨਕ ਪ੍ਰਗਟਿਆ)**

ੳ) ਮਿਰਗਾਵਲੀ 1. ਵਿਸਾਖੀ

ਅ) ਵਿਸੋਆ 2. ਚਾਰੇ ਕੂੰਟਾਂ

ੲ) ਚਾਰ ਚਕਿ 3. ਦੌੜਦੀ

ਸ) ਭੰਨੀ 4. ਹਰਨਾਂ ਦੀ ਕਤਾਰ

ਉੱਤਰ – ੳ–4, ਅ–1, ੲ–2, ਸ–3

**19. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਦੇਖਿ ਪਰਾਈਆਂ ਚੰਗੀਆ)**

ੳ) ਕਲਤ੍ਰ 1. ਅਨੰਦ

ਅ) ਅਹੰਮੇਉ 2. ਪ੍ਰਸੰਸਾ

ੲ) ਰਸ ਰਲੀਆ 3. ਇਸਤਰੀ

ਸ) ਉਸਤਤਿ 4. ਹੰਕਾਰ

ਉੱਤਰ – ੳ–3, ਅ–4, ੲ–1, ਸ–2

**2●. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਅਕਿਰਤਘਣ)**

ੳ) ਕੋਟ 1. ਸਮੁੰਦਰਾਂ

ਅ) ਸਾਇਰਾ 2. ਧਰਤੀ ਨੂੰ

ੲ) ਭੁਈ 3. ਕੀਤਾ ਨਾ ਜਾਣਨ ਵਾਲ਼ੇ

ਸ) ਅਕਿਰਤਘਣ 4. ਕਿਲ੍ਹੇ ਤੇ ਗੜ੍ਹੀਆਂ

ਉੱਤਰ – ੳ–4, ਅ–1, ੲ–2, ਸ–3

**21. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਸਲੋਕ ਸ਼ੇਖ਼ ਫ਼ਰੀਦ ਜੀ)**

ੳ) ਫਰੀਦਾ ਜੇ ਤੂ ਅਕਲਿ ਲਤੀਫੁ 1. ਤਿਨ੍ਹਾ ਨ ਮਾਰੇ ਘੁੰਮਿ।

ਅ) ਫਰੀਦਾ ਸਕਰ ਖੰਡ ਨਿਵਾਤ ਗੁੜੁ 2. ਕਾਲੇ ਲਿਖ ਨ ਲੇਖੁ।

ੲ) ਫਰੀਦਾ ਰੋਟੀ ਮੇਰੀ ਕਾਠ ਕੀ 3. ਮਾਖਿਉ ਮਾਝਾ ਦੁਧੁ।

ਸ) ਫਰੀਦਾ ਜੋ ਤੈ ਮਾਰਨ ਮੁਕੀਆਂ 4. ਲਾਵਣੁ ਮੇਰੀ ਭੁੱਖ।

ਉੱਤਰ – ੳ–2, ਅ–3, ੲ–4, ਸ–1

**22. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਸਲੋਕ ਸ਼ੇਖ਼ ਫ਼ਰੀਦ ਜੀ)**

ੳ) ਅਕਲਿ ਲਤੀਫ 1. ਰੁੱਖੀ-ਮਿੱਸੀ ਰੋਟੀ

ਅ) ਗਿਰੀਵਾਨ 2. ਸ਼ਹਿਦ

ੲ) ਮਾਖਿਉ 3. ਬਰੀਕ ਸਮਝ ਵਾਲ਼ੇ

ਸ) ਕਾਠ ਕੀ 4. ਬੁੱਕਲ਼

ਉੱਤਰ – ੳ–3, ਅ–4, ੲ–2, ਸ–1

**23. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਸਭੁ ਕਿਛੁ ਮੇਰਾ ਤੂੰ)**

ੳ) ਰੱਬਾ ਮੇਰੇ ਹਾਲ ਦਾ 1. ਰੋਮਿ ਰੋਮਿ ਵਿੱਚ ਤੂੰ।

ਅ) ਅੰਦਿਰ ਤੂੰ ਹੈਂ ਬਾਹਰ ਤੂੰ ਹੈਂ 2. ਮੈਂ ਨਾਹੀਂ ਸਭ ਤੂੰ।

ੲ) ਤੂੰ ਹੈਂ ਤਾਣਾ ਤੂੰ ਹੈਂ ਬਾਣਾ 3. ਮਹਿਰਮ ਤੂੰ।

ਸ) ਕਹੈ ਹੁਸੈਨ ਫਕੀਰ ਨਿਮਾਣਾ 4. ਸਭੁ ਕਿਛੁ ਮੇਰਾ ਤੂੰ।

ਉੱਤਰ – ੳ–3, ਅ–1, ੲ–4, ਸ–2

**24. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਇਸ਼ਕ ਦੀ ਨਵੀਉਂ ਨਵੀਂ ਬਹਾਰ)**

ੳ) ਫੂਕ ਮੁਸੱਲਾ 1. ਖਾ ਮੁਰਦਾਰ

ਅ) ਨਾ ਫੜ ਤਸਬੀ 2. ਦੇ ਦੇ ਹੋਕਾ

ੲ) ਆਲਿਮ ਕਹਿੰਦਾ 3. ਭੰਨ ਸਿੱਟ ਲੋਟਾ

ਸ) ਤਰਕ ਹਲਾਲੋਂ 4. ਕਾਸਾ ਸੋਟਾ

ਉੱਤਰ – ੳ–3, ਅ–4, ੲ–2, ਸ–1

**25. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਬੁੱਲ੍ਹਾ ਕੀ ਜਾਣਾ ਮੈਂ ਕੌਣ)**

ੳ) ਮੋਮਨ 1. ਅੱਗ

ਅ) ਕੁਫ਼ਰ 2. ਪਾਣੀ ਦਾ ਬਣਿਆ ਹੋਇਆ

ੲ) ਆਬੀ 3. ਮੁਸਲਮਾਨ

ਸ) ਆਤਸ਼ 4. ਝੂਠ

ਉੱਤਰ – ੳ–3, ਅ–4, ੲ–2, ਸ–1

**26. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਇਸ਼ਕ ਦੀ ਨਵੀਉਂ ਨਵੀਂ ਬਹਾਰ)**

| | |
|---|---|
| ੳ) ਤਰਕ | 1. ਮਾਲ਼ਾ |
| ਅ) ਹਲਾਲ | 2. ਭੇਤ |
| ੲ) ਤਸਬੀ | 3. ਜਾਇਜ਼ |
| ਸ) ਰਮਜ਼ | 4. ਦਲੀਲ |

ਉੱਤਰ – ੳ–2, ਅ–1, ੲ–4, ਸ–1

**27. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਤੇਰਾ ਨਾਮ ਧਿਆਈਦਾ ਸਾਈਂ)**

| | |
|---|---|
| ੳ) ਮਜਲਸ | 1. ਇਸਲਾਮ ਮਤ ਧਾਰਨ ਵਾਲ਼ਾ ਰਾਜਪੂਤ |
| ਅ) ਰੰਗੜ | 2. ਸੜੀ ਹੋਈ ਇੱਟ |
| ੲ) ਖਿੰਗਰ | 3. ਖਾਣਾ |
| ਸ) ਤਾਮ | 4. ਸਭਾ |

ਉੱਤਰ – ੳ–4, ਅ–1, ੲ–2, ਸ–3

**28. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਮਿਰਜ਼ਾ ਸਾਹਿਬਾਂ)**

| | |
|---|---|
| ੳ) ਸੋਹਲੇ | 1. ਦਰਵਾਜ਼ਾ |
| ਅ) ਬਾਰ | 2. ਇੱਕ ਜੰਗਲ਼ੀ ਬਿਰਖ |
| ੲ) ਤਰਕਸ਼ | 3. ਖ਼ੁਸ਼ੀ ਦੇ ਗੀਤ |
| ਸ) ਜੰਡ | 4. ਭੱਥਾ, ਜਿਸ ਵਿੱਚ ਤੀਰ ਰੱਖੇ ਜਾਂਦੇ ਹਨ। |

ਉੱਤਰ – ੳ–3, ਅ–1, ੲ–4, ਸ–2

**29. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਮਿਰਜ਼ਾ ਸਾਹਿਬਾਂ)**

| | |
|---|---|
| ੳ) ਛਮਕਾਂ | 1. ਸਭਾ |
| ਅ) ਮਜਲਸ | 2. ਮੌਤ ਦਾ ਫ਼ਰਿਸ਼ਤਾ |
| ੲ) ਮਲਕੁਲ ਮੌਤ | 3. ਹੰਕਾਰ |
| ਸ) ਗੁਮਾਨ | 4. ਪਤਲੀ ਸੋਟੀ |

ਉੱਤਰ – ੳ–4, ਅ–1, ੲ–2, ਸ–3

**30. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਵਾਰਿਸ ਸ਼ਾਹ)**

| | |
|---|---|
| ੳ) ਤਖ਼ਤ ਹਜ਼ਾਰਾ | 1. ਸ਼ਾਨ |

ਅ) ਅਲਬੇਲੜਾ　　　　2. ਸੁਰਗ

ਇ) ਬਹਿਸ਼ਤ　　　　3. ਰਾਂਝੇ ਦਾ ਪਿੰਡ

ਸ) ਠਾਠ　　　　4. ਮੌਜੀ

ਉੱਤਰ – ੳ–3, ਅ–4, ੲ–2, ਸ–1

**31. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਵਾਰਿਸ ਸ਼ਾਹ)**

ੳ) ਜੀਉ　　　　1. ਧੱਸ ਗਏ

ਅ) ਧਾਣੇ　　　　2. ਜ਼ੁਲੈਖਾਂ

ੲ) ਤੈਮੂਸ ਬੇਟੀ　　　　3. ਦੁਨੀਆ

ਸ) ਖ਼ਲਕ　　　　4. ਦਿਲ

ਉੱਤਰ – ੳ–4, ਅ–1, ੲ–2, ਸ–3

**32. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਹਾਸ਼ਮ ਸ਼ਾਹ)**

ੳ) ਤੁਰਸਾਂ ਮੂਲ ਨਾ ਮੁੜਸਾਂ ਰਾਹੋਂ　　　　1. ਥਲ ਮਾਰੂ ਵਿੱਚ ਮਰਸਾਂ

ਅ) ਜਬ ਲਗ ਸਾਸ ਨਿਰਾਸ ਨਾ ਹੋਵਾਂ　　　　2. ਜਾਇ ਮਿਲਾਂ ਪਗ ਪਰਸਾਂ।

ੲ) ਜੇ ਰੱਬ ਕੂਕ ਸੱਸੀ ਦੀ ਸੁਣਸੀ　　　　3. ਮਰਨੋਂ ਮੂਲ ਨਾ ਡਰਸਾਂ।

ਸ) ਹਾਸ਼ਮ ਨਹੀਂ ਸ਼ਹੀਦ ਹੋ ਵੈਸਾਂ　　　　4. ਜਾਨ ਤਲੀ ਪੁਰ ਧਰਸਾਂ।

ਉੱਤਰ – ੳ–4, ਅ–3, ੲ–2, ਸ–1

**33. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਹਾਸ਼ਮ ਸ਼ਾਹ)**

ੳ) ਪੰਧ　　　　1. ਧੂੜ

ਅ) ਪਲੰਗੋਂ　　　　2. ਊਠ

ੲ) ਸ਼ੁਤਰ　　　　3. ਚੀਤਾ

ਸ) ਗਰਦ　　　　4. ਰਸਤਾ

ਉੱਤਰ – ੳ–4, ਅ–3, ੲ–2, ਸ–1

**34. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਕਾਦਰਯਾਰ)**

ੳ) ਅਲਫ਼ ਆਖ ਸਖੀ　　　　1. ਵੇਦ ਪੜ੍ਹਾਇਆ ਈ।

ਅ) ਪੂਰਨ ਪੁੱਤ ਸਲਵਾਨ　　　　2. ਰਾਜੇ ਨੂੰ ਖ਼ਬਰ ਹੋਈ।

ੲ) ਜਦੋਂ ਜੰਮਿਆ　　　　3. ਨੇ ਜਾਇਆ ਈ

ਸ) ਸਦ ਪੰਡਤਾਂ — 4. ਸਿਆਲਕੋਟ ਅੰਦਰ

ਉੱਤਰ – ੳ–4, ਅ–3, ੲ–2, ਸ–1

**35. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਕਾਦਰਯਾਰ)**

| | |
|---|---|
| ੳ) ਹਮੇਲ | 1. ਖ਼ਫ਼ਾ |
| ਅ) ਜੂਹੇ | 2. ਹੱਥ |
| ੲ) ਦਸਤ | 3. ਹੱਦ |
| ਸ) ਖਫ਼ਤਨ | 4. ਸੋਨੇ ਦੀ ਮਾਲ਼ਾ |

ਉੱਤਰ – ੳ–4, ਅ–3, ੲ–2, ਸ–1

**36. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਅਕਿਰਤਘਣ)**

| | |
|---|---|
| ੳ) ਚੋਟ ਪਈ ਦਮਾਮੇ | 1. ਨਾਲੇ ਰੁੱਕੜੇ॥ |
| ਅ) ਦੇਵੀ ਦਸਤ ਨਚਾਈ | 2. ਮਹਖੇ ਦੈਂਤ ਨੂੰ॥ |
| ੲ) ਪੇਟ ਮਲੰਦੇ ਲਾਈ | 3. ਸੀਹਣਿ ਸਾਰ ਦੀ॥ |
| ਸ) ਗੁਰਦੇ ਆਂਦਾਂ ਖਾਈ | 4. ਦਲਾਂ ਮੁਕਾਬਲਾ॥ |

ਉੱਤਰ – ੳ–4, ਅ–3, ੲ–2, ਸ–1

**37. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਚੰਡੀ ਦੀ ਵਾਰ)**

| | |
|---|---|
| ੳ) ਅਣੀਆਂ | 1. ਚੁਬਾਰੇ |
| ਅ) ਧੂਮ | 2. ਘੋੜੇ |
| ੲ) ਸਵਾਰੀ | 3. ਸ਼ੋਰ |
| ਸ) ਅਟਾਰੀ | 4. ਤਿੱਖੀਆਂ ਨੋਕਾਂ |

ਉੱਤਰ – ੳ–4, ਅ–3, ੲ–2, ਸ–1

**38. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਜੰਗ ਦਾ ਹਾਲ)**

| | |
|---|---|
| ੳ) ਫੇਰੂ ਸ਼ਹਿਰ ਦੇ ਹੇਠ | 1. ਉਹਨਾਂ ਗੋਰਿਆਂ ਦੇ |
| ਅ) ਤੋਪਾਂ ਚੱਲੀਆਂ ਨੀ | 3. ਆਣ ਮੈਦਾਨ ਲੱਥੇ |
| ੲ) ਸਿੰਘ ਸੂਰਮੇ | 2. ਵਾਂਗ ਤੋੜਿਆਂ ਦੇ |
| ਸ) ਗੰਜ ਲਾਹ ਸੁੱਟੇ | 4. ਜਾ ਖੇਤ ਰੁੱਧੇ |

ਉੱਤਰ – ੳ–4, ਅ–3, ੲ–2, ਸ–1

**39. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਜੰਗ ਦਾ ਹਾਲ)**

| | |
|---|---|
| ੳ) ਫਰੰਗੀ | 1. ਹੌਦਿਆਂ |
| ਅ) ਧੌਂਸਾ | 2. ਅੰਗਰੇਜ਼ |
| ੲ) ਅੰਬਾਰੀਆਂ | 3. ਨਗਾਰਾ |
| ਸ) ਗੁਰਮਤਾ | 4. ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਕੀਤਾ ਫ਼ੈਸਲਾ |

ਉੱਤਰ – ੳ–2, ਅ–3, ੲ–1, ਸ–4

**4●. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਵਾਰਤਕ–ਭਾਗ)**

| | |
|---|---|
| ੳ) ਰਬਾਬ ਮੰਗਾਉਨ ਦਾ ਵਿਰਤਾਂਤ | 1. ਡਾ. ਬਲਬੀਰ ਸਿੰਘ |
| ਅ) ਘਰ ਦਾ ਪਿਆਰ | 2. ਪ੍ਰਿੰ. ਤੇਜਾ ਸਿੰਘ |
| ੲ) ਬੋਲੀ | 3. ਸ. ਗੁਰਬਖ਼ਸ਼ ਸਿੰਘ |
| ਸ) ਪ੍ਰਾਰਥਨਾ | 4. ਗਿਆਨੀ ਦਿੱਤ ਸਿੰਘ |

ਉੱਤਰ – ੳ–4, ਅ–2, ੲ–3, ਸ–1

**41. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਵਾਰਤਕ–ਭਾਗ)**

| | |
|---|---|
| ੳ) ਡਾ. ਨਰਿੰਦਰ ਸਿੰਘ ਕਪੂਰ | 1. ਮੇਰੇ ਵੱਡੇ ਵਡੇਰੇ |
| ਅ) ਪ੍ਰੋ. ਪਿਆਰਾ ਸਿੰਘ ਪਦਮ | 2. ਤੁਰਨ ਦਾ ਹੁਨਰ |
| ੲ) ਗਿਆਨੀ ਗੁਰਦਿੱਤ ਸਿੰਘ | 3. ਮਹਾਂਕਵੀ ਕਾਲੀਦਾਸ |
| ਸ) ਸ. ਕਪੂਰ ਸਿੰਘ | 4. ਬਾਬਾ ਰਾਮ ਸਿੰਘ ਕੂਕਾ |

ਉੱਤਰ – ੳ–2, ਅ–3, ੲ–1, ਸ–4

**42. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਰਬਾਬ ਮੰਗਾਉਨ ਦਾ ਵਿਰਤਾਂਤ)**

| | |
|---|---|
| ੳ) ਕੁਰਾਹੀਆ | 1. ਰੱਬੀ |
| ਅ) ਡੂੰਮ | 2. ਰਬਾਬੀ ਦਾ ਨਾਂ |
| ੲ) ਫਰਹਿੰਦਾ | 3. ਇੱਕ ਜਾਤ |
| ਸ) ਅਰੀਮ | 4. ਰਾਹੋਂ ਭਟਕਿਆ |

ਉੱਤਰ – ੳ–4, ਅ–3, ੲ–2, ਸ–1

**43. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਰਬਾਬ ਮੰਗਾਉਨ ਦਾ ਵਿਰਤਾਂਤ)**

| | |
|---|---|
| ੳ) ਮਰਦਾਨਾ | 1. ਸਿੱਖਾਂ ਦੇ ਪਹਿਲੇ ਗੁਰੂ |

ਅ) ਗੁਰੂ ਨਾਨਕ ਦੇਵ ਜੀ — 2. ਰਬਾਬੀ

ੲ) ਫਰਹਿੰਦਾ — 3. ਗੁਰੂ ਜੀ ਦਾ ਸਾਥੀ

ਉੱਤਰ – ੳ–3, ਅ–1, ੲ–2,

**44. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਘਰ ਦਾ ਪਿਆਰ)**

ੳ) ਕਾਰਲਾਈਲ ਦਾ ਸੁਭਾਅ — 1. ਘਰ ਵਿੱਚ

ਅ) ਲੇਖਕ ਦੇ ਪਿੰਡ ਦਾ ਨਾਂ — 2. ਖਿਝੂ ਤੇ ਸੜੂ

ੲ) ਮਨੁੱਖ ਦਾ ਆਚਰਨ ਬਣਦਾ ਹੈ — 3. ਅਡਿਆਲਾ

ਉੱਤਰ – ੳ–2, ਅ–3, ੲ–1

**45. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਘਰ ਦਾ ਪਿਆਰ)**

ੳ) ਪਰਮਾਰਥ — 1. ਇਮਾਨਦਾਰ

ਅ) ਉਦਰੇਵਾਂ — 2. ਸਦਾਚਾਰਿਕ

ੲ) ਇਖ਼ਲਾਕੀ — 3. ਉੱਚ ਮਨੋਰਥ

ਸ) ਦਿਆਨਤਦਾਰ — 4. ਉਦਾਸੀ

ਉੱਤਰ – ੳ–3, ਅ–4, ੲ–2, ਸ–1

**46. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਬੋਲੀ)**

ੳ) ਵਿਰਵੇ — 1. ਕੁਰਬਾਨ

ਅ) ਚਰਵਾਹੇ — 2. ਆਜੜੀ

ੲ) ਮੋਤਬਿਰ — 3. ਮੁਹਤਬਰ

ਸ) ਨਿਛਾਵਰ — 4. ਵਾਂਝੇ

ਉੱਤਰ – ੳ–4, ਅ–2, ੲ–3, ਸ–1

**47. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਬੋਲੀ)**

ੳ) ਮਨੁੱਖ ਦੇ ਸਰੀਰ ਦਾ ਚਿੱਤਰ — 1. ਅੰਨ੍ਹੇ

ਅ) ਗੁਰਬਖ਼ਸ਼ ਸਿੰਘ ਦਾ ਲਿਖਿਆ ਲੇਖ — 2. ਮੂੰਹ

ੲ) ਆਮ ਕਰਕੇ ਸਿਆਣੇ ਤੇ ਦਿਲਚਸਪ ਹੁੰਦੇ ਹਨ — 3. ਬੋਲੀ

ਉੱਤਰ – ੳ–2, ਅ–3, ੲ–1

**48. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਪ੍ਰਾਰਥਨਾ)**

| | | |
|---|---|---|
| ੳ) | ਅਰਦਾਸ | 1. ਪ੍ਰਾਰਥਨਾ |
| ਅ) | ਖ਼ਾਲਸਾ ਟ੍ਰੈਕਟ ਸੁਸਾਇਟੀ ਦੇ ਪਹਿਲੇ ਟ੍ਰੈਕਟ ਦਾ ਨਾਂ | 2. ਸੁਕਰਾਤ |
| ੲ) | ਦੁਨੀਆਂ ਦਾ ਸਭ ਤੋਂ ਸਿਆਣਾ ਆਦਮੀ | 3. ਸਿੱਖ ਧਰਮ |

ਉੱਤਰ – ੳ–3, ਅ–1, ੲ–2

**49. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਪ੍ਰਾਰਥਨਾ)**

| | | |
|---|---|---|
| ੳ) | ਅਹਿਮੀਅਤ | 1. ਸਾਮ੍ਹਣੇ |
| ਅ) | ਨਿਸਤਾਰਾ | 2. ਧਨ, ਪਦਾਰਥਿਕ ਸੰਸਾਰ |
| ੲ) | ਮਾਇਆ | 3. ਛੁਟਕਾਰਾ |
| ਸ) | ਸਾਖਯਾਤ | 4. ਮਹੱਤਤਾ |

ਉੱਤਰ – ੳ–4, ਅ–3, ੲ–2, ਸ–1

**50. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਬਾਬਾ ਰਾਮ ਸਿੰਘ ਕੂਕਾ)**

| | | |
|---|---|---|
| ੳ) | ਪਲਟਨ | 1. ਨਸੀਹਤ |
| ਅ) | ਪਰਿਪੱਕ | 2. ਇਤਿਹਾਸ |
| ੲ) | ਤਵਾਰੀਖ਼ | 3. ਦ੍ਰਿੜ੍ਹ |
| ਸ) | ਹਿਦਾਇਤ | 4. ਪੈਦਲ ਸੈਨਾ ਦਾ ਦਸਤਾ |

ਉੱਤਰ – ੳ–4, ਅ–3, ੲ–2, ਸ–1

**51. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਬਾਬਾ ਰਾਮ ਸਿੰਘ ਕੂਕਾ)**

| | | |
|---|---|---|
| ੳ) | ਬਾਬਾ | 1. ਕੂਕੇ |
| ਅ) | ਬਾਬਾ ਰਾਮ ਸਿੰਘ ਦੇ ਪੈਰੋਕਾਰ | 2. ਬਾਬਾ ਰਾਮ ਸਿੰਘ ਦੀ ਪਤਨੀ |
| ੲ) | ਮਾਈ ਜੱਸੋ | 3. ਅਰਬੀ ਬੋਲੀ ਦਾ ਸ਼ਬਦ |

ਉੱਤਰ – ੳ–3, ਅ–1, ੲ–2

**52. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਰਬਾਬ ਮੰਗਾਉਨ ਦਾ ਵਿਰਤਾਂਤ)**

| | | |
|---|---|---|
| ੳ) | ਕਾਲੀਦਾਸ | 1. ਮਾਲਵਾ ਸੰਮਤ |
| ਅ) | ਭਾਰਤ ਦਾ ਸ਼ੈਕਸਪੀਅਰ | 2. ਮਹਾਂਕਵੀ |
| ੲ) | ਬਿਕਰਮੀ ਸੰਮਤ ਦਾ ਪਹਿਲਾਂ ਪ੍ਰਚਲਿਤ ਨਾਂ | 3. ਕਾਲੀਦਾਸ |

ਉੱਤਰ – ੳ–2, ਅ–3, ੲ–1

**53. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਮਹਾਂਕਵੀ ਕਾਲੀਦਾਸ)**

| | |
|---|---|
| ੳ) ਰਸਿਕ | 1. ਵਿਅੰਗ |
| ਅ) ਮਨੋਹਰ | 2. ਅਧਿਆਏ |
| ੲ) ਸਰਗ | 3. ਮਨ ਨੂੰ ਖਿੱਚਣ ਵਾਲ਼ਾ |
| ਸ) ਕਟਾਖਸ਼ | 4. ਰਸ ਜਾਂ ਸਵਾਦ ਮਾਣਨ ਵਾਲ਼ੇ |

ਉੱਤਰ – ੳ–4, ਅ–3, ੲ–2, ਸ–1

**53. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਮਹਾਂਕਵੀ ਕਾਲੀਦਾਸ)**

| | |
|---|---|
| ੳ) ਰਘੂਵੰਸ਼ | 1. ਦੁਸ਼ਯੰਤ–ਸ਼ਕੁੰਤਲਾ |
| ਅ) ਕੁਮਾਰ ਸੰਭਵ | 2. ਰੁੱਤਾਂ ਦਾ ਬਿਆਨ |
| ੲ) ਰਿਤੂ ਸੰਹਾਰ | 3. ਪਾਰਬਤੀ ਤੇ ਸ਼ਿਵ ਜੀ ਦੀ ਪ੍ਰੇਮ–ਮਿਲ਼ਨੀ |
| ਸ) ਅਭਿਗਯਾਨ ਸ਼ਾਕੁੰਤਲਾ | 4. ਬਾਲਮੀਕੀ ਰਮਾਇਣ ਆਧਾਰਿਤ |

ਉੱਤਰ – ੳ–4, ਅ–3, ੲ–2, ਸ–1

**54. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਮੇਰੇ ਵੱਡੇ ਵਡੇਰੇ)**

| | |
|---|---|
| ੳ) ਅਜਨਬੀ | 1. ਸ਼ਤੀਰੀ |
| ਅ) ਦਿਗ ਵਿਜੈ | 2. ਖਾਣ–ਪੀਣ ਦੀ ਸਮਗਰੀ |
| ੲ) ਰਸਤ | 3. ਜਿੱਤ |
| ਸ) ਲਟੈਣ | 4. ਓਪਰਾ |

ਉੱਤਰ – ੳ–4, ਅ–3, ੲ–2, ਸ–1

**55. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਮੇਰੇ ਵੱਡੇ–ਵਡੇਰੇ)**

| | |
|---|---|
| ੳ) ਬਾਬੇ ਪੁੰਨੂੰ ਦਾ ਪਿੰਡਾ ਸੀ | 1. ਛਾਪੇ ਪਿੰਡ |
| ਅ) ਪਹਿਲਵਾਨ ਦਾ ਪਿੰਡਾ ਲਿਸ਼ਕ ਰਿਹਾ ਸੀ | 2. ਖੁਰਦਰਾ |
| ੲ) ਲੇਖਕ ਦੇ ਦਾਦੇ ਵਿਆਹ ਉੱਤੇ ਗਏ | 3. ਨਾਗ ਵਾਂਗ |

ਉੱਤਰ – ੳ–2, ਅ–3, ੲ–1

**56. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਤੁਰਨ ਦਾ ਹੁਨਰ)**

| | |
|---|---|
| ੳ) ਪੰਜਾਬ ਦਾ ਸੱਭਿਆਚਾਰ | 1. ਸ੍ਵੈਵਿਸ਼ਵਾਸ |
| ਅ) ਗੁਰੂ ਨਾਨਕ ਦੇਵ ਜੀ | 2. ਦਰਿਆਵਾਂ ਨਾਲ਼ ਨਿਰੰਤਰ ਰਹਿਣ ਵਾਲ਼ਾ |

ੲ) ਤੁਰਨ ਨਾਲ਼ ਪੈਦਾ ਹੁੰਦਾ ਹੈ — 3. ਤੁਰਦੇ ਰਹਿਣ ਵਾਲ਼ੇ ਵਿਅਕਤੀ ਦਾ ਪ੍ਰਤੀਕ

ਉੱਤਰ – ੳ-2, ਅ-3, ੲ-1

**57. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਤੁਰਨ ਦਾ ਹੁਨਰ)**

| | |
|---|---|
| ੳ) ਫ਼ਿਲਾਸਫ਼ਰ | 1. ਕਿਸੇ ਗੱਲ ਦੀ ਇੱਛਾ ਰੱਖਣ ਵਾਲ਼ਾ |
| ਅ) ਟਪਲਾ | 2. ਚਾਹ |
| ੲ) ਲਾਲਸਾ | 3. ਭਰਮ-ਭੁਲੇਖਾ |
| ਸ) ਅਭਿਲਾਸ਼ੀ | 4. ਦਾਰਸ਼ਨਿਕ |

ਉੱਤਰ – ੳ-4, ਅ-3, ੲ-2, ਸ-1

**58. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਵਾਰਤਕ-ਭਾਗ)**

| | |
|---|---|
| ੳ) ਬਾਬਾ | 1. ਬਾਦਸ਼ਾਹ ਬਿਕਰਮਾਜੀਤ ਦੇ 9 ਦਰਬਾਰੀਆਂ ਵਿੱਚੋਂ ਇੱਕ |
| ਅ) ਰਿਸ਼ੀਆਂ ਦੀ ਕੁੜੀ | 2. ਗੁਰੂ ਨਾਨਕ ਦੇਵ ਜੀ ਨਾਲ਼ ਰਬਾਬੀ |
| ੲ) ਕਾਲੀਦਾਸ | 3. ਰਾਮ ਸਿੰਘ |
| ਸ) ਮਰਦਾਨਾ | 4. ਸ਼ਕੁੰਤਲਾ |

ਉੱਤਰ – ੳ-3, ਅ-4, ੲ-1, ਸ-2

**59. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ :**

| | |
|---|---|
| ੳ) ਬੋਲੀ | 1. ਨਰੋਏ ਸਰੀਰ ਵਾਲ਼ੇ, ਖਾਣ-ਪੀਣ ਵਾਲ਼ੇ, ਨਾਮੀ ਪਹਿਲਵਾਨਾਂ ਦੀ ਪਿੱਠ ਲਾਉਣ ਵਾਲ਼ੇ |
| ਅ) ਘਰ ਦਾ ਪਿਆਰ | 2. ਸਿੱਖ ਧਰਮ ਵਿੱਚ ਚੜ੍ਹਦੀ ਕਲਾ ਦਾ ਸਾਧਨ |
| ੲ) ਅਰਦਾਸ | 3. ਜਿੱਥੇ ਮਨੁੱਖ ਦੇ ਪਿਆਰ ਦੀਆਂ ਸੱਧਰਾਂ ਪਲ਼ਦੀਆਂ ਹਨ |
| ਸ) ਸਾਡੇ ਵੱਡੇ ਵਡੇਰੇ | 4. ਆਤਮਾ ਦਾ ਚਿੱਤਰ |

ਉੱਤਰ – ੳ-4, ਅ-3, ੲ-2, ਸ-1

**60. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਵੰਨਗੀ-ਕਹਾਣੀਆਂ)**

| | |
|---|---|
| ੳ) ਕੁਲਫ਼ੀ | 1. ਗੁਰਬਖ਼ਸ਼ ਸਿੰਘ |
| ਅ) ਮੜ੍ਹੀਆਂ ਤੋਂ ਦੂਰ | 2. ਵਰਿਆਮ ਸੰਧੂ |
| ੲ) ਅੰਗ-ਸੰਗ | 3. ਰਘੁਬੀਰ ਢੰਡ |
| ਸ) ਬੰਮ ਬਹਾਦਰ | 4. ਸੁਜਾਨ ਸਿੰਘ |

ਉੱਤਰ – ੳ–4, ਅ–3, ੲ–2, ਸ–1

**61. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਵੰਨਗੀ–ਕਹਾਣੀਆਂ)**

| | |
|---|---|
| ੳ) ਬਾਗ਼ੀ ਦੀ ਧੀ | 1. ਅਜੀਤ ਕੌਰ |
| ਅ) ਧਰਤੀ ਹੇਠਲਾ ਬਲ਼ਦ | 2. ਕੁਲਵੰਤ ਸਿੰਘ ਵਿਰਕ |
| ੲ) ਇੱਕ ਪੈਰ ਘੱਟ ਤੁਰਨਾ | 3. ਗੁਰਮੁਖ ਸਿੰਘ ਮੁਸਾਫ਼ਿਰ |

ਉੱਤਰ – ੳ–3, ਅ–1, ੲ–2

**62. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ :**

| | |
|---|---|
| ੳ) ਬੰਬ ਕੇਸ | 1. ਡਾ. ਹਰਚਰਨ ਸਿੰਘ |
| ਅ) ਨਾਇਕ | 2. ਕਪੂਰ ਸਿੰਘ ਘੁੰਮਣ |
| ੲ) ਸਮੁੰਦਰੋਂ ਪਾਰ | 3. ਗੁਰਸ਼ਰਨ ਸਿੰਘ |
| ਸ) ਜ਼ਫ਼ਰਨਾਮਾ | 4. ਬਲਵੰਤ ਗਾਰਗੀ |

ਉੱਤਰ – ੳ–4, ਅ–3, ੲ–2, ਸ–1

**63. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਕੁਲਫ਼ੀ)**

| | |
|---|---|
| ੳ) ਧਨ–ਕੁਬੇਰ | 1. ਮੁਸੀਬਤ ਟਲ਼ੀ |
| ਅ) ਬਿਹਬਲ | 2. ਬੇਚੈਨ |
| ੲ) ਮੱਛਰਦਾ | 3. ਸ਼ਰਾਰਤਾਂ ਕਰਦਾ |
| ਸ) ਬਲਾ ਟਲ਼ੀ | 4. ਧਨੀ ਆਦਮੀ |

ਉੱਤਰ – ੳ–4, ਅ–2, ੲ–3, ਸ–1

**64. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਮੜ੍ਹੀਆਂ ਤੋਂ ਦੂਰ)**

| | |
|---|---|
| ੳ) ਮਾਸੀ ਦੇ ਵਾਲ਼, ਅੱਖਾਂ ਤੇ ਦੰਦ | 1. ਬਲਵੰਤ ਰਾਏ ਦੀ ਪਤਨੀ (ਅ) |
| ਅ) ਬਿੰਦੂ | 2. ਸਵਰਗ ਦਾ ਦਿਨ (ੲ) |
| ੲ) ਐਤਵਾਰ | 3. ਨੀਗਰੋ ਮੁਟਿਆਰ (ੳ) |

ਉੱਤਰ – ੳ–3, ਅ–1, ੲ–2

**65. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਅੰਗ–ਸੰਗ)**

| | |
|---|---|
| ੳ) ਆਤੁਰ | 1. ਛੋਟ |
| ਅ) ਨਿੰਮੋਝੂਣ | 2. ਦੁਖੀ |

ਏ) ਜ਼ਮੀਰ 3. ਸ਼ਰਮਿੰਦਾ

ਸ) ਰਿਆਇਤ 4. ਆਤਮਾ

ਉੱਤਰ – ੳ–2, ਅ–3, ੲ–4, ਸ–1

**66. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਬੰਬ ਬਹਾਦਰ)**

ੳ) ਰਾਤਬ 1. ਘੋੜ–ਸਵਾਰ ਫ਼ੌਜ ਦਾ ਦਸਤਾ

ਅ) ਖ਼ਸਲਤ 2. ਗ਼ੁੱਸੇ ਵਿੱਚ ਹੋਣਾ

ੲ) ਵਿਸ਼ ਘੋਲਣਾ 3. ਹਾਥੀ ਦੀ ਖ਼ੁਰਾਕ

ਸ) ਰਿਸਾਲਾ 4. ਸੁਭਾਅ

ਉੱਤਰ – ੳ–3, ਅ–4, ੲ–2, ਸ–1

**67. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਬੰਮ ਬਹਾਦਰ)**

ੳ) ਬੰਮ ਬਹਾਦਰ 1. ਮਹੌਤ

ਅ) ਮਾਤਾਦੀਨ 2. ਘੋੜਿਆਂ ਦੇ ਅਸਤਬਲ ਦਾ ਇੰਚਾਰਜ

ੲ) ਮਾਤਾਦੀਨ ਦਾ ਭਰਾ 3. ਮਹਾਰਾਜਾ ਦਾ ਹਾਥੀ

ਉੱਤਰ – ੳ–3, ਅ–2, ੲ–1

**68. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਬਾਗ਼ੀ ਦੀ ਧੀ)**

ੳ) ਤੌਖ਼ਲਾ 1. ਇਤਰਾਜ਼

ਅ) ਖ਼ਿਆਨਤ 2. ਬਿਮਾਰੀ

ੲ) ਮਰਜ਼ 3. ਬੇਈਮਾਨੀ

ਸ) ਉਜਰ 4. ਫ਼ਿਕਰ

ਉੱਤਰ – ੳ–4, ਅ–3, ੲ–2, ਸ–1

**69. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਬਾਗ਼ੀ ਦੀ ਧੀ)**

ੳ) ਸ਼ਰਨ ਕੌਰ 1. ਬਾਗ਼ੀ ਦੀ ਧੀ

ਅ) ਹੁਸ਼ਨਾਕ 2. ਲਾਜ ਦੀ ਮਾਂ

ੲ) ਲਾਜ 3. ਸੂਬੇਦਾਰ ਮੇਜਰ

ਉੱਤਰ – ੳ–2, ਅ–3, ੲ–1

**70. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਧਰਤੀ ਹੇਠਲਾ ਬਲ਼ਦ)**

ੳ) ਫ਼ਰੰਟ — 1. ਸਹਿਮਿਆ ਹੋਇਆ

ਅ) ਸੂਲ਼ ਵਾਂਗ ਚੁਭਣਾ — 2. ਗੱਡਾ

ੲ) ਗੱਡ — 3. ਬਹੁਤ ਤਿੱਖਾ ਦਰਦ ਹੋਣਾ

ਸ) ਤਰਾਸ-ਤਰਾਸ ਕਰਦਾ — 4. ਸੀਮਾ

ਉੱਤਰ – ੳ-4, ਅ-3, ੲ-2, ਸ-1

**71. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਧਰਤੀ ਹੇਠਲਾ ਬਲ਼ਦ)**

ੳ) ਠੱਠੀਖਾਰਾ — 1. ਕਰਮ ਸਿੰਘ ਦਾ ਬਾਪੂ

ਅ) ਚੂਹੜਕਾਣਾ — 2. ਕਰਮ ਸਿੰਘ ਦਾ ਪਿੰਡ

ੲ) ਧਰਤੀ ਹੇਠਲਾ ਬਲ਼ਦ — 3. ਮਾਨ ਸਿੰਘ ਦਾ ਪਿੰਡ

ਉੱਤਰ – ੳ-2, ਅ-3, ੲ-1

**72. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਇੱਕ ਪੈਰ ਘੱਟ ਤੁਰਨਾ)**

ੳ) ਫ਼ਰੀਦਾ — 1. ਰਸ਼ੀਦ

ਅ) ਮਿਹਦੇ ਦਾ ਕੈਂਸਰ — 2. ਰਸ਼ੀਦ ਦਾ ਪੁੱਤਰ

ੲ) ਅਸਲਮ — 3. ਰਸ਼ੀਦ ਦੀ ਪਤਨੀ

ਉੱਤਰ – ੳ-3, ਅ-1, ੲ-2

**73. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਬੰਮ ਬਹਾਦਰ)**

ੳ) ਮੁਕਾਮ — 1. ਪਕੜ

ਅ) ਕਾਇਨਾਤ — 2. ਪੜਾਅ

ੲ) ਗਰਿਫ਼ਤ — 3. ਸ੍ਰਿਸ਼ਟੀ

ਉੱਤਰ – ੳ-2, ਅ-3, ੲ-1

**74. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਇੱਕ ਪੈਰ ਘੱਟ ਤੁਰਨਾ)**

ੳ) ਬਵੰਡਰ — 1. ਸਾਂਝ

ਅ) ਤਸੱਵਰ — 2. ਤੋਰਨਾ

ੲ) ਰੁਖ਼ਸਤ — 3. ਖ਼ਿਆਲੀ ਤਸਵੀਰ

ਸ) ਸ਼ਿਰਕਤ — 4. ਗ਼ੁਬਾਰ

ਉੱਤਰ – ੳ-4, ਅ-3, ੲ-2, ਸ-1

**75. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਬੰਬ ਕੇਸ)**

ੳ) ਦੀਪੋ — 1. ਵੀਰਾਂ ਵਾਲੀ ਦੀ ਗੁਆਂਢਣ

ਅ) ਵਜ਼ੀਰਾ — 2. ਵੀਰਾਂ ਵਾਲੀ ਦੀ ਧੀ

ੲ) ਮਾਨਾਂ — 3. ਵੀਰਾਂ ਵਾਲੀ ਦਾ ਪੁੱਤਰ

ਉੱਤਰ – ੳ–2, ਅ–3, ੲ–1

**76. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਬੰਬ ਕੇਸ)**

ੳ) ਮਫ਼ਰੂਰ — 1. ਜੁਰਮ ਦੀ ਪੁੱਛ–ਗਿੱਛ

ਅ) ਪਰੋਖੋਂ — 2. ਚਤਰ

ੲ) ਖਚਰੀ — 3. ਹਿੰਮਤ

ਸ) ਤਫ਼ਤੀਸ਼ — 4. ਫ਼ਰਾਰ ਹੋਇਆ

ਉੱਤਰ – ੳ–4, ਅ–3, ੲ–2, ਸ–1

**77. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਬੰਬ ਕੇਸ)**

ੳ) ਖੜਕਾ–ਧੜਕਾ — 1. ਭਗੌੜਾ ਦੋਸ਼ੀ

ਅ) ਮਫ਼ਰੂਰ — 2. ਕਿਸੇ ਦੀ ਗਰਿਫ਼ਤਾਰੀ ਦਾ ਲਿਖਤੀ ਹੁਕਮ

ੲ) ਵਰੰਟ — 3. ਰੋਹਬ–ਦਾਬ

ਉੱਤਰ – ੳ–3, ਅ–1, ੲ–2

**78. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਨਾਇਕ)**

ੳ) ਜੱਜ — 1. ਪਿਤਾ ਦਾ ਦੂਜਾ ਰੂਪ

ਅ) ਗੁਰਸ਼ਰਨ ਸਿੰਘ — 2. ਪਿਤਾ ਦਾ ਤੀਜਾ ਰੂਪ

ੲ) ਅਫ਼ਸਰ — 3. ਨਾਇਕ ਇਕਾਂਗੀ ਦਾ ਲੇਖਕ

ਉੱਤਰ – ੳ–2, ਅ–3, ੲ–1

**79. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਨਾਇਕ)**

ੳ) ਜਨਾਜ਼ਾ — 1. ਬੇਅਦਬ

ਅ) ਤਾਇਨਾਤ — 2. ਵਿਵਾਦ

ੲ) ਤਕਰਾਰ — 3. ਨਿਯੁਕਤ ਹੋਣਾ

ਸ) ਗੁਸਤਾਖ਼ — 4. ਅਰਥੀ

ਉੱਤਰ – ੳ–4, ਅ–3, ੲ–2, ਸ–1

**80. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਸਮੁੰਦਰੋਂ ਪਾਰ)**

| | |
|---|---|
| ੳ) ਬਲਵੰਤ ਢਿੱਲੋਂ | 1. ਹਰਦੇਵ ਦੀ ਪੰਜਾਬਣ ਪਤਨੀ |
| ਅ) ਹਕੂਮਤ ਰਾਏ | 2. ਹਰਦੇਵ ਦਾ ਛੋਟਾ ਭਰਾ |
| ੲ) ਸੁਖਦੇਵ ਬਾਜਵਾ | 3. ਹਰਦੇਵ ਦਾ ਗੁਆਂਢੀ ਦੋਸਤ |
| ਸ) ਸ਼ਰਨਜੀਤ | 4. ਹਰਦੇਵ ਦਾ ਦੋਸਤ |

ਉੱਤਰ – ੳ–4, ਅ–3, ੲ–2, ਸ–1

**81. ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਸਮੁੰਦਰੋਂ ਪਾਰ)**

| | |
|---|---|
| ੳ) ਗਵਾਰ | 1. ਗੰਦਾ |
| ਅ) ਗ਼ੈਰਤ | 2. ਮਾਹੌਲ |
| ੲ) ਗ਼ਲੀਜ਼ | 3. ਮੂਰਖ |
| ਸ) ਫ਼ਿਜ਼ਾਵਾਂ | 4. ਅਣਖ |

ਉੱਤਰ – ੳ–3, ਅ–4, ੲ–1, ਸ–2

**82. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਜ਼ਫ਼ਰਨਾਮਾ)**

| | |
|---|---|
| ੳ) ਔਰੰਗਜ਼ੇਬ | 1. ਔਰੰਗਜ਼ੇਬ ਦੀ ਪੁੱਤਰੀ |
| ਅ) ਪੁਖ਼ਤਾ | 2. ਔਰੰਗਜ਼ੇਬ ਦੀ ਪਤਨੀ |
| ੲ) ਖ਼ਲਕਤ | 3. ਸ਼ਹਿਨਸ਼ਾਹ |

ਉੱਤਰ – ੳ–3, ਅ–1, ੲ–2

**83. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਜ਼ਫ਼ਰਨਾਮਾ)**

| | |
|---|---|
| ੳ) ਸਲਤਨਤ | 1. ਦੁਨੀਆਂ |
| ਅ) ਜ਼ੀਨਤ–ਉਨ–ਨਿਸਾ | 2. ਝੂਠ |
| ੲ) ਬੇਗਮ ਉਦੇਪੁਰੀ | 3. ਰਾਜ |
| ਸ) ਕੁਫ਼ਰ | 4. ਪੱਕਾ |

ਉੱਤਰ – ੳ–3, ਅ–4, ੲ–1, ਸ–2

**84. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਦੂਜਾ ਵਿਆਹ)**

| | |
|---|---|
| ੳ) ਸੁਖਦੇਵ | 1. ਮਾਂ |

ਅ) ਨਿਹਾਲ ਕੌਰ 2. ਵਹੁਟੀ

ੲ) ਮਨਜੀਤ 3. ਮੁੱਖ ਪਾਤਰ

ਉੱਤਰ – ੳ–3, ਅ–1, ੲ–2

**85. ਹੇਠ ਲਿਖੇ ਸ਼ਬਦਾਂ ਦਾ ਸਹੀ ਮਿਲਾਣ ਕਰੋ : (ਦੂਜਾ ਵਿਆਹ)**

ੳ) ਹਮਾਤੜ 1. ਮਨਸਾ

ਅ) ਕਲ੍ਹੇਸ 2. ਕੜਾਹ

ੲ) ਕੁਣਕੇ 3. ਝਗੜਾ

ਸ) ਮਨਸੂਬੇ 4. ਸਿੱਧਾ-ਸਾਦਾ

ਉੱਤਰ – ੳ–4, ਅ–3, ੲ–2, ਸ–1

**86. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਇੱਕ ਹੋਰ ਨਵਾਂ ਸਾਲ)**

ੳ) ਨਾਵਲ ਦਾ ਲੇਖਕ 1. ਸਵੇਰ

ਅ) ਕਾਂਡਾਂ ਦੀ ਗਿਣਤੀ 2. ਨਰਿੰਜਨ ਤਸਨੀਮ

ੲ) ਪਹਿਲੇ ਕਾਂਡ ਦਾ ਨਾਂ 3. ਤਿੰਨ

ਉੱਤਰ – ੳ–2, ਅ–3, ੲ–1

**87. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਇੱਕ ਹੋਰ ਨਵਾਂ ਸਾਲ)**

ੳ) ਨਾਵਲ ਦੀ ਸ਼ੈਲੀ 1. ਸਵੇਰ

ਅ) ਦੂਜੇ ਕਾਂਡ ਦਾ ਨਾਂ 2. ਦੁਪਹਿਰ

ੲ) ਪਹਿਲੇ ਕਾਂਡ ਦਾ ਨਾਂ 3. ਉੱਤਮ ਪੁਰਖੀ

ਉੱਤਰ – ੳ–3, ਅ–2, ੲ–1

**88. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਇੱਕ ਹੋਰ ਨਵਾਂ ਸਾਲ)**

ੳ) ਮੁੱਖ ਪਾਤਰ 1. ਅੰਮ੍ਰਿਤਸਰ

ਅ) ਨਾਇਕ ਦਾ ਕੰਮ 2. ਬੰਤਾ

ੲ) ਘਟਨਾਵਾਂ ਦਾ ਸ਼ਹਿਰ 3. ਰਿਕਸ਼ਾ ਚਲਾਉਣ ਦਾ

ਉੱਤਰ – ੳ–2, ਅ–3, ੲ–1

**89. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਇੱਕ ਹੋਰ ਨਵਾਂ ਸਾਲ)**

ੳ) ਘਟਨਾਵਾਂ ਵਾਪਰਨ ਦਾ ਦਿਨ 1. ਤਾਰੋ

ਅ) ਬੰਤੇ ਦੀ ਪਤਨੀ ਦਾ ਨਾਮ 2. ਙੁੰਮਣ

ੲ) ਬੰਤੇ ਦੇ ਪੁੱਤਰ ਦਾ ਨਾਮ 3. ਨਵੇਂ ਸਾਲ ਦਾ ਪਹਿਲਾ ਦਿਨ

ਉੱਤਰ – ੳ–3, ਅ–1, ੲ–2

**9●. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਇੱਕ ਹੋਰ ਨਵਾਂ ਸਾਲ)**

ੳ) ਦਿਆਲੇ ਦਾ ਕੰਮ 1. 3●–35 ਸਾਲ

ਅ) ਕਾਲਕਾ ਮੇਲ ਦਾ ਅੰਮ੍ਰਿਤਸਰ ਪਹੁੰਚਣ ਦਾ ਸਮਾਂ 2. ਰਿਕਸ਼ਾ ਚਲਾਉਣ ਦਾ

ੲ) ਬੰਤੇ ਦੀ ਉਮਰ 3. ਸਵੇਰੇ 6 ਵਜੇ

ਉੱਤਰ – ੳ–2, ਅ–3, ੲ–1

**91. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਇੱਕ ਹੋਰ ਨਵਾਂ ਸਾਲ)**

ੳ) ਬੰਤੇ ਦੇ ਬੱਚੇ 1. ਪੰਜਵੀਂ ਫ਼ੇਲ੍ਹ

ਅ) ਛੋਟੀ ਕੁੜੀ ਦੀ ਉਮਰ 2. 3 ਸਾਲ

ੲ) ਬੰਤੇ ਦੀ ਪੜ੍ਹਾਈ 3. 3 (ਤਿੰਨ)

ਉੱਤਰ – ੳ–3, ਅ–2, ੲ–1

**92. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਇੱਕ ਹੋਰ ਨਵਾਂ ਸਾਲ)**

ੳ) ਬੰਤੇ ਦੀਆਂ ਭੈਣਾਂ 1. ਘਣਸ਼ਾਮ

ਅ) ਬੰਤੇ ਦੇ ਪਿਓ ਦੀ ਮੌਤ ਦਾ ਕਾਰਨ 2. ਤਿੰਨ

ੲ) ਹਲਵਾਈ ਦਾ ਨਾਂ 3. ਕਰਜ਼ੇ ਦੇ ਫ਼ਿਕਰ ਕਾਰਨ

ਉੱਤਰ – ੳ–2, ਅ–3, ੲ–1

**93. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਇੱਕ ਹੋਰ ਨਵਾਂ ਸਾਲ)**

ੳ) ਅੰਮ੍ਰਿਤਸਰ ਵਿੱਚ ਸ਼ਹੀਦਾਂ ਦੀ ਯਾਦਗਾਰ 1. ਵਿਚੋਲਣ

ਅ) ਸੋਨੇ ਦੀ ਚਿੜੀ 2. ਭਾਰਤ

ੲ) ਲਾਜੋ 3. ਜਲ੍ਹਿਆਂਵਾਲ਼ਾ ਬਾਗ਼

ਉੱਤਰ – ੳ–3, ਅ–2, ੲ–1

**94. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਇੱਕ ਹੋਰ ਨਵਾਂ ਸਾਲ)**

ੳ) ਸ਼ੀਲਾ 1. ਲਾਜੋ ਦੀ ਕਿਰਾਏਦਾਰਨੀ

ਅ) ਮਹੇਸ਼ੀ ਦੀ ਮਾਂ 2. ਲਾਲਚੀ ਤੇ ਚਲਾਕ

ੲ) ਫੂਲਾਂ ਰਾਣੀ 3. ਮਹੇਸ਼ੀ ਦੀ ਮਾਸੀ

ਉੱਤਰ – ੳ–3, ਅ–2, ੲ–1

**95. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਇੱਕ ਹੋਰ ਨਵਾਂ ਸਾਲ)**

ੳ) ਦਿਆਲੇ ਦਾ ਸੁਭਾਅ 1. ਦੋ

ਅ) ਪ੍ਰੋਫ਼ੈਸਰਨੀ ਦੇ ਬੱਚੇ 2. ਸੁਨੱਖਾ ਤੇ ਹਸਮੁਖ

ੲ) ਹਸਪਤਾਲ ਦਾ ਡਾਕਟਰ 3. ਖ਼ੁਸ਼ ਰਹਿਣਾ

ਉੱਤਰ – ੳ–3, ਅ–1, ੲ–2

**96. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਇੱਕ ਹੋਰ ਨਵਾਂ ਸਾਲ)**

ੳ) ਹਮੀਦ 1. ਪੇਟ–ਗੈਸ ਤੇ ਡਕਾਰਾਂ ਦੀ

ਅ) ਦੁਕਾਨਦਾਰ ਦੇ ਪਿਓ ਨੂੰ ਬਿਮਾਰੀ 2. ਪਰਵੇਜ਼ ਤੇ ਅਸ਼ਕ

ੲ) ਕਵੀਆਂ ਦੇ ਨਾਂ 3. ਸ਼ਿੰਦੇ ਦਾ ਮਿੱਤਰ

ਉੱਤਰ – ੳ–3, ਅ–1, ੲ–2

**97. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਇੱਕ ਹੋਰ ਨਵਾਂ ਸਾਲ)**

ੳ) ਸਕੂਟਰ ਵਾਲ਼ੇ ਬਾਸ ਦਾ ਨਾਮ 1. ਸੁਸ਼ਮਾ

ਅ) ਸਕੂਟਰ ਵਾਲ਼ੇ ਦੀ ਪਤਨੀ ਦਾ ਨਾਮ 2. ਇਨਸਪੈੱਕਟਰ

ੲ) ਸ਼ਰਾਬੀ 3. ਮਿ: ਰੋਸ਼ਾ

ਉੱਤਰ – ੳ–3, ਅ–1, ੲ–2

**98. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਇੱਕ ਹੋਰ ਨਵਾਂ ਸਾਲ)**

ੳ) ਫੁੰਮਣ 1. ਦੁਖਾਂਤਮਈ

ਅ) ਤਾਰੋ ਦਾ ਕੰਮ 2. ਰਾਜਾ ਬੇਟਾ

ੲ) ਨਾਵਲ ਦਾ ਅੰਤ 3. ਭਾਂਡੇ ਮਾਂਜਣ ਦਾ

ਉੱਤਰ – ੳ–2, ਅ–3, ੲ–1

**99. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਸਮੁੰਦਰੋਂ ਪਾਰ)**

ੳ) ਮਰਸੀ 1. ਹਰਦੇਵ ਬਾਜਵੇ ਦਾ ਬੱਚਾ

ਅ) ਸ਼ਰਨਜੀਤ 2. ਹਰਦੇਵ ਬਾਜਵੇ ਦੀ ਦੂਜੀ ਪਤਨੀ

ੲ) ਨੀਟੂ 3. ਹਰਦੇਵ ਬਾਜਵੇ ਦੀ ਪਹਿਲੀ ਪਤਨੀ

ਉੱਤਰ – ੳ–2, ਅ–3, ੲ–1

**1●●. ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਜ਼ਫ਼ਰਨਾਮਾ)**

ੳ) ਔਰੰਗਜ਼ੇਬ — 1. ਬੇਗ਼ਮ ਉਦੇਪੁਰੀ ਦਾ ਪੁੱਤਰ

ਅ) ਭਾਈ ਦਯਾ ਸਿੰਘ — 2. ਮੁਗ਼ਲ ਬਾਦਸ਼ਾਹ

ੲ) ਸ਼ਹਿਜਾਦਾ ਕਾਮਬਖਸ਼ — 3. ਗੁਰੂ ਜੀ ਦਾ ਸਿੰਘ

ਉੱਤਰ – ੳ–2, ਅ–3, ੲ–1

**ਪ੍ਰਸ਼ਨ ਨੰਃ 16 : ਕਹਾਣੀਆਂ ਦੇ ਆਧਾਰ ’ਤੇ ਪੁੱਛੇ ਗਏ ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦਾ ਉੱਤਰ ਦਿਓ।**

## ਕੁਲਫ਼ੀ

**ਪ੍ਰਸ਼ਨ ਨੰਃ –●1) ਕੁਲਫ਼ੀ ਵਾਲ਼ੇ ਦਾ ਹੋਕਾ ਸੁਣ ਕੇ ਲੇਖਕ ਕੀ ਸੋਚਣ ਲੱਗਾ?**

ਉੱਤਰ : ਕੁਲਫ਼ੀ ਵਾਲ਼ੇ ਦਾ ਹੋਕਾ ਸੁਣ ਕੇ ਲੇਖਕ ਦੀਆਂ ਅੱਖਾਂ ਸਾਮ੍ਹਣੇ ਚਿੱਟੀ ਦੁੱਧ–ਕੁਲਫ਼ੀ ਨੱਚਣ ਲੱਗ ਪਈ। ਉਸ ਦੇ ਮੂੰਹ ਵਿੱਚ ਪਾਣੀ ਆ ਗਿਆ ਪਰ ਉਹ ਆਪਣੀ ਆਰਥਿਕ ਤੰਗੀ ਕਰਕੇ ਕੁਲਫ਼ੀ ਖ਼ਰੀਦਣ ਤੋਂ ਅਸਮਰਥ ਸੀ। ਉਹ ਸੋਚ ਰਿਹਾ ਸੀ ਕਿ ਉਸ ਦੀ ਤਨਖ਼ਾਹ ਤਾਂ ਮਹੀਨੇ ਦੇ ਪਹਿਲੇ ਪੰਦਰ੍ਹਾਂ ਦਿਨਾਂ ਵਿੱਚ ਹੀ ਉੱਡ–ਪੁੱਡ ਜਾਂਦੀ ਹੈ। ਉਹ ਪੈਸੇ ਦੀ ਤੰਗੀ ਨੂੰ ਹਵਾਲਾਤ ਦੀ ਤੰਗੀ ਤੋਂ ਵੀ ਭੈੜੀ ਅਨੁਭਵ ਕਰ ਰਿਹਾ ਸੀ।

**ਪ੍ਰਸ਼ਨ ਨੰਃ –●2) ਲੇਖਕ ਮਾਲਕ ਤੋਂ ਤਨਖ਼ਾਹ ਵਧਾਉਣ ਦੀ ਮੰਗ ਤੋਂ ਸੰਕੋਚ ਕਿਉਂ ਕਰ ਰਿਹਾ ਸੀ?**

ਉੱਤਰ : ਲੇਖਕ ਨੂੰ ਲੱਗਦਾ ਸੀ ਕਿ ਉਸ ਦੇ ਇਕੱਲੇ ਦੀ ਅਵਾਜ਼ ਕਿਸੇ ਨਹੀਂ ਸੁਣਨੀ। ਮੰਗ ਕਰਨ ’ਤੇ ਉਸ ਨੂੰ ਨੌਕਰੀ ਦੇ ਖੁੱਸ ਜਾਣ ਦਾ ਡਰ ਵੀ ਸਤਾਉਣ ਲੱਗ ਪਿਆ ਸੀ। ਬੇਰੁਜ਼ਗਾਰੀ ਦਾ ਭਵਿਖ ਉਸ ਨੂੰ ਬਹੁਤ ਹੀ ਮਾੜਾ ਲੱਗ ਰਿਹਾ ਸੀ। ਇਸੇ ਲਈ ਉਹ ਤਨਖ਼ਾਹ ਵਧਾਉਣ ਦੀ ਮੰਗ ਤੋਂ ਸੰਕੋਚ ਕਰ ਰਿਹਾ ਸੀ।

**ਪ੍ਰਸ਼ਨ ਨੰਃ –●3) ਕਾਕਾ ਸੁਫਨੇ ਵਿੱਚ ਕਿਉਂ ਬੁੜਬੁੜਾ ਰਿਹਾ ਸੀ?**

ਉੱਤਰ : ਕਾਕੇ ਨੂੰ ਉਸ ਦਾ ਪਿਤਾ ਦੋ ਦਿਨਾਂ ਤੋਂ ਕੁਲਫ਼ੀ ਖੁਆਉਣ ਦਾ ਵਾਇਦਾ ਕਰ ਰਿਹਾ ਸੀ। ਉਸ ਨੇ ਆਪਣਾ ਇਹ ਵਾਇਦਾ ਨਹੀਂ ਨਿਭਾਇਆ ਸੀ। ਉਹ ਸੁਪਨੇ ਵਿੱਚ ਵੀ ਕੁਲਫ਼ੀ ਖਾਣ ਦੀ ਇੱਛਾ ਨੂੰ ਪ੍ਰਗਟਾਉਂਦਿਆਂ ‘ਕੁਫ਼ੀ–ਕੁਫ਼ੀ’ ਬੁੜਬੁੜਾ ਰਿਹਾ ਸੀ।

**ਪ੍ਰਸ਼ਨ ਨੰਃ –●4) ਵਿਦੇਸ਼ੋਂ ਆਏ ਬਲਵੰਤ ਰਾਏ ਨੂੰ ਉਸ ਦੀ ਮਾਂ ਕੀ ਕਹਿੰਦੀ ਹੈ?**

ਉੱਤਰ : ਬਲਵੰਤ ਰਾਏ ਨੂੰ ਵਿਦੇਸ਼ ਗਿਆਂ ਪੱਚੀ ਸਾਲ ਹੋ ਗਏ ਹਨ। ਉਸ ਦੀਆਂ ਦੋਵੇਂ ਬੇਟੀਆਂ ਅਤੇ ਬੇਟਾ ਉੱਥੇ ਹੀ ਜਨਮੇ। ਲੋਕਾਂ ਦੇ ਮੁੰਡਿਆਂ ਨੇ ਆਪਣੀਆਂ ਮਾਂਵਾਂ ਨੂੰ ਕਈ ਵਾਰ ਇੰਗਲੈਂਡ ਬੁਲਾਇਆ ਹੈ ਪਰ ਉਸ ਨੇ ਉਸ ਨੂੰ ਕਦੇ ਨਹੀਂ ਬੁਲਾਇਆ। ਉਸ ਨੇ ਕਿਹਾ ਕਿ ਉਸ ਦੀਆਂ ਗੁਆਂਢਣਾਂ ਉਸ ਨੂੰ ਬੋਲੀ ਮਾਰਦੀਆਂ ਹਨ ਕਿ ਉਸ ਦਾ ਪੁੱਤਰ ਉਸ ਨੂੰ ਕਦੇ ਇੰਗਲੈਂਡ ਨਹੀਂ ਲੈ ਕੇ ਗਿਆ।

**ਪ੍ਰਸ਼ਨ ਨੰਃ –●5) ਲੇਖਕ ਦੀ ਮਾਸੀ ਦਾ ਸੁਭਾਅ ਕਿਹੋ–ਜਿਹਾ ਸੀ?**

ਉੱਤਰ : ਲੇਖਕ ਦੀ ਮਾਸੀ ਦਾ ਸੁਭਾਅ ਬਹੁਤ ਮਿਲਾਪੜਾ ਤੇ ਮਿੱਠਾ ਸੀ। ਉਹ ਨੇਕ ਭਾਵਨਾ ਵਾਲ਼ੀ ਔਰਤ ਸੀ। ਉਹ ਕਰਮਸ਼ੀਲ ਸੀ। ਮਾਸੀ ਦੂਸਰਿਆਂ ਦੇ ਦਰਦ ਵੰਡਾਉਣ ਵਾਲ਼ੀ ਔਰਤ ਸੀ ਅਤੇ ਪਰਿਵਾਰਿਕ ਕਦਰਾਂ-ਕੀਮਤਾਂ ਨੂੰ ਮਹੱਤਵ ਦਿੰਦੀ ਸੀ। ਉਹ ਧਰਮਾਂ ਵਿੱਚ ਫ਼ਰਕ ਨਹੀਂ ਕਰਦੀ ਸੀ। ਉਹ ਮੰਦਰ ਵੀ ਜਾਂਦੀ ਸੀ ਅਤੇ ਗੁਰਦੁਆਰੇ ਵੀ।

**ਪ੍ਰਸ਼ਨ ਨੰ: -●6) ਵਿਦੇਸ਼ ਵਿੱਚ ਰਹਿੰਦੇ ਭਾਰਤੀ ਬੱਚਿਆਂ ਦਾ ਆਪਣੇ ਮਾਪਿਆਂ ਪ੍ਰਤਿ ਕਿਹੋ-ਜਿਹਾ ਵਤੀਰਾ ਹੈ?**

ਉੱਤਰ : ਵਿਦੇਸ਼ਾਂ ਵਿੱਚ ਰਹਿੰਦੇ ਭਾਰਤੀ ਬੱਚੇ ਆਪਹੁਦਰੇ ਹਨ ਅਤੇ ਉਹ ਮਾਪਿਆਂ ਦੇ ਪ੍ਰਤਿ ਬੜਾ ਰੁੱਖਾ ਵਿਹਾਰ ਕਰਦੇ ਹਨ। ਉਹ ਉਹਨਾਂ ਦੀ ਆਗਿਆ ਦਾ ਪਾਲਣ ਨਹੀਂ ਕਰਦੇ ਅਤੇ ਨਾ ਹੀ ਆਪਣੀਆਂ ਸੱਭਿਆਚਾਰਿਕ, ਧਾਰਮਿਕ ਤੇ ਸਮਾਜਿਕ ਕਰਦਾਂ-ਕੀਮਤਾਂ ਵਿੱਚ ਵਿਸ਼ਵਾਸ ਕਰਦੇ ਹਨ।

**ਪ੍ਰਸ਼ਨ ਨੰ: -●7) ਮਾਸੀ ਇੰਗਲੈਂਡ ਤੋਂ ਇੰਡੀਆ ਮੁੜ ਕਿਉਂ ਪਰਤ ਆਉਣਾ ਚਾਹੁੰਦੀ ਹੈ?**

ਉੱਤਰ : ਮਾਸੀ ਇੰਗਲੈਂਡ ਵਿੱਚ ਹਰ ਭੌਤਿਕ ਸੁੱਖ-ਆਰਾਮ ਭੋਗ ਰਹੀ ਸੀ ਪਰੰਤੂ ਉਸ ਨੂੰ ਉੱਥੇ ਦਾ ਰੁੱਖਾਪਣ ਤੇ ਪਰਿਵਾਰ ਦੀ ਆਪਸੀ ਸਾਂਝ ਦੀ ਘਾਟ ਰਾਸ ਨਹੀਂ ਸੀ ਆ ਰਹੀ। ਉਸ ਦੇ ਪੁੱਤਰ ਅਤੇ ਨੂੰਹ ਕੋਲ਼ ਉਸ ਨਾਲ ਗੱਲ ਕਰਨ ਦਾ ਵਕਤ ਨਹੀਂ ਸੀ। ਉਸ ਦਾ ਪੋਤਰਾ ਤੇ ਨਿੱਕੀ ਪੋਤਰੀ ਕਹਿਣੇ ਵਿੱਚ ਨਹੀਂ ਸਨ। ਵੱਡੀ ਪੋਤਰੀ ਸੁਭਾਅ ਦੀ ਚੰਗੀ ਸੀ। ਫੇਰ ਵੀ ਪੰਜਾਬੀ ਬੋਲੀ ਦੀ ਸਮਝ ਘੱਟ ਹੋਣ ਕਾਰਨ ਉਹ ਮਾਸੀ ਨਾਲ਼ ਬਹੁਤੀ ਭਿੱਜਦੀ ਨਹੀਂ ਸੀ। ਅਜਹਿੀ ਹਾਲਤ ਵਿੱਚ ਮਾਸੀ ਨੂੰ ਇਕੱਲਤਾ ਮਹਿਸੂਸ ਹੋਣ ਲੱਗ ਪਈ ਤੇ ਉਹ ਮੁੜ ਇੰਡੀਆ ਨੂੰ ਪਰਤ ਆਉਂਣ ਲਈ ਤਿਆਰ ਹੋ ਗਈ।

**ਪ੍ਰਸ਼ਨ ਨੰ: -●8) ਕਰਤਾਰ ਸਿੰਘ ਦੇ ਛੋਟੀ ਉਮਰੇ ਹੀ ਤੁਰ ਜਾਣ ਦੇ ਕੀ ਕਾਰਨ ਸਨ?**

ਉੱਤਰ : ਕਰਤਾਰ ਸਿੰਘ ਸ਼ਰਾਬ ਪੀਣ ਦਾ ਆਦੀ ਸੀ। ਉਹ ਅਫ਼ੀਮ ਦਾ ਨਸ਼ਾ ਵੀ ਕਰਦਾ ਸੀ। ਇਸ ਤੋਂ ਇਲਾਵਾ ਵੀ ਹੋਰ ਕਈ ਤਰ੍ਹਾਂ ਦੀਆਂ ਨਸ਼ੇ ਦੀਆਂ ਦਵਾਈਆਂ ਖਾਂਦਾ ਸੀ। ਇਹ ਸਾਰਾ ਕੁਝ ਹੀ ਉਸ ਦੇ ਛੋਟੀ ਉਮਰੇ ਦੁਨੀਆਂ ਤੋਂ ਤੁਰ ਜਾਣ ਦਾ ਕਾਰਨ ਬਣਿਆ।

**ਪ੍ਰਸ਼ਨ ਨੰ: -●9) ਬਚਪਨ ਵਿੱਚ ਅਮਰੀਕ ਕਿਹੋ-ਜਿਹੇ ਬਾਪ ਦੀ ਕਲਪਨਾ ਕਰਦਾ ਹੈ?**

ਉੱਤਰ : ਅਮਰੀਕ ਦਾ ਪਿਓ ਉਸ ਨੂੰ ਬਹੁਤ ਪਿਆਰ ਕਰਦਾ ਸੀ। ਉਸ ਦੀ ਸਰੀਰਿਕ ਬਣਤਰ ਅਜਿਹੀ ਸੀ ਕਿ ਉਹ ਨੌਜਵਾਨ ਹੀ ਜਾਪਦਾ ਸੀ। ਅਮਰੀਕ ਨੂੰ ਜਦ ਵੀ ਕੋਈ ਅਜਨਬੀ ਉਸ ਦੇ ਪਿਤਾ ਬਾਰੇ ਪੁੱਛਦਾ ਤਾਂ ਕਰਤਾਰ ਸਿੰਘ ਨੂੰ ਉਹ ਅਮਰੀਕ ਦਾ ਵੱਡਾ ਭਰਾ ਹੀ ਸਮਝਦਾ। ਅਮਰੀਕ ਨੂੰ ਇਹ ਚੰਗਾ ਨਹੀਂ ਲੱਗਦਾ ਸੀ। ਉਸ ਦੀ ਨਜ਼ਰ ਵਿੱਚ ਸਾਰੇ ਪਿਓਆਂ ਨੂੰ ਸਿਆਣੇ-ਸਿਆਣੇ ਅਤੇ ਧੌਲੀ ਦਾੜ੍ਹੀ ਵਾਲ਼ੇ ਹੋਣਾ ਚਾਹੀਦਾ ਹੈ।

**ਪ੍ਰਸ਼ਨ ਨੰ: -1●) ਅਮਰੀਕ ਸਿੰਘ ਨੂੰ ਆਪਣੇ ਘਰਦਿਆਂ ਨਾਲ਼ ਕਿਸ ਗੱਲ ਦਾ ਇਤਰਾਜ਼ ਸੀ?**

ਉੱਤਰ : ਅਮਰੀਕ ਨੂੰ ਇਹ ਸਮਝ ਨਹੀਂ ਆ ਰਿਹਾ ਸੀ ਕਿ ਉਹਨਾਂ ਉਸ ਤੋਂ ਆਪਣੇ ਪਿਓ ਦੀਆਂ ਸਾਰੀਆਂ ਮਾੜੀਆਂ ਗੱਲਾਂ ਲੁਕਾ ਕੇ ਰੱਖੀਆਂ ਸਨ।

**ਬੰਮ ਬਹਾਦਰ**

**ਪ੍ਰਸ਼ਨ ਨੰ: -11) ਬੰਮ ਨੂੰ ਮਾਤਾ ਦੀਨ ਨਾਲ਼ ਕਿਸ ਗੱਲੋਂ ਈਰਖਾ ਸੀ?**

ਉੱਤਰ : ਬੰਮ ਨੂੰ ਮਾਤਾ ਦੀਨ ਨਾਲ਼ ਈਰਖਾ ਨਹੀਂ ਸਗੋਂ ਗੁੱਸਾ ਤੇ ਨਫ਼ਰਤ ਸੀ ਕਿਉਂਕਿ ਉਹ ਉਸ ਦੇ ਰਾਤਬ ਵਿੱਚੋਂ ਚੋਰੀ ਕਰਦਾ ਸੀ ਤੇ ਉਸ ਤੋਂ ਉਸ ਦੇ ਹੱਕ ਖੋਂਹਦਾ ਜਾ ਰਿਹਾ ਸੀ। ਉਸ ਨੂੰ ਇਸ ਗੱਲ ਨਾਲ਼ ਈਰਖਾ ਜ਼ਰੂਰ ਸੀ ਕਿ ਮਾਤਾ ਦੀਨ ਦੇ ਵਿਤਕਰੇ ਕਾਰਨ ਮਹਾਰਾਜ ਦੇ ਸ਼ਿਕਾਰ ਖੇਡਣ ਜਾਣ ਸਮੇਂ ਉਸ ਦੀ ਥਾਂ ਕਿਸੇ ਹੋਰ ਸਾਥੀ ਨੂੰ ਮਿਲ਼ ਗਈ ਸੀ।

**ਪ੍ਰਸ਼ਨ ਨੰ: –12) ਮਹਾਰਾਜ ਅਤੇ ਮਹਾਰਾਣੀ ਦਾ ਬੰਮ ਬਹਾਦਰ ਪ੍ਰਤਿ ਕਿਹੋ–ਜਿਹਾ ਵਤੀਰਾ ਸੀ?**

ਉੱਤਰ : ਮਹਾਰਾਜ ਤੇ ਮਹਾਰਾਣੀ ਦਾ ਬੰਮ ਬਹਾਦਰ ਪਤਿ ਵਰਤਾਓ ਬਹੁਤ ਹੀ ਪਿਆਰਾ ਸੀ। ਮਹਾਰਾਜ ਉਸ ਦੀ ਅਣਖ ਦੀ ਕਦਰ ਪਾਉਂਦੇ ਸਨ ਅਤੇ ਉਸ ਨੂੰ ਹਰ ਜਲਸੇ ਦਾ ਸ਼ਿੰਗਾਰ ਬਣਾਉਂਦੇ ਸਨ ਕਿਉਂਕਿ ਉਹ ਜਾਣਦੇ ਸਨ ਕਿ ਬੰਮ ਤਮਾਸ਼ਬੀਨ ਹੈ। ਉਹ ਬੰਮ ਦੀ ਥਾਂ ਕਿਸੇ ਹੋਰ ਨੂੰ ਦੇਣ ਦੇ ਹੱਕ ਵਿੱਚ ਨਹੀਂ ਸਨ। ਮਹਾਰਾਣੀ ਦਾ ਉਸ ਪ੍ਰਤਿ ਵਿਹਾਰ ਬਹੁਤ ਹੀ ਪਿਆਰ ਅਤੇ ਅਪਣੱਤ ਨਾਲ਼ ਭਰਿਆ ਸੀ। ਉਹ ਉਸ ਨੂੰ ਪਹਿਲਾਂ ਹਫ਼ਤੇ ਵਿੱਚ ਇੱਕ ਵਾਰੀ ਮਿਲ਼ਨ ਲਈ ਜਾਂਦੀ। ਉਹ ਉਸ ਨੂੰ ਲੱਡੂ ਜਾਂ ਪਰੌਂਠੇ ਖੁਆਉਂਦੀ ਤੇ ਬੰਮ ਬੜੇ ਚਾਅ ਨਾਲ਼ ਖਾ ਕੇ ਉਸ ਨੂੰ ਆਪਣੇ ਉੱਤੇ ਬਿਠਾ ਕੇ ਫੁੰਮ੍ਹਣੀਆਂ ਪਾਉਂਦਾ ਹੋਇਆ ਘੁੰਮਦਾ। ਇਸ ਤਰ੍ਹਾਂ ਮਹਾਰਾਣੀ ਦਾ ਬੰਮ ਪ੍ਰਤਿ ਵਰਤਾਓ ਬਹੁਤ ਪਿਆਰ ਤੇ ਅਪਣੱਤ ਭਰਿਆ ਸੀ।

**ਪ੍ਰਸ਼ਨ ਨੰ: –13) ਬੰਮ ਬਹਾਦਰ ਨੇ ਪੈਰਾਂ ਦੇ ਸੰਗਲ਼ ਤੋੜ ਕੇ ਕੀ ਤਬਾਹੀ ਕੀਤੀ?**

ਉੱਤਰ : ਬੰਮ ਬਹਾਦਰ ਸੰਗਲ਼ ਤੁੜਾ ਕੇ ਸਿੱਧਾ ਮਾਤਾ ਦੀਨ ਦੇ ਬਾਗ਼ ਵਿੱਚ ਪੁੱਜਾ। ਉਸ ਨੇ ਬਾਗ਼ ਦੇ ਸਾਰੇ ਬੂਟੇ ਪੁੱਟ ਦਿੱਤੇ ਤੇ ਉੱਗਿਆ ਸਭ ਰੋਲ਼ ਦਿੱਤਾ। ਮਾਤਾ ਦੀਨ ਦੇ ਬਾਲ–ਬੱਚੇ ਘਰ ਖ਼ਾਲੀ ਕਰ ਕੇ ਨੱਠ ਗਏ। ਬੰਮ ਨੇ ਉਹਨਾਂ ਦੀ ਕੋਠੜੀ ਢਾਹ ਕੇ ਖੋਲ਼ਾ ਬਣਾ ਦਿੱਤੀ। ਫਿਰ ਉਸ ਨੇ ਇੱਕ ਛੱਪੜ ਵਿੱਚੋਂ ਆਪਣੀ ਸੁੰਡ ਵਿੱਚ ਪਾਣੀ ਭਰ ਲਿਆ ਤੇ ਜਿਹੜਾ ਵੀ ਉਸ ਦੇ ਰਸਤੇ ਵਿੱਚ ਆਉਂਦਾ ਸੀ ਉਹ ਪਾਣੀ ਦੀ ਵਾਛੜ ਸੁੱਟ ਕੇ ਉਸ ਨੂੰ ਡਰਾ ਦਿੰਦਾ ਸੀ।

## ਬਾਗ਼ੀ ਦੀ ਧੀ

**ਪ੍ਰਸ਼ਨ ਨੰ: –14) ਪਿਤਾ ਦੇ ਜੇਲ੍ਹ ਜਾਣ 'ਤੇ ਲਾਜ ਨੇ ਆਪਣੀ ਭੂਆ ਵੀਰਾਂ ਵਾਲੀ ਨੂੰ ਕੀ ਕਿਹਾ?**

ਉੱਤਰ : ਪਿਤਾ ਦੇ ਜੇਲ੍ਹ ਜਾਣ 'ਤੇ ਲਾਜ ਨੇ ਆਪਣੀ ਭੂਆ ਨੂੰ ਕਿਹਾ ਕਿ ਬੁਖ਼ਾਰ ਤੋਂ ਰਾਜ਼ੀ ਹੋ ਕੇ ਉਹ ਵੀ ਪਿਤਾ ਜੀ ਕੋਲ਼ ਜੇਲ੍ਹ ਚਲੀ ਜਾਵੇਗੀ। ਉਸ ਨੇ ਕਿਹਾ ਕਿ ਆਪਣੇ ਮੁਲਕ ਵਾਸਤੇ ਜੇਲ੍ਹ ਜਾਣਾ ਕੋਈ ਮਾੜੀ ਗੱਲ ਨਹੀਂ। ਇਹ ਸੁਣ ਕੇ ਜਦੋਂ ਭੂਆ ਨੇ ਕਿਹਾ ਕਿ ਉਸ ਦੀ ਉਮਰ ਅਜੇ ਬਾਰ੍ਹਾਂ ਸਾਲਾਂ ਦੀ ਵੀ ਨਹੀਂ ਹੋਈ ਤਾਂ ਉਸ ਨੇ ਪਿਤਾ ਕਿਸ਼ਨ ਸਿੰਘ ਨੂੰ ਕਿਹਾ ਕਿ ਉਹ ਭੂਆ ਜੀ ਨੂੰ ਦੱਸਣ ਕਿ ਗੁਰੂ ਜੀ ਦੇ ਸਾਹਿਬਜ਼ਾਦਿਆਂ ਦੀ ਉਮਰ ਕਿੰਨੀ ਸੀ। ਉਹ ਤਾਂ ਇਸ ਉਮਰ ਵਿੱਚ ਸ਼ਹੀਦ ਵੀ ਹੋ ਗਏ ਸਨ ਕੀ ਉਹ ਜੇਲ੍ਹ ਵੀ ਨਹੀਂ ਜਾ ਸਕਦੀ?

**ਪ੍ਰਸ਼ਨ ਨੰ: –15) ਵੀਰਾਂ ਵਾਲ਼ੀ ਦੀ ਮੌਤ ਦੇ ਕੀ ਕਾਰਨ ਸਨ?**

ਉੱਤਰ : ਆਪਣੇ ਪਤੀ ਦੇ ਅੱਗੇ ਪੇਸ਼ ਨਾ ਜਾਣ ਕਰਕੇ ਵੀਰਾਂ ਵਾਲੀ ਹੰਝੂਆਂ ਭਰੀਆਂ ਅੱਖਾਂ ਨਾਲ਼ ਲਾਜ ਨੂੰ ਗਲ਼ੀ ਵਿੱਚ ਖੇਡਦਿਆਂ ਛੱਡ ਕੇ ਪਤੀ ਨਾਲ਼ ਚਲੀ ਗਈ ਸੀ। ਫ਼ਿਰ ਜਦੋਂ ਇੱਕ ਸਾਲ ਤੇ ਦੋ ਮਹੀਨਿਆਂ ਮਗਰੋਂ ਵੀਰਾਂ ਵਾਲੀ ਦੀ ਕਿਸ਼ਨ ਸਿੰਘ ਨਾਲ਼ ਜੇਲ੍ਹ ਵਿੱਚ ਮੁਲਾਕਾਤ ਹੋਈ ਤੇ ਕਿਸ਼ਨ ਸਿੰਘ ਨੇ ਉਸ ਨੂੰ ਲਾਜ ਬਾਰੇ ਪੁੱਛਿਆ ਤੇ ਉਸ ਨੇ ਕਿਹਾ ਕਿ ਉਹ ਤਾਂ ਉਸ ਕੋਲ਼ ਅਮਾਨਤ ਛੱਡ ਆਏ ਸਨ ਤਾਂ ਵੀਰਾਂ ਦੇ ਮਨ ਉੱਤੇ ਡੂੰਘੀ ਸੱਟ ਵੱਜੀ ਸੀ। ਉਸ ਨੇ ਆਪਣੇ ਪਤੀ ਤੋਂ ਕਿਸ਼ਨ ਸਿੰਘ ਨਾਲ਼ ਮੁਲਾਕਾਤ ਦਾ ਭੇਤ ਲੁਕਾਉਣ ਵਿੱਚ ਤਾਂ ਸਫਲਤਾ ਪ੍ਰਾਪਤ ਕਰ ਲਈ ਸੀ ਪਰ ਭਰਾ ਵੀ ਅਮਾਨਤ ਵਿੱਚ ਖ਼ਿਆਨਤ ਹੋਣ ਦਾ ਸਦਮਾ ਉਹ ਨਾ ਸਹਾਰ ਸਕੀ ਤੇ ਇਸ ਸਦਮੇ ਨਾਲ਼ ਹੀ ਮਰ ਗਈ।

## ਧਰਤੀ ਹੇਠਲਾ ਬਲ਼ਦ

**ਪ੍ਰਸ਼ਨ ਨੰ: -16) ਕਰਮ ਸਿੰਘ ਦਾ ਸੁਭਾਅ ਕਿਹੋ-ਜਿਹਾ ਸੀ?**

ਉੱਤਰ : ਕਰਮ ਸਿੰਘ 'ਧਰਤੀ ਹੇਠਲਾ ਬਲ਼ਦ' ਕਹਾਣੀ ਦਾ ਇੱਕ ਮਹੱਤਵਪੂਰਨ ਪਾਤਰ ਹੈ। ਉਹ ਪਿੰਡ ਠੱਠੀਖਾਰਾ, ਜ਼ਿਲ੍ਹਾ ਅੰਮ੍ਰਿਤਸਰ ਦਾ ਰਹਿਣ ਵਾਲ਼ਾ ਸੀ। ਉਸ ਦੇ ਇੱਕ ਭਰਾ ਦਾ ਨਾਮ ਜਸਵੰਤ ਸਿੰਘ ਸੀ ਉਸ ਦਾ ਇੱਕ ਕਾਕਾ ਵੀ ਸੀ। ਉਹ ਫ਼ੌਜ ਵਿੱਚ ਹੌਲਦਾਰ ਸੀ। ਉਹ ਦੂਜੀ ਵੱਡੀ ਜੰਗ ਸਮੇਂ ਬਰਮਾ ਵਿੱਚ ਜਪਾਨੀਆਂ ਵਿਰੁੱਧ ਲੜਦਾ ਹੋਇਆ ਮਾਰਿਆ ਗਿਆ। ਮਾਨ ਸਿੰਘ ਉਸ ਦਾ ਮਿੱਤਰ ਸੀ। ਕਰਮ ਸਿੰਘ ਮਿੱਠੀ ਜ਼ੁਬਾਨ ਵਾਲ਼ਾ, ਪੱਕਾ ਨਿਸ਼ਾਨਚੀ, ਚੁਸਤ ਸਰੀਰ ਵਾਲ਼ਾ, ਪਰਿਵਾਰ ਨਾਲ਼ ਮੋਹ ਰੱਖਣ ਵਾਲ਼ਾ ਤੇ ਸਵੇਰੇ ਛੇਤੀ ਉੱਠਣ ਵਾਲ਼ਾ ਵਿਅਕਤੀ ਸੀ। ਕਹਾਣੀ ਦੇ ਅੰਤ ਵਿੱਚ ਉਸ ਦੀ ਮੌਤ ਕਹਾਣੀ ਨੂੰ ਦੁਖਾਂਤਕ ਰੰਗ ਦੇ ਦਿੰਦੀ ਹੈ।

**ਪ੍ਰਸ਼ਨ ਨੰ: -17) ਕਰਮ ਸਿੰਘ ਦੇ ਬਾਪੂ ਨੇ ਮਾਨ ਸਿੰਘ ਤੋਂ ਕਿਹੜੀ ਗੱਲ ਛੁਪਾਈ ਤੇ ਕਿਉਂ?**

ਉੱਤਰ : ਕਰਮ ਸਿੰਘ ਦੇ ਬਾਪੂ ਨੇ ਮਾਨ ਸਿੰਘ ਤੋਂ ਕਰਮ ਸਿੰਘ ਦੇ ਲੜਾਈ ਵਿੱਚ ਮਾਰੇ ਜਾਣ ਦੀ ਖ਼ਬਰ ਛੁਪਾਉਣ ਦਾ ਯਤਨ ਕੀਤਾ ਤੇ ਇਹ ਇਸ ਕਰਕੇ ਕੀਤਾ ਕਿਉਂਕਿ ਉਸ ਨੂੰ ਪਤਾ ਸੀ ਕਿ ਫ਼ੌਜੀ ਨੂੰ ਛੁੱਟੀ ਬਹੁਤ ਪਿਆਰੀ ਹੁੰਦੀ ਹੈ। ਉਹ ਕਰਮ ਸਿੰਘ ਦੇ ਦੋਸਤ ਦੀ ਉਸ ਛੁੱਟੀ ਦਾ ਸੁਆਦ ਖ਼ਰਾਬ ਨਹੀਂ ਸੀ ਕਰਨਾ ਚਾਹੁੰਦਾ। ਉਹ ਸਮਝਦਾ ਸੀ ਕਿ ਉਹ ਖ਼ੁਸ਼ੀ- ਖ਼ੁਸ਼ੀ ਛੁੱਟੀ ਗੁਜ਼ਾਰ ਕੇ ਜਾਵੇ, ਕਰਮ ਸਿੰਘ ਦੀ ਮੌਤ ਦੀ ਖ਼ਬਰ ਤਾਂ ਉਸ ਨੂੰ ਵਾਪਸ ਫ਼ੌਜ ਵਿੱਚ ਜਾ ਕੇ ਪਤਾ ਲੱਗ ਹੀ ਜਾਵੇਗੀ।

**ਪ੍ਰਸ਼ਨ ਨੰ: -18) ਮਾਨ ਸਿੰਘ ਨੇ ਕਰਮ ਸਿੰਘ ਦੇ ਬਾਪੂ ਨੂੰ 'ਧਰਤੀ ਹੇਠਲਾ ਬਲ਼ਦ' ਕਿਉਂ ਕਿਹਾ?**

ਉੱਤਰ : ਕਰਮ ਸਿੰਘ ਦੇ ਬਾਪੂ ਨੇ ਮਾਨ ਸਿੰਘ ਨੂੰ ਦੱਸਿਆ ਕਿ ਉਹ ਕਰਮ ਸਿੰਘ ਦੀ ਮੌਤ ਬਾਰੇ ਦੱਸ ਕੇ ਉਸ ਦੀ ਛੁੱਟੀ ਦਾ ਸੁਆਦ ਖ਼ਰਾਬ ਨਹੀਂ ਸੀ ਕਰਨਾ ਚਾਹੁੰਦਾ। ਉਸ ਦੇ ਪਿੰਡੋਂ ਵਾਪਸ ਮੁੜਦੇ ਮਾਨ ਸਿੰਘ ਨੇ ਜਦੋਂ ਰਾਹ ਵਿੱਚ ਮਾਝੇ ਦੇ ਪਿੰਡਾਂ ਦੁਆਲ਼ੇ ਬਣੇ ਕਿਲ੍ਹੇ-ਕੋਟ ਦੇਖੇ ਤੇ ਥਾਂ-ਥਾਂ ਬਣੀਆਂ ਸ਼ਹੀਦਾਂ ਦੀਆਂ ਸਮਾਧਾਂ ਬਣੀਆਂ ਦੇਖੀਆਂ ਤਾਂ ਉਸ ਨੇ ਅੰਦਾਜ਼ਾ ਲਾਇਆ ਕਿ ਧਾੜਵੀਆਂ ਨਾਲ਼ ਲੜਨ-ਮਰਨ ਦੀਆਂ ਕਹਾਣੀਆਂ ਦੱਸਦੀਆਂ ਹਨ ਕਿ ਬਾਪੂ ਵਿੱਚ ਏਨੀ ਸਹਿਣ-ਸ਼ਕਤੀ ਕਿਉਂ ਹੈ? ਉਹ ਹੋਰਨਾਂ ਨੂੰ ਹੌਲ਼ਾ ਰੱਖਣ ਲਈ ਭਾਰ ਆਪ ਚੁੱਕਣਾ ਚਾਹੁੰਦਾ ਹੈ। ਉਸ ਨੇ ਸੁਣਿਆ ਹੋਇਆ ਸੀ ਕਿ ਇੱਕ ਬਲ਼ਦ ਹੈ ਜੋ ਆਪਣੇ ਸਿੰਙਾਂ ਉੱਤੇ ਧਰਤੀ ਦਾ ਭਾਰ ਚੁੱਕ ਕੇ ਖੜ੍ਹਾ ਰਹਿੰਦਾ ਹੈ। ਉਸ ਨੇ ਅਨੁਭਵ ਕੀਤਾ ਕਿ ਕਰਮ ਸਿੰਘ ਦਾ ਬਾਪੂ ਵੀ ਇੱਕ ਬਲ਼ਦ ਹੈ ਜਿਹੜਾ ਦੂਜਿਆਂ ਨੂੰ ਸੁੱਖ ਦੇਣ ਲਈ ਦੁੱਖ ਦਾ ਭਾਰ ਆਪ ਚੁੱਕਣਾ ਚਾਹੁੰਦਾ ਹੈ। ਇਸੇ ਕਾਰਨ ਲੇਖਕ ਕਰਮ ਸਿੰਘ ਦੇ ਬਾਪੂ ਨੂੰ 'ਧਰਤੀ ਹੇਠਲਾ ਬਲ਼ਦ' ਆਖਦਾ ਹੈ।

**ਪ੍ਰਸ਼ਨ ਨੰ: -19) ਡਾਕੀਏ ਨੂੰ ਦੇਖ ਕੇ ਕਰਮ ਸਿੰਘ ਦੇ ਬਾਪੂ ਦੇ ਮਨ ਵਿੱਚ ਕੀ ਵਿਚਾਰ ਆਏ?**

ਉੱਤਰ : ਡਾਕੀਏ ਨੂੰ ਬਾਹਰ ਮਾਨ ਸਿੰਘ ਕੋਲ਼ ਬੈਠਾ ਦੇਖ ਕੇ ਕਰਮ ਸਿੰਘ ਦੇ ਬਾਪੂ ਨੇ ਸਮਝ ਲਿਆ ਕਿ ਉਸ ਨੇ ਮਾਨ ਸਿੰਘ ਤੋਂ ਕਰਮ ਸਿੰਘ ਦੀ ਮੌਤ ਦੀ ਜਿਹੜੀ ਖ਼ਬਰ ਛੁਪਾ ਕੇ ਰੱਖਣੀ ਚਾਹੀਦੀ ਸੀ, ਉਹ ਛੁਪੀ ਨਹੀਂ ਰਹਿ ਸਕੀ ਕਿਉਂਕਿ ਡਾਕੀਏ ਤੋਂ ਉਸ ਨੂੰ ਸਾਰੀ ਗੱਲ ਪਤਾ ਲੱਗ ਚੁੱਕੀ ਹੋਵੇਗੀ। ਇਸ ਕਰਕੇ ਉਸ ਗੱਲ ਦਾ ਭਾਰ ਚੁੱਕੀ ਰੱਖਣ ਦਾ ਹੁਣ ਫ਼ਾਇਦਾ ਨਹੀਂ। ਇਸ ਦੇ ਨਾਲ਼ ਉਸ ਦੇ ਅੱਥਰੂ ਵਹਿ ਤੁਰੇ। ਉਹ ਤੇ ਮਾਨ ਸਿੰਘ ਕਿੰਨਾ ਚਿਰ ਕੋਲ਼-ਕੋਲ਼ ਬੈਠੇ ਆਪਣੇ ਦਿਲਾਂ ਦਾ ਭਾਰ ਹਲਕਾ ਕਰਦੇ ਰਹੇ।

## ਇੱਕ ਪੈਰ ਘੱਟ ਤੁਰਨਾ

**ਪ੍ਰਸ਼ਨ ਨੰ: -2●) ਡਾਕਟਰ ਰਸ਼ੀਦ ਨੂੰ ਉਸ ਦੇ ਅਮਰੀਕਾ ਗਏ ਪੁੱਤਰ ਨੂੰ ਬੁਲਾਉਣ ਲਈ ਕਿਉਂ ਕਹਿੰਦਾ ਹੈ?**

ਉੱਤਰ : ਡਾਕਟਰ ਰਸ਼ੀਦ ਨੂੰ ਉਸ ਦੇ ਅਮਰੀਕਾ ਗਏ ਪੁੱਤਰ ਨੂੰ ਇਸ ਕਰਕੇ ਬੁਲਾਉਣ ਲਈ ਕਹਿੰਦਾ ਹੈ ਤਾਂਜੋ ਮਿਹਦੇ ਦੇ ਕੈਂਸਰ ਦਾ ਮਰੀਜ਼ ਹੋਣ ਕਰਕੇ ਉਸ ਦਾ ਇਲਾਜ ਠੀਕ ਤਰ੍ਹਾਂ ਹੋ ਸਕੇ ਕਿਉਂਕਿ ਅਜਿਹੇ ਮਰੀਜ਼ ਨੂੰ ਹਸਪਤਾਲ ਵੀ ਦਾਖ਼ਲ ਕਰਨਾ ਪੈ ਸਕਦਾ ਹੈ ਤੇ ਹਾਲਤ ਵਿਗੜਨ ਸਮੇਂ ਉਸ ਦਾ ਸਹਾਇਕ ਉਸ ਦੇ ਕੋਲ਼ ਹੋਣਾ ਚਾਹੀਦਾ ਹੈ।

**ਪ੍ਰਸ਼ਨ ਨੰ: -21) ਰਸ਼ੀਦ ਨੇ ਦਫ਼ਤਰ ਦੀ ਨੌਕਰੀ ਤੋਂ ਅਸਤੀਫ਼ਾ ਦੇਣ ਲਈ ਕਿਉਂ ਸੋਚਿਆ?**

ਉੱਤਰ : ਰਸ਼ੀਦ ਨੇ ਦਫ਼ਤਰ ਦੀ ਨੌਕਰੀ ਤੋਂ ਅਸਤੀਫ਼ਾ ਦੇਣ ਲਈ ਇਸ ਕਰਕੇ ਸੋਚਿਆ ਕਿਉਂਕਿ ਮਿਹਦੇ ਵਿੱਚ ਕੈਂਸਰ ਹੋਣ ਕਰਕੇ ਡਾਕਟਰਾਂ ਨੇ ਉਸ ਦੀ ਉਮਰ ਛੇ ਕੁ ਮਹੀਨੇ ਹੀ ਦੱਸੀ ਸੀ ਤੇ ਹੁਣ ਇਹ ਸਮਾਂ ਸ਼ਹਿਰ ਦੇ ਰੌਲ਼ੇ ਤੇ ਦਰੀਆਗੰਜ ਦੇ ਘੁਰਨੇ ਦੀ ਥਾਂ ਪਿੰਡ ਜਾ ਕੇ ਆਪਣੀ ਪੁਰਾਣੀ ਤੇ ਪੱਕੀ ਹਵੇਲੀ ਦੀ ਖੁੱਲ੍ਹੀ ਹਵਾ ਵਿੱਚ ਆਪਣੇ ਮਨ ਦੀ ਮਰਜ਼ੀ ਅਨੁਸਾਰ ਗੁਜ਼ਾਰਨਾ ਚਾਹੁੰਦਾ ਸੀ।

**ਪ੍ਰਸ਼ਨ ਨੰ: -22) ਰਸ਼ੀਦ ਆਪਣੀ ਬਿਮਾਰੀ ਤੋਂ ਰਾਹਤ ਲੈਣ ਲਈ ਕੀ ਸ਼ੌਕ ਪਾਲ਼ਦਾ ਹੈ?**

ਉੱਤਰ : ਰਸ਼ੀਦ ਨੇ ਆਪਣੀ ਬਿਮਾਰੀ ਤੋਂ ਰਾਹਤ ਪਾਉਣ ਲਈ ਕੁਝ ਸ਼ੌਕ ਪਾਲ਼ ਲਏ ਤੇ ਉਹਨਾਂ ਵਿੱਚ ਦਿਲਚਸਪੀ ਲੈਣ ਲੱਗਾ। ਉਸ ਦੇ ਘਰ ਨੇ ਆਸ-ਪਾਸ ਬਹੁਤ ਸਾਰੇ ਗੁਲਾਬਾਂ ਦੇ ਪੌਦੇ ਲਾ ਦਿੱਤੇ ਜਿਨ੍ਹਾਂ ਉੱਤੇ ਉਹ ਮਾਰਚ ਦੇ ਅੱਗੇ-ਪਿੱਛੇ ਫੁੱਲ ਖਿੜਨ ਦੀ ਉਮੀਦ ਕਰਨ ਲੱਗਾ। ਉਸ ਨੇ ਬਹੁਤ ਸਾਰੇ ਰੰਗ-ਬਰੰਗੇ, ਸਫ਼ੈਦ, ਸੁਰਮਈ, ਚਿੱਤਰ-ਮਿਤਰੇ ਤੇ ਬ੍ਰਾਊਨ ਰੰਗ ਦੇ ਕਬੂਤਰ ਪਾਲ਼ ਲਏ। ਉਹ ਉਹਨਾਂ ਨਾਲ਼ ਖੇਡਦਾ ਤੇ ਗੱਲਾਂ ਕਰਦਾ ਤੇ ਦਾਣਾ ਖੁਆਉਂਦਾ, ਉਹਨਾਂ ਦੀਆਂ ਉਡਾਰੀਆਂ ਤੇ ਨਾਚ ਦਾ ਸੁਆਦ ਲੈਂਦਾ। ਉਹ ਚਿੜੀਆਂ ਦੇ ਚੂਹਕਣ, ਸਵੇਰ ਦੇ ਚੜ੍ਹਨ ਤੇ ਆਸ-ਪਾਸ ਰਹਿੰਦੇ ਪੰਛੀਆਂ ਵਿੱਚ ਵੀ ਦਿਲਚਸਪੀ ਲੈਂਦਾ। ਉਹ ਘਰ ਵਿੱਚ ਬਿੱਲੀ ਦੇ ਬਲੂੰਗੜਿਆਂ ਦੀ ਦੇਖ-ਭਾਲ਼ ਤੇ ਉਹਨਾਂ ਨਾਲ਼ ਖੇਡਣ ਦਾ ਅਨੰਦ ਲੈਂਦਾ। ਇਸ ਤੋਂ ਇਲਾਵਾ ਉਹ ਆਂਢ-ਗੁਆਂਢ ਦੇ ਬੱਚਿਆਂ ਨੂੰ ਸੱਦ ਕੇ ਉਹਨਾਂ ਦਾ ਹੋਮ-ਵਰਕ ਵੀ ਕਰਵਾ ਦਿੰਦਾ। ਇਸ ਪਿੱਛੋਂ ਉਸ ਨੇ ਕਿਧਰੋਂ ਛੋਟੇ-ਛੋਟੇ ਰੰਗ-ਬਰੰਗੇ ਤੋਤੇ ਖ਼ਰੀਦ ਲਿਆਂਦੇ। ਉਹ ਉਹਨਾਂ ਨੂੰ ਰੱਖਣ ਲਈ ਪਿੰਜਰੇ ਬਣਵਾਉਂਦਾ ਤੇ ਫਿਰ ਉਹਨਾਂ ਨੂੰ ਲਟਕਾਉਂਦਾ ਰਿਹਾ। ਉਹ ਉਹਨਾਂ ਦੇ ਖਾਣ ਲਈ ਦਾਣੇ ਆਦਿ ਦਾ ਪ੍ਰਬੰਧ ਵੀ ਕਰਦਾ ਤੇ ਪਿੰਜਰਿਆਂ ਦੀ ਸਫ਼ਾਈ ਵੀ ਕਰਦਾ।

## ਇਕਾਂਗੀ-ਪਾਤਰ ਚਿਤਰਨ

## ਪਾਤਰਾਂ ਦੇ ਚਰਿੱਤਰ-ਚਿਤਰਨ

**ਪ੍ਰਸ਼ਨ ਨੰ: 17.**

**ਪ੍ਰ:1) ਪੁੱਤਰ (ਸੁਖਦੇਵ ਸਿੰਘ) ਦਾ ਪਾਤਰ-ਚਿਤਰਨ 125 ਸ਼ਬਦਾਂ ਵਿੱਚ ਕਰੋ।**

**ਉੱਤਰ** : ਪੁੱਤਰ 'ਨਾਇਕ' ਇਕਾਂਗੀ ਦਾ ਮੁੱਖ ਪਾਤਰ ਹੈ। ਉਸ ਦਾ ਨਾਂ ਸੁਖਦੇਵ ਸਿੰਘ ਹੈ। ਉਸ ਨੇ ਮੈਟ੍ਰਿਕ ਜ਼ਿਲ੍ਹੇ ਵਿੱਚੋਂ ਬੀ. ਏ. ਕਾਲਜ ਵਿੱਚੋਂ ਫ਼ਸਟ ਰਹਿ ਕੇ ਪਾਸ ਕੀਤੀ ਹੈ। ਇਕਾਂਗੀ ਵਿੱਚ ਇਕਾਂਗੀਕਾਰ ਨੇ ਉਸ ਨੂੰ ਨਵੀਂ ਪੀੜ੍ਹੀ ਦਾ ਪ੍ਰਤਿਨਿਧ ਬਣਾ ਕੇ ਉਸ ਦੀ ਆਪਣੇ ਪਿਤਾ ਅਰਥਾਤ ਪੁਰਾਣੀ ਪੀੜ੍ਹੀ ਨਾਲ਼ ਟੱਕਰ ਨੂੰ ਪੇਸ਼ ਕੀਤਾ ਹੈ। ਉਹ ਦਲੀਲ ਨਾਲ਼ ਕਾਟਵੀਂ ਗੱਲ ਕਰਨ ਵਾਲ਼ਾ, ਹਾਜ਼ਰ-ਜਵਾਬ, ਦਲੇਰ ਤੇ ਖਰੀ-ਖਰੀ ਗੱਲ ਕਹਿਣ ਵਾਲ਼ਾ, ਭ੍ਰਿਸ਼ਟਾਚਾਰ ਦੇ ਸਾਰੇ ਰੂਪਾਂ ਤੋਂ ਦੂਰ ਰਹਿਣ ਵਾਲ਼ਾ ਤੇ ਆਪਣੇ ਪੈਰਾਂ ਉੱਤੇ ਖੜ੍ਹਾ ਹੋਣ ਦਾ ਚਾਹਵਾਨ ਹੈ। ਉਹ ਪਿਤਾ ਦੀ ਬੁਜ਼ਦਿਲੀ ਤੋਂ ਇਨਕਲਾਬੀ ਵਿਚਾਰਾਂ ਵਾਲ਼ਾ, ਸੁਹਿਰਦ, ਆਸ਼ਾਵਾਦੀ ਤੇ ਸੁਲ਼ਝਿਆ ਹੋਇਆ ਨੌਜਵਾਨ ਹੈ। ਉਸ ਦਾ ਆਪਣੇ ਬਾਪ ਦੇ ਪਿਤਾ ਰੂਪ ਨਾਲ਼ ਪਿਆਰ ਹੈ ਅਤੇ ਉਹ ਫੋਕੀ ਦੇਸ-ਭਗਤੀ ਦੀ ਥਾਂ ਦੇਸ ਦੀ ਅਸਲ ਹਕੀਕਤ ਨੂੰ ਸਮਝਦਾ ਹੈ। ਇਕਾਂਗੀ ਦੇ ਅੰਤ ਵਿੱਚ ਉਹ ਵਿਦਰੋਹੀ ਵਿਚਾਰਾਂ ਵਾਲ਼ਾ, ਆਸ਼ਾਵਾਦੀ ਤੇ ਪੁਰਾਣੀ ਪੀੜ੍ਹੀ ਨੂੰ ਨਾਲ਼ ਲੈ ਕੇ ਸੰਘਰਸ਼ ਵਿੱਚ ਕੁੱਦਣ ਵਾਲ਼ੇ ਨੌਜਵਾਨ ਦੇ ਰੂਪ ਵਿੱਚ ਉੱਭਰਦਾ ਹੈ।

ਪ੍ਰ:2) ਪਿਤਾ ਦਾ ਪਾਤਰ-ਚਿਤਰਨ ਕਰੋ।

ਉੱਤਰ : ਪਿਤਾ 'ਨਾਇਕ' ਇਕਾਂਗੀ ਦਾ ਮਹੱਤਵਪੂਰਨ ਪਾਤਰ ਹੈ। ਇਕਾਂਗੀ ਵਿੱਚ ਉਹ ਤਿੰਨ ਰੂਪਾਂ ਵਿੱਚ ਸਾਮ੍ਹਣੇ ਆਉਂਦਾ ਹੈ : ਪਿਤਾ ਦੇ ਰੂਪ ਵਿੱਚ, ਕੁਰਸੀ ਉੱਤੇ ਬੈਠੇ ਅਫ਼ਸਰ ਦੇ ਰੂਪ ਵਿੱਚ ਤੇ ਕਚਹਿਰੀ ਦੇ ਜੱਜ ਦੇ ਰੂਪ ਵਿੱਚ। ਉਹ ਪੁਰਾਣੇ ਸਮੇਂ ਦਾ ਮੈਟ੍ਰਿਕ ਪਾਸ ਹੈ। ਉਹ ਕਮੇਟੀ ਘਰ ਵਿੱਚ ਸੁਪਰਿੰਟੈਂਡੈਂਟ ਹੁੰਦਾ ਸੀ ਤੇ ਅੰਤ ਵਿੱਚ ਰਿਟਾਇਰਮੈਂਟ ਲੈ ਲੈਂਦਾ ਹੈ। ਉਸ ਦੀ ਪਤਨੀ ਮਰ ਚੁੱਕੀ ਹੁੰਦੀ ਹੈ। ਉਹ ਸੋਟੀ ਲੈ ਕੇ ਤੁਰਦਾ ਹੈ। ਉਸ ਦਾ ਇੱਕੋ-ਇੱਕ ਪੁੱਤਰ ਹੈ ਜੋ ਐੱਮ. ਏ. ਪਾਸ ਹੈ ਤੇ ਨਵੀਂ ਪੀੜ੍ਹੀ ਦਾ ਪ੍ਰਤੀਨਿਧ ਹੈ। ਇਕਾਂਗੀਕਾਰ ਨੇ ਇਕਾਂਗੀ ਵਿੱਚ ਉਸ ਦੇ ਪਾਤਰ ਰਾਹੀਂ ਪੁਰਾਣੀ ਪੀੜ੍ਹੀ ਦੀ ਉਸ ਦੇ ਪੁੱਤਰ ਅਰਥਾਤ ਨਵੀਂ ਪੀੜ੍ਹੀ ਨਾਲ ਟੱਕਰ ਨੂੰ ਪੇਸ਼ ਕੀਤਾ ਹੈ।

1) **ਪੁਰਾਣੀ ਪੀੜ੍ਹੀ ਦਾ ਪ੍ਰਤਿਨਿਧ** :- ਪਿਤਾ ਪੁਰਾਣੀ ਪੀੜ੍ਹੀ ਦਾ ਪ੍ਰਤਿਨਿਧ ਹੈ। ਉਸ ਦੀ ਇੱਕ ਪਿਤਾ ਦੇ ਰੂਪ ਵਿੱਚ, ਕੁਰਸੀ ਉੱਪਰ ਬੈਠੇ ਇੱਕ ਅਫ਼ਸਰ ਦੇ ਰੂਪ ਵਿੱਚ ਤੇ ਜੱਜ ਦੇ ਰੂਪ ਵਿੱਚ ਆਪਣੇ ਪੁੱਤਰ ਨਾਲ਼ ਇੱਕ ਟੱਕਰ ਚੱਲਦੀ ਹੈ। ਉਹ ਉਸ ਨੂੰ ਜ਼ਿੰਦਗੀ ਦੀ ਸਥਾਪਿਤ ਤੋਰ ਅਨੁਸਾਰ ਚੱਲਦਾ ਦੇਖਣਾ ਚਾਹੁੰਦਾ ਹੈ ਪਰ ਪੁੱਤਰ ਨੂੰ ਇਹ ਗੱਲ ਪਸੰਦ ਨਹੀਂ। ਫਲਸਰੂਪ ਦੋਹਾਂ ਵਿਚਕਾਰ ਵਿਰੋਧ ਚੱਲਦਾ ਹੈ। ਪਿਤਾ ਦੇ ਰੂਪ ਵਿੱਚ ਉਹ ਪੁੱਤਰ ਨੂੰ ਪਿਆਰ ਕਰਨ ਵਾਲ਼ਾ, ਪੁੱਤਰ ਨੂੰ ਆਪਣੀ ਮਰਜ਼ੀ ਅਨੁਸਾਰ ਚਲਦਾ ਦੇਖਣ ਦਾ ਚਾਹਵਾਨ, ਭ੍ਰਿਸ਼ਟਾਚਾਰੀ ਅਫ਼ਸਰ ਦੇ ਰੂਪ ਵਿੱਚ ਉਹ ਵਿੱਦਿਅਕ ਯੋਗਤਾ ਦਾ ਕਦਰਦਾਨ ਪਰ ਸਿਸਟਮ ਦਾ ਇੱਕ ਪੁਰਜ਼ਾ ਹੋਣ ਕਰਕੇ ਮਜਬੂਰ ਹੈ। ਪੁੱਤਰ ਦੀ ਨਜ਼ਰ ਵਿੱਚ ਉਹ ਦੰਭੀ, ਮਕਾਰ ਤੇ ਝੂਠਾ ਹੈ। ਜੱਜ ਦੇ ਰੂਪ ਵਿੱਚ ਉਹ ਸਥਾਪਤੀ ਦਾ ਪੈਰੋਕਾਰ ਹੈ ਤੇ ਪੁੱਤਰ ਨੂੰ ਆਪਣੇ ਕਸੂਰ ਦਾ ਇਕਬਾਲ ਕਰਨ 'ਤੇ ਸਜ਼ਾ ਦਿੰਦਾ ਹੈ।

2) **ਦਲੀਲ ਨਾਲ ਗੱਲ ਕਰਨ ਵਾਲ਼ਾ** : - ਪਿਤਾ ਪੁੱਤਰ ਨਾਲ਼ ਗੱਲ-ਬਾਤ ਸਮੇਂ ਦਲੀਲ ਤੋਂ ਕੰਮ ਲੈਂਦਾ ਹੈ ਤੇ ਉਸ ਨੂੰ ਆਪਣੇ ਵਿਚਾਰਾਂ ਅਨੁਸਾਰ ਚਲਾਉਣਾ ਚਾਹੁੰਦਾ ਹੈ।

3) **ਦੇਸ-ਭਗਤੀ ਦੇ ਭਾਵ ਰੱਖਣ ਵਾਲ਼ਾ** :- ਉਸ ਵਿੱਚ ਦੇਸ-ਭਗਤੀ ਦੇ ਭਾਵ ਵੀ ਹਨ। ਉਸ ਦਾ ਵਿਸ਼ਵਾਸ ਹੈ ਕਿ ਜੇ ਦੇਸ ਦਾ ਕੁਝ ਬਣੇਗਾ ਤਾਂ ਹੀ ਲੋਕਾਂ ਦਾ ਕੁਝ ਬਣੇਗਾ।

4) **ਗੱਲ ਦੇ ਉਲਟੇ ਮਤਲਬ ਕੱਢਣ ਵਾਲਾ** :- ਉਹ ਪੁੱਤਰ ਦੁਆਰਾ ਉਸ ਦੀ ਬੁਢਾਪੇ ਵਿੱਚ ਸਹਾਇਤਾ ਨਾ ਕਰਨ ਨੂੰ ਸ਼ਰਮ ਦੀ ਗੱਲ ਸਮਝਣ ਸੰਬੰਧੀ ਕਹੇ ਸ਼ਬਦਾਂ ਦੇ ਉਲਟੇ ਅਰਥ ਕੱਢਦਾ ਹੋਇਆ ਕਹਿੰਦਾ ਹੈ, "ਤੇ ਤੂੰ ਫ਼ੈਸਲਾ ਕਰ ਲਿਆ ਕਿ ਤੂੰ ਮੇਰੇ ਲਈ ਕੁਝ ਨਹੀਂ ਕਰੇਗਾ, ਸਿਰਫ਼ ਸ਼ਰਮ ਕਰਕੇ ਆਪਣਾ ਫ਼ਰਜ਼ ਭੁਲਾ ਦੇਵੇਂਗਾ।"

5) **ਪੁੱਤਰ-ਪਿਆਰ ਭਰਪੂਰ** : - ਪਿਤਾ ਦੇ ਰੂਪ ਵਿੱਚ ਉਹ ਪੁੱਤਰ-ਪਿਆਰ ਨਾਲ਼ ਭਰਪੂਰ ਹੈ। ਉਹ ਉਸ ਦੀ ਮਾਤਾ ਦੇ ਦਿਹਾਂਤ ਮਗਰੋਂ ਰਾਤ ਨੂੰ ਉਸ ਦੇ ਸਿਰ ਉੱਪਰ ਪਿਆਰ ਨਾਲ਼ ਹੱਥ ਫੇਰਦਾ ਹੁੰਦਾ ਸੀ ਤੇ ਫਿਰ ਉਹ ਮਗਰੋਂ ਜੇਲ੍ਹ ਵਿੱਚ ਮਿਲ਼ਨ ਗਿਆ। ਪੁੱਤਰ ਦੇ ਵਿਚਾਰਾਂ ਵਿੱਚ ਦਿਲਚਸਪੀ ਲੈਂਦਾ ਹੋਇਆ ਉਹ ਉਸ ਦੇ ਜੇਲ੍ਹੋਂ ਬਾਹਰ ਆਉਣ 'ਤੇ ਉਸ ਦੇ ਨਾਲ਼ ਸੰਘਰਸ਼ ਵਿੱਚ ਸ਼ਾਮਲ ਹੋ ਜਾਣਾ ਚਾਹੁੰਦਾ ਹੈ।

6) **ਸਥਿਤੀ ਅਨੁਸਾਰ ਬਦਲ ਜਾਣ ਵਾਲ਼ਾ** :- ਉਹ ਜਦੋਂ ਕਮੇਟੀ ਘਰ ਵਿੱਚ ਸੁਪਰਿੰਟੈਂਡੈਂਟ ਸੀ ਤਾਂ ਉਹ ਨਹੀਂ ਸੀ ਚਾਹੁੰਦਾ ਕਿ ਉਸ ਦਾ ਪੁੱਤਰ ਸਥਾਪਤੀ ਦੇ ਉਲਟ ਚੱਲੇ। ਉਹ ਉਸ ਨੂੰ ਆਪਣੇ ਵਾਂਗ ਹੀ ਚੁੱਪ ਕਰਕੇ ਨੌਕਰੀ ਕਰਦਾ ਦੇਖਣਾ ਚਾਹੁੰਦਾ ਹੈ। ਇੱਕ ਅਫ਼ਸਰ ਤੇ ਜੱਜ ਦੇ ਰੂਪ ਵਿੱਚ ਉਹ ਪੁੱਤਰ ਦਾ ਕੁਝ ਸੁਆਰਨ ਦ ਥਾਂ ਵਿਗਾੜਦਾ ਹੀ ਹੈ ਪਰ ਨੌਕਰੀ ਤੋਂ ਰਿਟਾਇਰ ਹੋ ਕੇ ਅਜ਼ਾਦ ਹੋਇਆ ਉਹ ਸੰਘਰਸ਼ ਵਿੱਚ ਉਸ ਦਾ ਸਾਥ ਦੇਣ ਦੀ ਤਿਆਰੀ ਕਰ ਲੈਂਦਾ ਹੈ।

ਪ੍ਰ:3) ਹਰਦੇਵ ਬਾਜਵੇ ਦਾ ਚਰਿੱਤਰ-ਚਿਤਰਨ 125 ਸ਼ਬਦਾਂ ਵਿੱਚ ਕਰੋ।

ਉੱਤਰ : ਹਰਦੇਵ ਬਾਜਵਾ 'ਸਮੁੰਦਰੋਂ ਪਾਰ' ਇਕਾਂਗੀ ਦਾ ਮੁੱਖ ਪਾਤਰ ਹੈ। ਉਹ ਇੱਕ ਘ੍ਰਿਣਿਤ ਤੇ ਦੁਸ਼ਟ ਪਾਤਰ ਹੈ। ਉਹ ਪੰਜਾਬੀ ਹੈ, ਜੋ ਇੰਗਲੈਂਡ ਦੇ ਸ਼ਹਿਰ ਮਿਡਲਸੈੱਕਸ ਵਿੱਚ ਰਹਿੰਦਾ ਸੀ। ਪੰਜਾਬ ਵਿੱਚ ਉਸ ਦਾ ਵਿਆਹ ਸ਼ਰਨਜੀਤ ਨਾਲ਼ ਹੋਇਆ ਸੀ ਪਰੰਤੂ ਉਹ ਆਪ ਭੈੜੇ ਚਰਿੱਤਰ ਦਾ ਮਾਲਕ ਸੀ ਤੇ ਸ਼ਰਨਜੀਤ ਨੇ ਜਦੋਂ ਉਸ ਨੂੰ ਉਸ ਦੇ ਚਾਲਿਆਂ ਤੋਂ ਰੋਕਣ ਦਾ ਯਤਨ ਕੀਤਾ ਤਾਂ ਉਸ ਨੇ ਚੁਸਤੀ-ਚਲਾਕੀ ਤੋਂ ਕੰਮ ਲੈਂਦਿਆਂ ਉਲਟਾ ਉਸ ਉੱਤੇ ਬੇਬੁਨਿਆਦ ਦੋਸ਼ ਥੱਪਣੇ ਸ਼ੁਰੂ ਕਰ ਦਿੱਤੇ। ਜਦੋਂ ਉਸ ਨੇ ਇਹਨਾਂ ਦੋਸ਼ਾਂ ਦਾ ਸਬੂਤ ਮੰਗਿਆ ਤਾਂ ਉਹ ਇੰਗਲੈਂਡ ਤੋਂ ਖਿਸਕ ਗਿਆ। ਉੱਧਰ ਸ਼ਰਨਜੀਤ ਨੇ ਉਸ ਦੇ ਪੁੱਤਰ ਨੀਟੂ ਨੂੰ ਜਨਮ ਦਿੱਤਾ। ਇਸ ਪ੍ਰਕਾਰ ਉਹ ਆਪਣੇ ਭੈੜੇ ਚਰਿੱਤਰ ਉੱਤੇ ਝੂਠ ਦਾ ਪਰਦਾ ਪਾਉਂਦਾ ਸੀ। ਇੰਗਲੈਂਡ ਵਿੱਚ ਉਹ ਮੇਮ ਮਰਸੀ ਨਾਲ਼ ਵਿਆਹ ਕਰਨ ਸਮੇਂ ਵੀ ਝੂਠ ਬੋਲਦਾ ਹੈ ਕਿ ਉਸ ਦਾ ਇੰਡੀਆ ਵਿਚਲੀ ਪਤਨੀ ਤੋਂ ਤਲਾਕ ਹੋਇਆ ਹੈ। ਉਹ ਆਪਹੁਦਰਾ ਤੇ ਮਨਮਤੀਆ ਵੀ ਹੈ। ਉਹ ਆਪਣੇ ਦੋਸਤ ਬਲਵੰਤ ਢਿੱਲੋਂ ਦੀ ਵੀ ਇੱਕ ਨਹੀਂ ਮੰਨਦਾ ਜਦਕਿ ਉਹ ਉਸ ਦੇ ਮਰਸੀ ਨਾਲ਼ ਵਿਆਹ ਤੋਂ ਪਹਿਲਾਂ ਵੀ ਉਸ ਨੂੰ ਉਸ ਦੇ ਗ਼ਲਤ ਕਦਮ ਤੋਂ ਖ਼ਬਰਦਾਰ ਕਰਦਾ ਹੈ। ਫਿਰ ਜਦੋਂ ਸ਼ਰਨਜੀਤ, ਸੁਖਦੇਵ ਤੇ ਨੀਟੂ ਇੰਗਲੈਂਡ ਆ ਜਾਂਦੇ ਹਨ ਤਾਂ ਵੀ ਉਹ ਢਿੱਲੋਂ ਦੇ ਸਮਝਾਉਣ 'ਤੇ ਸਮਝਦਾ ਤੇ ਕਹਿੰਦਾ ਹੈ ਕਿ ਉਸ ਨੇ ਉਸ ਰਾਹ ਉੱਤੇ ਤੁਰਨਾ ਹੈ ਜਿਹੜਾ ਉਸ ਨੂੰ ਪਸੰਦ ਹੈ। ਇਸ ਪ੍ਰਕਾਰ ਉਹ ਇੱਕ ਘਟੀਆ ਤੇ ਦੁਸ਼ਟ ਪਾਤਰ ਹੈ। ਉਸ ਦੀ ਦੁਸ਼ਟਤਾ ਉਦੋਂ ਸਿਖਰ ਉੱਤੇ ਪੁੱਜ ਜਾਂਦੀ ਹੈ ਜਦੋਂ ਉਹ ਸ਼ਰਨਜੀਤ ਨੂੰ ਮਾਰਨ ਲਈ ਪਸਤੌਲ ਚੁੱਕ ਲੈਂਦਾ ਹੈ ਪਰ ਮਾਰਿਆ ਉਸ ਦੇ ਹੱਥੋਂ ਉਸ ਦਾ ਭਰਾ ਹੀ ਜਾਂਦਾ ਹੈ। ਇਸ ਪ੍ਰਕਾਰ ਇਕਾਂਗੀ ਵਿਚਲੇ ਸਾਰੇ ਦੁਖਾਂਤ ਦਾ ਜ਼ਿਮੇਵਾਰ ਉਸ ਦਾ ਭੈੜਾ ਆਚਰਨ, ਚੁਸਤੀ-ਚਲਾਕੀ, ਝੂਠ ਤੇ ਦੁਸ਼ਟਤਾ ਹੀ ਹੈ।

ਪ੍ਰ:4) ਸੁਖਦੇਵ ਦਾ ਚਰਿੱਤਰ-ਚਿਤਰਨ 125 ਸ਼ਬਦਾਂ ਵਿੱਚ ਕਰੋ।

ਉੱਤਰ:ਸੁਖਦੇਵ 'ਸਮੁੰਦਰੋਂ ਪਾਰ' ਦਾ ਮਹੱਤਵਪੂਰਨ ਪਾਤਰ ਹੈ। ਉਹ ਇਕਾਂਗੀ ਦੇ ਦੁਸ਼ਟ ਤੇ ਘ੍ਰਿਣਿਤ ਮੁੱਖ ਪਾਤਰ ਹਰਦੇਵ ਬਾਜਵੇ ਦਾ ਭਰਾ ਹੈ। ਉਹ ਆਪਣੀ ਭਰਜਾਈ ਦਾ ਆਦਰ-ਸਤਿਕਾਰ ਬਹਾਲ ਕਰਨ ਅਤੇ ਸੁਹਾਗ ਵਾਪਸ ਦਿਵਾਉਣ ਲਈ ਉਸ ਨਾਲ਼ ਇੰਗਲੈਂਡ ਦੇ ਸ਼ਹਿਰ ਮਿਡਲਸੈਕਸ ਵਿੱਚ ਪਹੁੰਚਦਾ ਹੈ। ਉਹ ਭਰਾ ਹੱਥੋਂ ਆਪਣੇ ਮਾਂ ਸਮਾਨ ਭਰਜਾਈ ਦਾ ਨਿਰਾਦਰ ਬਰਦਾਸ਼ਤ ਨਹੀਂ ਕਰ ਸਕਦਾ ਤੇ ਇਸ ਲਈ ਉਹ ਹਰ ਕੁਰਬਾਨੀ ਕਰਨ ਲਈ ਤਿਆਰ ਹੋ ਜਾਂਦਾ ਹੈ। ਉਹ ਸ੍ਵੈ-ਭਰੋਸੇ ਤੇ ਹੌਸਲੇ ਵਾਲ਼ਾ ਹੈ। ਉਹ ਭਰਜਾਈ ਨੂੰ ਕਹਿੰਦਾ ਹੈ ਕਿ ਜੇਕਰ ਉਸ ਨੇ ਉਸ ਨੂੰ ਭਰਾ ਦੇ ਘਰ ਨਾ ਵਸਾਇਆ ਤਾਂ ਉਹ ਜੱਟ ਦਾ ਪੁੱਤਰ ਨਹੀਂ। ਉਹ ਜਾਣਦਾ ਹੈ ਕਿ ਉਸ ਦੀ ਭਰਜਾਈ ਵਿੱਚ ਕੋਈ ਦੋਸ਼ ਨਹੀਂ। ਇਸ ਕਰਕੇ ਉਹ ਸੱਚ ਦਾ ਪੱਖ ਲੈਂਦਾ ਹੈ। ਉਹ ਸਕੀਮੀ ਆਦਮੀ ਹੈ। ਉਹ ਸਥਿਤੀ ਨਾਲ਼ ਨਿਪਟਣ ਲਈ ਝਟਪਣ ਲੁੜੀਂਦਾ ਢੰਗ ਸੋਚ ਲੈਂਦਾ ਹੈ। ਉਹ ਸ਼ਰਨਜੀਤ ਨੂੰ ਭਰਾ ਦੇ ਗ਼ੁੱਸੇ ਤੋਂ ਬਚਾਉਣ ਲਈ ਉਸ ਨੂੰ ਮਰਸੀ ਦਾ ਸੁਆਂਗ ਰਚਣ ਲਈ ਕਹਿੰਦਾ ਹੈ। ਉਹ ਭਰਜਾਈ ਨੂੰ ਭਰਾ ਦੇ ਘਰ ਵਸਾਉਣ ਲਈ ਹਰ ਕੁਰਬਾਨੀ ਦੇਣ ਲਈ ਤਿਆਰ ਹੋ ਜਾਂਦਾ ਹੈ ਤੇ ਇਸੇ ਸੰਘਰਸ਼ ਵਿੱਚ ਉਹ ਭਰਜਾਈ ਨੂੰ ਬਚਾਉਂਦਾ ਭਰਾ ਦੀ ਗੋਲ਼ੀ ਨਾਲ਼ ਮਾਰਿਆ ਜਾਂਦਾ ਹੈ।

ਪ੍ਰ:5) ਬਲਵੰਤ ਢਿੱਲੋਂ ਦਾ ਚਰਿੱਤਰ-ਚਿਤਰਨ 125 ਸ਼ਬਦਾਂ ਵਿੱਚ ਦਿਓ।

**ਉੱਤਰ** : ਬਲਵੰਤ ਢਿੱਲੋਂ 'ਸਮੁੰਦਰੋਂ ਪਾਰ' ਇਕਾਂਗੀ ਦਾ ਨਿਮਨ ਪਾਤਰ ਹੈ। ਉਹ ਇਸ ਦੇ ਮੁੱਖ ਪਾਤਰ ਹਰਦੇਵ ਬਾਜਵੇ ਦਾ ਦੋਸਤ ਹੈ। ਉਹ ਇੱਕ ਨੌਜਵਾਨ ਹੈ।

1) **ਸਮਝਦਾਰ** :- ਢਿੱਲੋਂ ਇੱਕ ਸਮਝਦਾਰ ਨੌਜਵਾਨ ਹੈ। ਉਸ ਦੀ ਗੱਲ-ਬਾਤ ਵਿੱਚੋਂ ਉਸ ਦੀ ਸਮਝਦਾਰੀ ਤੇ ਸੂਝ-ਬੂਝ ਝਲਕਦੀ ਹੈ। ਉਹ ਕਿਸੇ ਵੀ ਮਸਲੇ ਨੂੰ ਹੱਲ ਕਰਨ ਲਈ ਨੀਤੀ ਵਰਤਣੀ ਚਾਹੁੰਦਾ ਹੈ।

2) **ਦਲੀਲ ਨਾਲ਼ ਗੱਲਾਂ ਕਰਨ ਵਾਲ਼ਾ** : - ਢਿੱਲੋਂ ਦੀ ਗੱਲ-ਬਾਤ ਵਿੱਚ ਦਲੀਲ ਹੈ। ਉਹ ਆਪਣੇ ਨੁਕਤੇ ਦੀ ਦਲੀਲ ਨਾਲ਼ ਪੁਸ਼ਟੀ ਕਰਦਾ ਹੈ। ਉਹ ਕਨੂੰਨ ਦੀ ਸਮਝ ਵੀ ਰੱਖਦਾ ਹੈ।

3) **ਸ਼ਰਮਦਾਰੀ ਮਹਿਸੂਸ ਕਰਨ ਵਾਲ਼ਾ** :- ਢਿੱਲੋਂ ਉਦੋਂ ਬੜੀ ਸ਼ਰਮਸਾਰੀ ਮਹਿਸੂਸ ਕਰਦਾ ਹੈ ਜਦੋਂ ਹਰਦੇਵ ਦੁਆਰਾ ਕੀਤੇ ਧੋਖੇ ਬਾਰੇ ਪਤਾ ਲੱਗਣ 'ਤੇ ਮਰਸੀ ਸਾਰੇ ਪੰਜਾਬੀਆਂ ਲਈ ਨਫ਼ਰਤ ਭਰੇ ਸ਼ਬਦ ਵਰਤਦੀ ਹੈ।

ਪ੍ਰ:6) ਔਰੰਗਜ਼ੇਬ ਦਾ ਚਰਿੱਤਰ-ਚਿਤਰਨ ਲਗ-ਪਗ 125 ਸ਼ਬਦਾਂ ਵਿੱਚ ਕਰੋ।

ਉੱਤਰ : ਔਰੰਗਜ਼ੇਬ 'ਜ਼ਫ਼ਰਨਾਮਾ' ਇਕਾਂਗੀ ਦਾ ਇਤਿਹਾਸਿਕ ਪਾਤਰ ਹੈ। ਇਕਾਂਗੀ ਵਿੱਚ ਉਸ ਦੇ ਉਸ ਅੰਤਰ-ਕਾਂਬੇ ਨੂੰ ਪੇਸ਼ ਕੀਤਾ ਗਿਆ ਹੈ ਜੋ ਉਸ ਦੇ ਅੰਦਰ ਗੁਰੂ ਗੋਬਿੰਦ ਸਿੰਘ ਜੀ ਦਾ ਬੇਬਾਕੀ ਨਾਲ਼ ਲਿਖਿਆ 'ਜ਼ਫ਼ਰਨਾਮਾ' ਪੜ੍ਹ ਕੇ ਪੈਦਾ ਹੋਇਆ। ਸਰੀਰਿਕ ਰੂਪ-ਰੇਖਾ ਦੇ ਪੱਖੋਂ ਬੁਢਾਪੇ ਵਿੱਚ ਔਰੰਗਜ਼ੇਬ ਦਾ ਕੱਦ ਮਧਰਾ, ਸਰੀਰ ਕਮਜ਼ੋਰ, ਨੱਕ ਲੰਮਾ, ਰੰਗ ਗੋਰਾ ਸੁਰਖ਼, ਦਾੜ੍ਹੀ ਚਿੱਟੀ, ਮੁੱਛਾਂ ਕੱਟੀਆਂ ਹੋਈਆਂ, ਅੱਖਾਂ ਤੇਜ਼ ਭਖਦੀਆਂ ਹੋਈਆਂ ਤੇ ਲੱਕ ਝੁਕਿਆ ਹੋਇਆ ਸੀ। ਉਸ ਦੇ ਗਲ਼ ਸਫ਼ੈਦ ਮਲਮਲ ਦਾ ਮੁਗ਼ਲ ਢੰਗ ਦਾ ਚੋਗਾ ਹੁੰਦਾ ਸੀ ਤੇ ਉਸ ਦੀ ਪਗੜੀ ਸੋਨੇ ਦੀਆਂ ਤਾਰਾਂ ਨਾਲ਼ ਮੜ੍ਹੀ ਹੁੰਦੀ ਸੀ। ਉਸ ਦਾ ਖੰਜਰ ਸਿਕਲ ਦੇ ਕਮਰਬੰਦ ਵਿੱਚ ਟੰਗਿਆ ਹੁੰਦਾ ਸੀ। ਉਹ ਪੈਰੀਂ ਮੂਰ ਫ਼ੈਸ਼ਨ ਦੀ ਜੁੱਤੀ ਪਾਉਂਦਾ ਤੇ ਸੋਟੀ ਦੇ ਸਹਾਰੇ ਚੱਲਦਾ ਸੀ। ਉਸ ਦਾ ਸਭ ਤੋਂ ਵੱਧ ਪਿਆਰ ਬੇਗਮ ਉਦੈਪੁਰੀ, ਉਸ ਦੇ ਪੁੱਤਰ ਕਾਮਬਖ਼ਸ਼ ਤੇ ਧੀ ਜ਼ੀਨਤ-ਉਨ-ਨਿਸਾ ਨਾਲ਼ ਸੀ। ਬੇਸ਼ੱਕ ਉਹ ਕੁਰਾਨ ਸ਼ਰੀਫ ਦਾ ਬੇਹੱਦ ਸਤਿਕਾਰ ਕਰਨ ਵਾਲ਼ਾ ਤੇ ਪੱਕਾ ਨਿਮਾਜ਼ੀ ਸੀ ਪਰ ਉਹ ਕੱਟੜ-ਧਰਮੀ, ਜ਼ਾਲਮ, ਬੇਤਰਸ, ਹਕੂਮਤ ਦੇ ਨਸ਼ੇ ਵਿੱਚ ਅੰਨ੍ਹਾ, ਚਲਾਕ ਤੇ ਗੁਨਾਹਗਾਰ ਬਾਦਸ਼ਾਹ ਸੀ, ਪਰ ਆਪਣੇ ਪਾਪਾਂ ਦੇ ਚਿਤਾਰੇ ਜਾਣ 'ਤੇ ਉਸ ਦੀ ਅੰਤਰ-ਆਤਮਾ ਕੰਬ ਉੱਠਦੀ ਹੈ। ਇਸ ਦੇ ਨਾਲ਼ ਹੀ ਉਹ ਭੇਤ ਲੁਕਾ ਕੇ ਰੱਖਣ ਵਾਲ਼ਾ, ਸ਼ੱਕੀ ਮਿਜਾਜ਼ ਵਾਲ਼ਾ, ਨਿੱਜੀ ਮਾਮਲੇ ਵਿੱਚ ਕਿਸੇ ਦੇ ਦਖ਼ਲ ਨੂੰ ਬਰਦਾਸ਼ਤ ਨਾ ਕਰਨ ਵਾਲ਼ਾ ਤੇ ਅੰਤ ਵਿੱਚ ਬੇਵੱਸ ਤੇ ਨਿਰਾਸ ਹੋ ਚੁੱਕਾ ਬਾਦਸ਼ਾਹ ਸੀ।

ਪ੍ਰ:7) ਸ਼ਾਹੀ ਹਕੀਮ ਦਾ ਚਰਿੱਤਰ-ਚਿਤਰਨ ਲਗ-ਪਗ 125 ਸ਼ਬਦਾਂ ਵਿੱਚ ਲਿਖੋ।

ਉੱਤਰ : ਜਾਣ-ਪਛਾਣ:- ਸ਼ਾਹੀ ਹਕੀਮ 'ਜ਼ਫ਼ਰਨਾਮਾ' ਇਕਾਂਗੀ ਦਾ ਨਿਮਨ ਪਾਤਰ ਹੈ। ਉਹ ਔਰੰਗਜ਼ੇਬ ਦੇ ਦਰਬਾਰ ਦਾ ਸ਼ਾਹੀ ਹਕੀਮ ਹੈ। ਇਕਾਂਗੀ ਵਿੱਚ ਉਸ ਦੇ ਚਰਿੱਤਰ ਦੇ ਹੇਠ ਲਿਖੇ ਪੱਖ ਸਪਸ਼ਟ ਹੁੰਦੇ ਹਨ-

1) ਤਸ਼ਖ਼ੀਸ਼ ਤੇ ਇਲਾਜ ਦਾ ਮਾਹਰ :- ਹਕੀਮ ਬਿਮਾਰੀ ਦੀ ਤਸ਼ਖ਼ੀਸ਼ ਦਾ ਮਾਹਰ ਜਾਪਦਾ ਹੈ। ਉਹ ਔਰੰਗਜ਼ੇਬ ਦੇ ਕਮਰੇ ਵਿੱਚ ਖਿੱਲਰੀਆਂ ਚੀਜ਼ਾਂ ਤੇ ਡਿੱਗੀ ਹੋਈ ਤਸਵੀਰ ਦੇਖ ਕੇ ਕਹਿੰਦਾ ਹੈ ਕਿ ਉਸ ਦੇ ਮਨ ਦੀ ਹਾਲਤ ਗ਼ੈਰਮਾਮੂਲੀ ਤੌਰ 'ਤੇ ਖ਼ਰਾਬ ਹੈ। ਉਹ ਔਰੰਗਜ਼ੇਬ ਨੂੰ ਕਹਿੰਦਾ ਹੈ, "ਜਹਾਨ ਪਨਾਹ, ਹਜ਼ੂਰ ਦੇ ਚਿਹਰੇ 'ਤੇ ਅੱਖਾਂ ਦੀ ਅਲਾਮਤ ਨੀਂਦ ਅਜ਼ਹਦ ਜ਼ਰੂਰੀ ਹੈ, ਕਿਉਂਕਿ ਇਸ ਦਾ ਜ਼ਿਹਨ ਨਾਲ ਤਅੱਲੁਕ ਹੈ।"....... "ਇਸ ਹਾਲਤ ਵਿੱਚ ਨੀਂਦ ਅਜ਼ਹਦ ਜ਼ਰੂਰੀ ਹੈ, ਕਿਉਂਕਿ ਇਸਦਾ ਜ਼ਿਹਨ ਨਾਲ਼ ਤਅੱਲੁਕ ਹੈ।" ਫਿਰ ਉਹ ਔਰੰਗਜ਼ੇਬ ਨੂੰ ਜ਼ਿਹਨੀ ਕੁੱਵਤ ਦੀ ਦਵਾਈ ਵੀ ਦਿੰਦਾ ਹੈ।

2) ਖ਼ੁਸ਼ਾਮਦੀ :- ਉਹ ਹੋਰਨਾਂ ਅਹਿਲਕਾਰਾਂ ਤੇ ਸੇਵਾਦਾਰਾਂ ਵਾਂਗ ਬਾਦਸ਼ਾਹ ਲਈ ਖ਼ੁਸ਼ਾਮਦ ਭਰੇ ਸ਼ਬਦਾਂ ਦੀ ਵਰਤੋਂ ਕਰਦਾ ਹੈ ਤੇ ਕਹਿੰਦਾ ਹੈ, "ਜਹਾਨ ਪਨਾਹ ਦੇ ਇਕਬਾਲ ਨਾਲ਼ ਸਾਰਾ ਹਿੰਦੁਸਤਾਨ ਸੁੱਖ ਦਾ ਸਾਹ ਲੈ ਰਿਹਾ ਹੈ।"

ਪ੍ਰ:8) ਨਿਹਾਲ ਕੌਰ ਦਾ ਚਰਿੱਤਰ-ਚਿਤਰਨ 125 ਸ਼ਬਦਾਂ ਵਿੱਚ ਕਰੋ।

ਉੱਤਰ : ਨਿਹਾਲ ਕੌਰ 'ਦੂਜਾ ਵਿਆਹ' ਇਕਾਂਗੀ (ਲੇਖਕ ਪ੍ਰਿੰ: ਸੰਤ ਸਿੰਘ ਸੇਖੋਂ) ਦੀ ਮਹੱਤਵਪੂਰਨ ਪਾਤਰ ਹੈ। ਉਹ ਇਕਾਂਗੀ ਦੀ ਮੁੱਖ ਪਾਤਰ ਮਨਜੀਤ ਦੀ ਸੱਸ, ਗੁਰਦਿੱਤ ਸਿੰਘ ਦੀ ਪਤਨੀ ਅਤੇ ਸੁਖਦੇਵ ਸਿੰਘ ਤੇ ਸੁਖਦੇਵ ਕੌਰ ਦੀ ਮਾਂ ਹੈ। ਉਹ ਇਕਾਂਗੀ ਵਿੱਚ ਪੇਸ਼ ਕੀਤੀ ਸਮੱਸਿਆ ਵਿੱਚ ਇੱਕ ਪੁਰਾਤਨ ਨਮੂਨੇ ਦੀਆਂ ਸੱਸਾਂ ਦੀ ਪ੍ਰਤਿਨਿਧ ਹੈ। ਉਸ ਦਾ ਚਰਿੱਤਰ ਖਲਨਾਇਕ ਵਰਗਾ ਹੈ। ਇਕਾਂਗੀ ਦੇ ਕਾਰਜ ਦੇ ਵਿਕਾਸ ਵਿੱਚ ਉਸ ਦਾ ਪਾਤਰ ਮਹੱਤਵਪੂਰਨ ਹੈ। ਸੱਸ ਦੇ ਰੂਪ ਵਿੱਚ ਉਹ ਪੁਰਾਤਨ ਖ਼ਿਆਲਾਂ ਵਾਲ਼ੀ, ਨੂੰਹ ਦੀ ਗੱਲ-ਗੱਲ ਵਿੱਚ ਨੁਕਸ ਛਾਂਟ ਕੇ ਉਸ ਨਾਲ਼ ਆਢਾ ਲਾਈ ਰੱਖਣ ਵਾਲ਼ੀ, ਗੱਲ ਨੂੰ ਭੁੰਜੇ ਨਾ ਪੈਣ ਦੇਣ ਵਾਲ਼ੀ, ਕੌੜੀ ਜ਼ਬਾਨ ਵਾਲ਼ੀ, ਊਜਾਂ ਤੇ ਚੋਭਾਂ ਲਾਉਣ ਵਾਲ਼ੀ, ਗੁਆਂਢਣਾਂ ਤੇ ਪਰਾਈਆਂ ਇਸਤਰੀਆਂ ਲਈ ਕੁਸ਼ਬਦ ਵਰਤਣ ਵਾਲ਼ੀ,

ਈਰਖ਼ਾਲੂ, ਨਵੇਂ ਖ਼ਿਆਲਾਂ ਤੇ ਰੁਚੀਆਂ ਨੂੰ ਪਸੰਦ ਨਾ ਕਰਨ ਵਾਲ਼ੀ, ਸ਼ੱਕੀ ਸੁਭਾਅ ਵਾਲ਼ੀ ਤੇ ਆਪਣੀ ਚਲਾਉਣ ਦੀ ਚਾਹਵਾਨ ਇਸਤਰੀ ਹੈ। ਅਸਲ ਵਿੱਚ ਉਹ ਮਾਨਸਿਕ ਕਲ਼ੇਸ ਦੀ ਸ਼ਿਕਾਰ ਹੈ। ਉਸ ਨੇ ਪੰਜ ਸਾਲ ਸੌਂਕਣ ਦਾ ਦੁੱਖ ਭੋਗਿਆ ਸੀ। ਇਸ ਕਲੇਸ਼ ਦਾ ਬਦਲਾ ਲੈਣ ਲਈ ਉਹ ਆਪਣੀ ਨੂੰਹ ਨੂੰ ਪੁੱਤਰ ਦਾ ਦੂਜਾ ਵਿਆਹ ਕਰਨ ਦੀਆਂ ਧਮਕੀਆਂ ਦਿੰਦੀ ਹੈ। ਉਂਞ ਉਹ ਘਰ ਦੇ ਕੰਮਾਂ ਵਿੱਚ ਦਿਲਚਸਪੀ ਲੈਣ ਵਾਲ਼ੀ, ਪੋਤਰੇ-ਪੋਤਰੀ ਦਾ ਮੂੰਹ ਦੇਖਣ ਦੀ ਚਾਹਵਾਨ, ਮਮਤਾ ਭਰੇ ਦਿਲ ਤੇ ਮੌਕੇ ਅਨੁਸਾਰ ਬਦਲ ਜਾਣ ਵਾਲ਼ੀ ਇਸਤਰੀ ਹੈ। ਉਸ ਦਾ ਚਰਿੱਤਰ ਇਕਾਂਗੀ ਵਿੱਚ ਹਾਸ-ਰਾਸ ਵੀ ਪੈਦਾ ਕਰਦਾ ਹੈ। ਇਕਾਂਗੀਕਾਰ ਨੇ ਉਸ ਨੂੰ ਵਿਅੰਗਮਈ ਰੂਪ ਵਿੱਚ ਪੇਸ਼ ਕੀਤਾ ਹੈ।

ਪ੍ਰ:9) ਮਨਜੀਤ ਦੇ ਚਰਿੱਤਰ ਦੀਆਂ ਮੁੱਖ ਵਿਸ਼ੇਸ਼ਤਾਵਾਂ 125 ਸ਼ਬਦਾਂ ਵਿੱਚ ਲਿਖੋ।

ਉੱਤਰ : 'ਦੂਜਾ ਵਿਆਹ' ਇਕਾਂਗੀ (ਲੇਖਕ ਪ੍ਰਿੰ: ਸੰਤ ਸਿੰਘ ਸੇਖੋਂ) ਦੇ ਪਾਤਰਾਂ ਵਿੱਚੋਂ ਸਾਨੂੰ ਸਭ ਤੋਂ ਵਧੇਰੇ ਮਨਜੀਤ ਦਾ ਚਰਿੱਤਰ ਪਸੰਦ ਹੈ। ਉਹ ਇਕਾਂਗੀ ਦੀ ਮੁੱਖ ਪਾਤਰ ਹੈ। ਇਕਾਂਗੀ ਦਾ ਸਾਰਾ ਪਲਾਟ ਉਸ ਦੇ ਕਾਰਜ ਤੇ ਗੱਲ-ਬਾਤ ਦੀ ਸਹਾਇਤਾ ਨਾਲ਼ ਉਸਾਰਦਾ ਤੇ ਆਪਣੇ ਸਿਖਰ ਉੱਤੇ ਪੁੱਜਦਾ ਹੈ। ਆਪਣੀ ਸੱਸ ਨਾਲ਼ ਗੱਲ-ਬਾਤ ਸਮੇਂ ਉਹ ਗੁੱਸੇ ਵਿੱਚ ਨਹੀਂ ਆਉਂਦੀ ਤੇ ਬੜੀ ਨਿਮਰਤਾ, ਨਿਰਮਾਣਤਾ, ਦਲੀਲ ਤੇ ਸਤਿਕਾਰ ਨਾਲ਼ ਪੇਸ਼ ਆਉਂਦੀ ਹੈ। ਉਸ ਦੀ ਗੱਲ-ਗੱਲ ਵਿੱਚੋਂ ਹਾਸਾ, ਵਿਅੰਗ ਤੇ ਹਾਜ਼ਰ-ਜਵਾਬੀ ਟਪਕਦੀ ਹੈ। ਉਹ ਘਰ ਵਿੱਚ ਦਿਲਚਸਪੀ ਲੈਣ ਵਾਲ਼ੀ, ਨਣਾਨ ਦੇ ਦੁੱਖ-ਸੁੱਖ ਦਾ ਖ਼ਿਆਲ ਰੱਖਣ ਵਾਲ਼ੀ, ਪਤੀ ਤੇ ਵੱਡਿਆਂ ਦਾ ਸਤਿਕਾਰ ਕਰਨ ਵਾਲ਼ੀ, ਪਰਾਈ ਨਿੰਦਿਆ ਨੂੰ ਪਸੰਦ ਨਾ ਕਰਨ ਵਾਲ਼ੀ ਇੱਕ ਸੁਚੱਜੀ ਨੂੰਹ ਹੈ। ਉਹ ਕੁਝ ਨਾ ਕੁਝ ਪੜ੍ਹਦੀ ਵੀ ਰਹਿੰਦੀ ਹੈ। ਇਸ ਤੋਂ ਬਿਨਾਂ ਉਹ ਨਵੇਂ ਖ਼ਿਆਲਾਂ ਵਾਲ਼ੀ ਤੇ ਇਸਤਰੀ-ਹੱਕਾਂ ਦੀ ਰੱਖਿਅਕ ਸਮਾਜ-ਸੇਵਕਾ ਹੈ। ਅਫ਼ਸੋਸ ਕਿ ਸੁਖਦੇਵ ਸਿੰਘ ਨਾਲ਼ ਵਿਆਹ ਤੋਂ ਢਾਈ ਸਾਲ ਮਗਰੋਂ ਵੀ ਉਸ ਦੇ ਘਰ ਕੋਈ ਬੱਚਾ ਨਹੀਂ ਸੀ ਹੋਇਆ। ਸਮੁੱਚੇ ਤੌਰ 'ਤੇ ਉਹ ਇਕਾਂਗੀ ਦੀ ਇੱਕ ਮਹੱਤਵਪੂਰਨ, ਦਿਲਚਸਪ ਤੇ ਪ੍ਰਭਾਵਸ਼ਾਲੀ ਪਾਤਰ ਹੈ।

ਪ੍ਰ:1●) ਸ਼ਰਨਜੀਤ ਦਾ ਚਰਿੱਤਰ-ਚਿਤਰਨ 125 ਸ਼ਬਦਾਂ ਵਿੱਚ ਕਰੋ।

ਉੱਤਰ : ਸ਼ਰਨਜੀਤ 'ਸਮੁੰਦਰੋਂ ਪਾਰ' ਇਕਾਂਗੀ ਦੀ ਮਹੱਤਵਪੂਰਨ ਪਾਤਰ ਹੈ। ਉਹ ਇਸ ਦੇ ਮੁੱਖ ਪਾਤਰ ਹਰਦੇਵ ਬਾਜਵੇ ਦੀ ਪੰਜਾਬਣ ਪਤਨੀ ਹੈ। ਨੀਟੂ ਉਸ ਦਾ ਪੁੱਤਰ ਹੈ ਅਤੇ ਸੁਖਦੇਵ ਉਸ ਦਾ ਦਿਓਰ। ਉਹ ਡਰਾਮਿਆਂ ਵਿੱਚ ਹਿੱਸਾ ਲੈਂਦੀ ਰਹੀ। ਇਕਾਂਗੀ ਵਿੱਚ ਉਹ ਮਰਸੀ ਦਾ ਸੁਆਂਗ ਵੀ ਧਾਰਦੀ ਹੈ। ਉਹ ਇੱਕ ਸੁੱਚੇ ਆਚਰਨ ਵਾਲ਼ੀ ਤੇ ਸੱਚ ਬੋਲਣ ਵਾਲ਼ੀ ਇਸਤਰੀ ਹੈ ਪਰੰਤੂ ਉਸ ਦੇ ਚਰਿੱਤਰਹੀਣ ਪਤੀ ਨੂੰ ਸੱਚ ਤੇ ਸਮਝਾਉਣ-ਬੁਝਾਉਣ ਦੀ ਗੱਲ ਪਸੰਦ ਨਹੀਂ ਸੀ ਜਿਸ ਕਰਕੇ ਉਹ ਉਸ ਦੇ ਚਰਿੱਤਰ ਉੱਤੇ ਝੂਠੇ ਦੋਸ਼ ਲਾਉਂਦਾ ਹੈ। ਅੰਤ ਉਹ ਉਸ ਨੂੰ ਛੱਡ ਕੇ ਇੰਗਲੈਂਡ ਚਲਾ ਜਾਂਦਾ ਹੈ ਜਿਸ ਕਰਕੇ ਉਹ ਸਮਾਜ ਵਿੱਚ ਚਰਿੱਤਰਹੀਣ ਤੇ ਛੁੱਟੜ ਬਣ ਕੇ ਰਹਿਣ ਜਾਂਦੀ ਹੈ। ਉਸ ਨੂੰ ਆਪਣੇ ਚਰਿੱਤਰ ਉੱਤੇ ਇਹ ਧੱਬਾ ਮਨਜ਼ੂਰ ਨਹੀਂ। ਉਹ ਇਹ ਧੱਬਾ ਧੋਣ ਲਈ ਇੰਗਲੈਂਡ ਪਹੁੰਚ ਜਾਂਦੀ ਹੈ। ਇੱਥੇ ਉਹ ਹਰਦੇਵ ਨੂੰ ਉਸ ਦੀਆਂ ਕਰਤੂਤਾਂ ਬਾਰੇ ਖਰੀਆਂ-ਖਰੀਆਂ ਸੁਣਾਉਂਦੀ ਹੈ ਪਰ ਹਰਦੇਵ ਆਪਣੇ ਭੈੜੇ ਚਰਿੱਤਰ ਅਤੇ ਦੁਸ਼ਟ ਸੁਭਾਅ ਕਾਰਨ ਉਸ ਨੂੰ ਗੋਲ਼ੀ ਮਾਰਨ ਲਈ ਪਸਤੌਲ ਚੁੱਕਦਾ ਹੈ ਪਰ ਸੁਖਦੇਵ ਦੇ ਵਿਚਕਾਰ ਆਉਣ ਤੇ ਉਹ ਬਚ ਜਾਂਦੀ ਹੈ। ਬੇਸ਼ੱਕ ਹਰਦੇਵ ਨਾਲ਼ ਉਸ ਦਾ ਸਮਝੌਤਾ ਹੋਣ ਵਾਲ਼ੀ ਕੋਈ ਗੱਲ ਨਹੀਂ ਵਾਪਰਦੀ ਪਰੰਤੂ ਉਹ ਮਰਸੀ ਨੂੰ ਹਰਦੇਵ ਤੋਂ ਦੂਰ ਕਰਨ ਵਿੱਚ ਜ਼ਰੂਰ ਕਾਮਯਾਬ ਹੋ ਜਾਂਦੀ ਹੈ। ਉਂਞ ਉਹ ਮਰਸੀ ਨੂੰ ਕਸੂਰਵਾਰ ਨਹੀਂ ਸਮਝਦੀ।

**ਪ੍ਰ:11) ਦੀਪੋ ਦਾ ਚਰਿੱਤਰ-ਚਿਤਰਨ 125 ਸ਼ਬਦਾਂ ਵਿੱਚ ਲਿਖੋ।**

**ਉੱਤਰ** : ਦੀਪੋ 'ਬੰਬ ਕੇਸ' ਇਕਾਂਗੀ ਦੀ ਇੱਕ ਨਿਮਨ ਪਾਤਰ ਹੈ। ਉਹ ਵੀਰਾਂ ਵਾਲੀ ਦੀ ਧੀ ਤੇ ਵਜ਼ੀਰੇ ਦੀ ਭੈਣ ਹੈ। ਉਸ ਦੇ ਚਰਿੱਤਰ ਵਿੱਚ ਹੇਠ ਲਿਖੇ ਗੁਣ ਸਾਮ੍ਹਣੇ ਆਉਂਦੇ ਹਨ :-

1) **ਇੱਕ ਮੁਟਿਆਰ ਕੁੜੀ** :- ਦੀਪੋ ਇੱਕ ਮੁਟਿਆਰ ਕੁੜੀ ਹੈ। ਇਸੇ ਕਰਕੇ ਵੀਰਾਂ ਵਾਲੀ ਕਹਿੰਦੀ ਹੈ, "ਹੇ ਰੱਬਾ! ਹੁਣ ਇਹ ਸਿਆਣੀ ਹੋ ਗਈ ਏ। ਕੋਈ ਮੁੰਡਾ ਲੱਭੇ ਤਾਂ ਇਸ ਦਾ ਵੀ ਤਰੋਪਾ ਭਰਾਂ।"

2) **ਵਿਤਕਰੇ ਦੀ ਸ਼ਿਕਾਰ :-** ਉਸ ਦੀ ਮਾਂ ਪੁੱਤਰਾਂ ਦੇ ਮੁਕਾਬਲੇ ਉਸ ਨਾਲ਼ ਵਿਤਕਰਾ ਕਰਦੀ ਹੈ। ਇਸੇ ਕਰਕੇ ਉਸ ਦੇ ਦਾਣਿਆਂ ਵਿੱਚ ਰਲ਼ਾਉਣ ਲਈ ਲਿਆ ਗੁੜ ਵਾਪਸ ਲੈ ਲੈਂਦੀ ਹੈ ਕਿਉਂਕਿ ਉਸ ਨੇ ਉਹ ਲੁਕੋ ਕੇ ਉਸ ਦੇ ਭਰਾ ਲਈ ਰੱਖਿਆ ਹੋਇਆ ਸੀ। ਇਹ ਦੇਖ ਕੇ ਦੀਪੋ ਨੂੰ ਗ਼ੁੱਸਾ ਚੜ੍ਹ ਜਾਂਦਾ ਹੈ ਤੇ ਉਹ ਡਲ਼ੀ ਵੀਰਾਂ ਵਾਲੀ ਨੂੰ ਦੇ ਦਿੰਦੀ ਹੈ।

3) **ਮਾਂ ਦੀ ਆਗਿਆਕਾਰੀ** :- ਉਹ ਮਾਂ ਦੇ ਕਹੇ ਉਸ ਨੂੰ ਗੁੜ ਵੀ ਦੇ ਦਿੰਦੀ ਹੈ ਤੇ ਜੁੱਲੀਆਂ ਸੁੱਕਣੀਆਂ ਪਾਉਣ ਵੀ ਜਾਂਦੀ ਹੈ।

4) **ਆਸ਼ਾਵਾਦੀ** :- ਉਸ ਦੇ ਦਿਲ ਵਿੱਚ ਇਹ ਆਸ ਹੈ ਕਿ ਜਿਸ ਤਰ੍ਹਾਂ ਡਾਕੀਏ ਦੇ ਕਹਿਣ ਅਨੁਸਾਰ ਸਰਕਾਰ ਨੇ ਰਫ਼ਿਊਜੀਆਂ ਨੂੰ ਪੱਕੀਆਂ ਕੋਠੀਆਂ ਬਣਾ ਦਿੱਤੀਆਂ ਹਨ ਇਸੇ ਤਰ੍ਹਾਂ ਉਹਨਾਂ ਲਈ ਵੀ ਬਣਨਗੀਆਂ। ਇਸੇ ਕਰਕੇ ਉਹ ਆਪਣੀ ਮਾਂ ਨੂੰ ਇਸ ਬਾਰੇ ਖ਼ਬਰ ਸੁਣਾਉਂਦੀ ਹੈ।

ਪ੍ਰ:12) ਸਿਪਾਹੀ ਦਾ ਚਰਿੱਤਰ-ਚਿਤਰਨ 125 ਸ਼ਬਦਾਂ ਵਿੱਚ ਕਰੋ।

ਉੱਤਰ : ਸਿਪਾਹੀ 'ਬੰਬ ਕੇਸ' ਇਕਾਂਗੀ ਦਾ ਪਾਤਰ ਹੈ। ਉਸ ਦਾ ਨਾਂ ਲੱਖਾ ਸਿੰਘ ਹੈ। ਉਹ ਥਾਣੇਦਾਰ ਦੇ ਅਧੀਨ ਹੈ ਤੇ ਉਸ ਦੇ ਨਾਲ਼ ਇਲਾਕੇ ਦੀ ਗ਼ਸ਼ਤ ਕਰਨ ਨਿਕਲ਼ਦਾ ਹੈ। ਉਹ ਬੜਾ ਖ਼ੁਸ਼ਾਮਦੀ ਹੈ। ਉਹ ਆਪਣੇ ਨਵੇਂ ਅਫ਼ਸਰ ਥਾਣੇਦਾਰ ਨੂੰ ਖ਼ੁਸ਼ ਰੱਖਣ ਲਈ ਉਸ ਤੋਂ ਪਹਿਲੇ ਥਾਣੇਦਾਰ ਨੂੰ ਘਟੀਆ ਤੇ ਅਯੋਗ ਦੱਸਦਾ ਹੈ, ਪਰ ਉਸ ਦੀ ਪ੍ਰਸੰਸਾ ਕਰਦਾ ਹੈ। ਉਹ ਸਧਾਰਨ ਲੋਕਾਂ ਦਾ ਵਿਰੋਧੀ ਹੈ, ਪਰ ਜ਼ਿਮੀਦਾਰਾਂ ਦਾ ਪੱਖੀ ਹੈ। ਇਸ ਦੇ ਨਾਲ਼ ਹੀ ਉਹ ਇੱਕ ਚਲਾਕ ਵਿਅਕਤੀ ਹੈ। ਉਹ ਵੀਰਾਂ ਵਾਲੀ ਨੂੰ ਬੜੀ ਚਲਾਕੀ ਤੇ ਮਕਾਰੀ ਨਾਲ਼ ਕਹਿੰਦਾ ਹੈ ਕਿ ਉਹ ਉਸ ਦੇ ਇੱਕ ਪੁੱਤਰ ਲਈ ਸਰਕਾਰੀ ਕੋਠੜੀ ਅਤੇ ਸਰਕਾਰੀ ਰੋਟੀ ਦਾ ਪ੍ਰਬੰਧ ਕਰ ਦੇਣਗੇ। ਉਹ ਚਲਾਕ ਹੋਣ ਦੇ ਨਾਲ਼ ਬੇਸਮਝ ਵੀ ਹੈ। ਉਹ ਅਨਜਾਣ ਥਾਣੇਦਾਰ ਦੁਆਰਾ ਬਿਨਾਂ ਕੁਝ ਸੋਚੇ-ਸਮਝੇ ਵਜ਼ੀਰੇ ਨੂੰ ਬੰਬ ਕੇਸ ਇਕਾਂਗੀ ਵਿੱਚ ਗਰਿਫ਼ਤਾਰ ਕਰਨ ਦੇ ਮਾਮਲੇ ਵਿੱਚ ਪੂਰੀ ਤਰ੍ਹਾਂ ਭਾਈਵਾਲ ਹੈ। ਉਸ ਦੀ ਖ਼ੁਸ਼ਾਮਦ, ਚਲਾਕੀ, ਵਿਅੰਗ ਤੇ ਬੇਸਮਝੀ ਇਕਾਂਗੀ ਵਿੱਚ ਹਾਸ-ਰਾਸ ਪੈਦਾ ਕਰਦੀ ਹੈ। ਉਸ ਦਾ ਟਾਂਗੇ ਦੇ ਬੰਬਾਂ ਦਾ ਕੈਮੀਕਲ ਬੰਬ ਸਮਝਣਾ ਉਸ ਨੂੰ ਇੱਕ ਵਿਅੰਗਮਈ ਪਾਤਰ ਬਣਾ ਦਿੰਦਾ ਹੈ।

ਪ੍ਰ:13) ਅਸਦ ਖ਼ਾਨ ਦਾ ਚਰਿੱਤਰ-ਚਿਤਰਨ 125 ਸ਼ਬਦਾਂ ਵਿੱਚ ਕਰੋ।

ਉੱਤਰ : ਜਾਣ-ਪਛਾਣ :- ਅਸਦ ਖ਼ਾਨ 'ਜ਼ਫ਼ਰਨਾਮਾ' ਇਕਾਂਗੀ ਦਾ ਨਿਮਨ ਪਾਤਰ ਹੈ। ਉਹ ਔਰੰਗਜ਼ੇਬ ਦਾ ਆਹਲਾ ਅਹਿਲਕਾਰ ਹੈ। ਉਸ ਦੇ ਚਰਿੱਤਰ ਵਿੱਚ ਅਸੀਂ ਹੇਠ ਲਿਖੇ ਗੁਣ ਦੇਖਦੇ ਹਾਂ -

1) ਔਰੰਗਜ਼ੇਬ ਦਾ ਦਿਲੀ ਤੇ ਵਿਸ਼ਵਾਸਯੋਗ ਦੋਸਤ :- ਔਰੰਗਜ਼ੇਬ ਉਸ ਨੂੰ ਆਪਣਾ ਦਿਲੀ ਤੇ ਵਿਸ਼ਵਾਸਯੋਗ ਦੋਸਤ ਸਮਝਦਾ ਹੋਇਆ ਕਹਿੰਦਾ ਹੈ, "ਮੈਂ ਆਪਣੀ ਕਮਜ਼ੋਰੀ ਕਿਸੇ ਸਾਹਮਣੇ ਜ਼ਾਹਰ ਨਹੀਂ ਕਰਨੀ ਚਾਹੁੰਦਾ ਪਰ ਤੇਰੇ ਉੱਤੇ ਮੈਨੂੰ ਮੁਕੰਮਲ ਭਰੋਸਾ ਹੈ। ਤੂੰ ਮੈਨੂੰ ਜ਼ਰੂਰ ਸਹੀ ਮਸ਼ਵਰਾ ਦੇਵੇਂਗਾ।"

2) ਗੁਰੂ ਗੋਬਿੰਦ ਸਿੰਘ ਤੋਂ ਪ੍ਰਭਾਵਿਤ :-ਉਹ ਔਰੰਗਜ਼ੇਬ ਨੂੰ ਗੁਰੂ ਜੀ ਦੁਆਰਾ ਲਿਖੇ ਗਏ 'ਜ਼ਫ਼ਰਨਾਮੇ' ਬਾਰੇ ਕਹਿੰਦਾ ਹੈ, "ਅੱਲਾਹ ਦੇ ਆਸ਼ਕਾਂ ਨੂੰ ਕਿਸੇ ਦਾ ਡਰ ਭੈ ਨਹੀਂ ਹੁੰਦਾ। ਖਰੀਆਂ-ਖਰੀਆਂ ਲਿਖ ਦਿੱਤੀਆਂ ਹੋਣਗੀਆਂ, ਜੋ ਹਜ਼ੂਰ ਦੀ ਜ਼ਮੀਰ ਨੂੰ ਟੁੰਬ ਰਹੀਆਂ ਹੋਣਗੀਆਂ।" ਉਹ ਕਹਿੰਦਾ ਹੈ ਕਿ ਇਹ ਮੰਨਦੇ ਹਨ ਕਿ ਉਹ ਅਜ਼ਮਤ ਵਾਲ਼ਾ ਪੀਰ ਹੈ।

3) ਬਦ-ਦੁਆ ਤੋਂ ਡਰਨ ਵਾਲ਼ਾ:- ਉਹ ਔਰੰਗਜ਼ੇਬ ਨੂੰ ਕਹਿੰਦਾ ਹੈ, "ਫ਼ਕੀਰਾਂ ਦੀ ਬਦ-ਦੁਆ ਤੋਂ ਖ਼ੁਦਾ ਬਚਾਏ।"

4) ਸਿਆਣਾ ਸਲਾਹਕਾਰ :- ਅਸਦ ਖ਼ਾਨ ਔਰੰਗਜ਼ੇਬ ਨੂੰ ਰਾਜਨੀਤੀ ਅਨੁਸਾਰ ਸਹੀ ਸਲਾਹ ਦਿੰਦਾ ਹੈ ਤੇ ਕਹਿੰਦਾ ਹੈ, "ਇਸ ਵਕਤ ਦੱਖਣ ਵਿੱਚ ਸਾਡੀ ਹਾਲਤ ਇੰਨੀ ਖ਼ਰਾਬ ਹੈ ਕਿ ਹਜ਼ੂਰ ਇੱਕ ਦਿਨ ਲਈ ਵੀ ਐਧਰ-ਓਧਰ ਨਹੀਂ ਜਾ ਸਕਦੇ।" ਉਹ ਉਸ ਨੂੰ ਇਹ ਵੀ ਸਲਾਹ ਦਿੰਦਾ ਹੈ ਕਿ ਉਹ ਗੁਰੂ ਜੀ ਨੂੰ ਬਾਇੱਜ਼ਤ ਬੁਲਾ ਲਵੇ।"

ਪ੍ਰ:14)ਸੁਖਦੇਵ ਕੌਰ ਦਾ ਚਰਿੱਤਰ-ਚਿਤਰਨ 125 ਸ਼ਬਦਾਂ ਵਿੱਚ ਕਰੋ।

ਉੱਤਰ :ਸੁਖਦੇਵ ਕੌਰ 'ਦੂਜਾ ਵਿਆਹ' ਇਕਾਂਗੀ (ਲੇਖਕ ਪ੍ਰਿੰ: ਸੰਤ ਸਿੰਘ ਸੇਖੋਂ) ਦੀ ਇੱਕ ਨਿਮਨ ਪਾਤਰ ਹੈ। ਉਹ ਨਿਹਾਲ ਕੌਰ ਦੀ ਧੀ ਸੀ। ਸੁਖਦੇਵ ਉਸਦਾ ਭਰਾ ਹੈ। ਉਸ ਦੇ ਸਹੁਰੇ ਰੱਜੇ-ਪੁੱਜੇ ਜਗੀਰਦਾਰ ਹਨ। ਉਸ ਦੇ ਪਿਤਾ ਦਾ ਨਾਂ ਬਲਵੰਤ ਸਿੰਘ ਹੈ । ਉਹ ਸ਼ਰਾਬੀ ਹੈ। ਉਸ ਦੀਆਂ ਦੋ ਧੀਆਂ ਹਨ। ਉਸ ਦਾ ਆਪਣੇ ਪਤੀ ਨਾਲ਼ ਆਮ ਕਲ਼ੇਸ ਹੀ ਰਹਿੰਦਾ ਹੈ। ਉਸ ਦਾ ਪਾਤਰ ਇਕਾਂਗੀ ਨੂੰ ਸਿਖ਼ਰ 'ਤੇ ਪਹੁੰਚਾਉਣ ਵਿੱਚ ਮਹੱਤਵਪੂਰਨ ਸਥਾਨ ਰੱਖਦਾ ਹੈ।

1) **ਵੀਰ-ਪਿਆਰ ਨਾਲ਼ ਭਰੀ ਹੋਈ:-** ਵੀਰ-ਪਿਆਰ ਨਾਲ਼ ਭਰੀ ਹੋਈ ਉਹ ਸੁਖਦੇਵ ਸਿੰਘ ਨੂੰ ਮਿਲ਼ਨ ਲਈ ਆਉਂਦੀ ਹੈ।

2) **ਬੇਪਰਵਾਹ** :-ਉਹ ਘਰ ਦੇ ਕਲ਼ੇਸ ਤੇ ਪਤੀ ਦੇ ਸ਼ਰਾਬੀ ਹੋਣ ਬਾਰੇ ਬਹੁਤਾ ਫ਼ਿਕਰ ਨਹੀਂ ਕਰਦੀ।

3) **ਮਾਪਿਆਂ ਦਾ ਫ਼ਿਕਰ ਕਰਨ ਵਾਲ਼ੀ** :- ਉਹ ਘਰ ਵਿੱਚ ਸਭ ਨੂੰ ਚੁੱਪ-ਚਾਪ ਖੜ੍ਹੇ ਦੇਖ ਕੇ ਫ਼ਿਕਰਮੰਦ ਹੋਈ ਇਸ ਦਾ ਕਾਰਨ ਪੁੱਛਦੀ ਹੈ।

**ਪ੍ਰਸ਼ਨ ਨੰ:-18 ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਆਧਾਰ 'ਤੇ ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਦਾ ਪਾਤਰ-ਚਿਤਰਨ ਲਗ-ਪਗ 150 ਸ਼ਬਦਾਂ ਵਿੱਚ ਲਿਖੋ।**

### 1. ਬੰਤਾ

ਬੰਤਾ 'ਇੱਕ ਹੋਰ ਨਵਾਂ ਸਾਲ' ਨਾਵਲ ਦਾ ਮੁੱਖ ਪਾਤਰ ਹੈ। ਤਾਰੋ ਉਸ ਦੀ ਪਤਨੀ ਹੈ। ਉਸ ਦਾ ਇੱਕ ਮੁੰਡਾ ਫੁੰਮਣ ਤੇ ਦੋ ਧੀਆਂ ਹਨ। ਉਸ ਦਾ ਬਾਪ ਉਸ 'ਤੇ ਕਰਜ਼ਾ ਛੱਡ ਕੇ ਮਰ ਗਿਆ ਜਿਸ ਕਾਰਨ ਉਸ ਨੂੰ ਪੜ੍ਹਾਈ ਛੱਡਣੀ ਪਈ। ਬੰਤਾ ਪੰਜਵੀਂ ਫ਼ੇਲ੍ਹ ਸੀ। ਬੰਤੇ ਨੇ ਖੇਤ ਮਜ਼ਦੂਰ ਅਤੇ ਚਪੜਾਸੀ ਦਾ ਕੰਮ ਵੀ ਕੀਤਾ। ਬੰਤਾ ਸਿਰ 'ਤੇ ਪੱਗ ਬੰਨ੍ਹਦਾ ਹੈ। ਉਸ ਨੂੰ ਸਿਗਰਟਾਂ ਪੀਣ ਦੀ ਆਦਤ ਹੈ।

ਉਸ ਨੇ ਗਲ਼ ਫਤੂਹੀ, ਕੁੜਤਾ, ਸ੍ਵੈਟਰ ਅਤੇ ਉੱਪਰ ਫਟਿਆ ਕੋਟ ਪਾਇਆ ਹੋਇਆ ਹੈ। ਉਹ ਰਿਕਸ਼ਾ ਚਲਾਉਣ ਦਾ ਕੰਮ ਕਰਦਾ ਹੈ। ਉਹ ਇੱਕ ਕਿਰਤੀ ਅਤੇ ਦਸਾਂ ਨਹੁੰਆਂ ਦੀ ਕਮਾਈ ਕਰਨ ਵਾਲ਼ਾ ਬੰਦਾ ਹੈ। ਉਹ ਰਿਕਸ਼ੇ ਵਿੱਚ ਸਵਾਰ ਸਵਾਰੀਆਂ ਪ੍ਰਤਿ ਜ਼ਿੰਮੇਵਾਰ ਹੈ। ਉਹ ਧਾਰਮਿਕ ਬਿਰਤੀ ਵਾਲ਼ਾ ਆਦਮੀ ਹੈ ਅਤੇ ਖ਼ੁਸ਼ਹਾਲ ਭਵਿਖ ਦੇ ਸੁਪਨੇ ਦੇਖਣ ਵਾਲ਼ਾ ਆਦਮੀ ਹੈ। ਉਹ ਆਪਣੀ ਮਾਂ, ਪਤਨੀ ਅਤੇ ਬੱਚਿਆਂ ਨੂੰ ਬਹੁਤ ਪਿਆਰ ਕਰਦਾ ਹੈ। ਉਹ ਆਪਣੀ ਪਤਨੀ ਅਤੇ ਬੱਚਿਆਂ ਦੀ ਸਿਹਤ ਬਾਰੇ ਵੀ ਫ਼ਿਕਰਮੰਦ ਹੈ। ਉਸ ਨੂੰ ਗਾਉਣ ਦਾ ਵੀ ਸ਼ੌਕ ਹੈ। ਬੰਤਾ ਇੱਕ ਆਸ਼ਾਵਾਦੀ ਬੰਦਾ ਹੈ।

### 2. ਤਾਰੋ

ਤਾਰੋ 'ਇੱਕ ਹੋਰ ਨਵਾਂ ਸਾਲ' ਨਾਵਲ ਵਿੱਚ ਬੰਤੇ ਦੀ ਪਤਨੀ ਹੈ। ਉਸ ਦਾ ਇੱਕ ਪੁੱਤਰ ਤੇ ਦੋ ਧੀਆਂ ਹਨ। ਉਸ ਦੇ ਮੁੰਡੇ ਦਾ ਨਾਂ ਫੁੰਮਣ ਹੈ। ਉਸ ਦਾ ਰਿਸ਼ਤਾ ਬੰਤੇ ਦੀ ਮਾਮੀ ਨੇ ਕੀਤਾ ਹੈ। ਤਾਰੋ ਜਦੋਂ ਨਵੀਂ ਵਿਆਹੀ ਆਈ ਸੀ, ਉਦੋਂ ਬਹੁਤ ਸੋਹਣੀ ਸੀ। ਉਸ ਦਾ ਰੰਗ ਭਾਵੇਂ ਸੌਲ਼ਾ ਸੀ ਪਰ ਨੈਣ-ਨਕਸ਼ ਤਿੱਖੇ ਸਨ। ਉਸ ਦਾ ਮੂੰਹ ਭੋਲ਼ਾ-ਭਾਲ਼ਾ ਹੈ। ਉਸ ਦੀਆਂ ਅੱਖਾਂ ਕਾਲ਼ੀਆਂ ਤੇ ਮੋਟੀਆਂ ਸਨ ਉਹ ਆਪਣੀ ਸੱਸ ਤੋਂ ਅਲੱਗ ਰਹਿੰਦੀ ਹੈ। ਉਸ ਦੀ ਸੱਸ ਨੇ ਉਸ ਦੇ ਦਾਜ ਦੇ ਕੱਪੜੇ ਉਸ ਨੂੰ ਬਿਨਾਂ ਪੁੱਛੇ ਆਪਣੀਆਂ ਧੀਆਂ ਨੂੰ ਦੇ ਦਿੱਤੇ ਜਿਸ ਦਾ ਉਸ ਨੂੰ ਬਹੁਤ ਸਦਮਾ ਲੱਗਾ। ਫੁੰਮਣ ਨੂੰ ਜਨਮ ਦੇਣ ਤੋਂ ਬਾਅਦ ਉਸ ਦੀ ਸਿਹਤ ਖ਼ਰਾਬ ਰਹਿਣ ਲੱਗ ਪਈ। ਤਾਰੋ ਇੱਕ ਜ਼ਿੰਮੇਵਾਰ ਤੇ ਸਮਝਦਾਰ ਔਰਤ ਹੈ। ਉਹ ਪਤੀ ਦੀ ਸੇਵਾ ਕਰਨ ਵਾਲ਼ੀ ਹੈ। ਉਹ ਮਿਹਨਤੀ ਹੋਣ ਕਾਰਨ ਇੱਕ ਸਕੂਲ-ਮਾਸਟਰ ਦੇ ਘਰ ਜਾ ਕੇ ਕੰਮ ਕਰਨ ਨੂੰ ਗ਼ਲਤ ਨਹੀਂ ਮੰਨਦੀ। ਉਸ ਨੂੰ ਆਪਣੇ ਬੱਚਿਆਂ

ਅਤੇ ਬੰਤੇ ਦਾ ਵੀ ਬਹੁਤ ਫ਼ਿਕਰ ਹੈ। ਉਹ ਆਪਣੀ ਗ਼ਰੀਬੀ ਤੋਂ ਬਹੁਤ ਦੁਖੀ ਅਤੇ ਮਾਯੂਸ ਹੈ। ਉਹ ਬਹੁਤ ਘੱਟ ਬੋਲਣ ਅਤੇ ਉਦਾਸ ਰਹਿਣ ਵਾਲ਼ੀ ਔਰਤ ਹੈ। ਉਹ ਆਪਣੇ ਮੁੰਡੇ ਨੂੰ ਸਿੱਖ ਬਣਾਉਣਾ ਚਾਹੁੰਦੀ ਹੈ।

### 3. ਦਿਆਲਾ

ਦਿਆਲਾ 'ਇੱਕ ਹੋਰ ਨਵਾਂ ਸਾਲ' ਦਾ ਗੌਣ ਪਾਤਰ ਹੈ। ਦਿਆਲਾ ਨਾਵਲ ਵਿੱਚ ਬੰਤੇ ਦਾ ਦੋਸਤ ਹੈ। ਉਹ ਵਿਆਹਿਆ ਹੋਇਆ ਸੀ। ਉਸ ਦੀ ਪਤਨੀ ਰੁੱਸ ਕੇ ਪੇਕੇ ਗਈ ਹੋਈ ਸੀ। ਬੰਤਾ ਦਿਆਲੇ ਨਾਲ਼ ਆਪਣੇ ਸੁੱਖ-ਦੁੱਖ ਸਾਂਝਾ ਕਰ ਲੈਂਦਾ ਹੈ। ਦਿਆਲਾ ਵੀ ਰਿਕਸ਼ਾ ਚਲਾਉਣ ਦਾ ਕੰਮ ਕਰਦਾ ਹੈ। ਦਿਆਲਾ ਆਪਣੀ ਪਤਨੀ ਨਾਲ਼ ਬੁਰਾ ਸਲੂਕ ਕਰਦਾ ਹੈ। ਉਹ ਇਕੱਲਾ ਰਹਿ ਕੇ ਖ਼ੁਸ਼ ਹੈ। ਉਹ ਆਪਣੀ ਪਤਨੀ ਨਾਲ਼ ਮਾਰ-ਕੁੱਟ ਵੀ ਕਰ ਲੈਂਦਾ ਹੈ। ਉਹ ਬੰਤੇ ਦਾ ਚੰਗਾ ਦੋਸਤ ਹੈ। ਉਹ ਬੰਤੇ ਦਾ ਬਹੁਤ ਫ਼ਿਕਰ ਕਰਦਾ ਹੈ। ਉਹ ਉਸ ਨੂੰ ਚਾਹ ਪਿਆਉਣ ਮਗਰੋਂ ਉਸ ਨਾਲ਼ ਆਪਣੇ ਦਿਲ ਦੀਆਂ ਗੱਲਾਂ ਕਰਨ ਮਗਰੋਂ ਰਾਤ ਹੋਣ 'ਤੇ ਉਸ ਨੂੰ ਆਪਣੇ ਰਿਕਸ਼ੇ 'ਤੇ ਬਿਠਾ ਕੇ ਉਸ ਦੇ ਘਰ ਛੱਡਣ ਜਾਂਦਾ ਹੈ। ਉਹ ਰਿਕਸ਼ਾ-ਯੂਨੀਅਨ ਦੇ ਹੱਕਾਂ ਪ੍ਰਤਿ ਸੰਵੇਦਨਸ਼ੀਲ ਅਤੇ ਜਾਗ੍ਰਰੂਕ ਹੈ। ਉਹ ਕਹਿੰਦਾ ਹੈ ਕਿ ਉਹਨਾਂ ਨੂੰ ਆਪਣੀਆਂ ਲੋੜਾਂ ਨੂੰ ਪੂਰਿਆਂ ਕਰਨ ਲਈ ਕਿਰਾਏ ਵਿੱਚ ਵਾਧਾ ਕਰਨਾ ਚਾਹੀਦਾ ਹੈ। ਦਿਆਲਾ ਰੁਮਾਂਟਿਕ ਰੁਚੀ ਵਾਲ਼ਾ ਹੈ। ਉਸ ਨੂੰ ਪ੍ਰੋਫ਼ੈਸਨੀ ਨੂੰ ਰਿਕਸ਼ੇ ਵਿੱਚ ਚੜ੍ਹਾ ਕੇ ਘੁਮਾਉਣ ਵਿੱਚ ਬਹੁਤ ਖ਼ੁਸ਼ੀ ਮਿਲ਼ਦੀ ਹੈ।

### 4. ਫੁੰਮਣ

ਫੁੰਮਣ 'ਇੱਕ ਹੋਰ ਨਵਾਂ ਸਾਲ' ਨਾਵਲ ਦਾ ਗੌਣ ਪਾਤਰ ਹੈ। ਉਹ ਬੰਤੇ ਅਤੇ ਤਾਰੋ ਦਾ ਪੁੱਤਰ ਹੈ। ਉਸ ਦੀਆਂ ਦੋ ਛੋਟੀਆਂ ਭੈਣਾਂ ਹਨ। ਉਹ ਤੀਜੀ ਜਮਾਤ ਵਿੱਚ ਪੜ੍ਹਦਾ ਹੈ। ਫੁੰਮਣ ਪੜ੍ਹਨ ਵਿੱਚ ਹੁਸ਼ਿਆਰ ਹੈ। ਉਹ ਜਿਗਿਆਸੂ ਬਿਰਤੀ ਦਾ ਹੈ। ਇਸ ਲਈ ਉਹ ਕਿਤਾਬ ਵਿੱਚ ਆਉਣ ਵਾਲ਼ੇ ਸ਼ਬਦਾਂ ਦਾ ਮਤਲਬ ਪੁੱਛਦਾ ਰਹਿੰਦਾ ਹੈ। ਉਸ ਨੂੰ ਬੰਤੇ ਤੋਂ ਬਾਤ ਸੁਣਨ ਦਾ ਸ਼ੌਕ ਹੈ। ਉਹ ਘੋਖੀ ਰੁਚੀ ਰੱਖਣ ਦੇ ਨਾਲ਼-ਨਾਲ਼ ਹਾਜ਼ਰ-ਜਵਾਬ ਵੀ ਹੈ। ਫੁੰਮਣ ਆਪਣੇ ਮਾਂ-ਬਾਪ ਦੀਆਂ ਆਸਾਂ ਦਾ ਕੇਂਦਰ ਹੈ। ਬੰਤਾ ਉਸ ਨੂੰ ਬਹੁਤ ਪੜ੍ਹਾਉਣਾ ਚਾਹੁੰਦਾ ਹੈ। ਉਹ ਨਹੀਂ ਚਾਹੁੰਦਾ ਕਿ ਫੁੰਮਣ ਨੂੰ ਵੀ ਵੱਡਾ ਹੋ ਕੇ ਰਿਕਸ਼ਾ ਚਲਾਉਣਾ ਪਵੇ; ਉਹ ਚਾਹੁੰਦਾ ਹੈ ਕਿ ਫੁੰਮਣ ਪੜ੍ਹ-ਲਿਖ ਕੇ ਕੋਈ ਚੰਗਾ ਕੰਮ ਕਰੇ। ਬੰਤੇ ਨੂੰ ਆਸ ਹੈ ਕਿ ਫੁੰਮਣ ਦੇ ਵੱਡੇ ਹੋ ਜਾਣ 'ਤੇ ਉਸ ਦੀ ਗ਼ਰੀਬੀ ਕੱਟੀ ਜਾਵੇਗੀ। ਉਹ ਆਪਣੇ ਬਾਪੂ ਦੀ ਹਾਲਤ ਨੂੰ ਸਮਝਦਾ ਹੈ। ਇਸ ਲਈ ਜਦੋਂ ਬੰਤਾ ਉਸ ਦੀ ਕਿਸੇ ਗੱਲ ਦਾ ਜਵਾਬ ਨਹੀਂ ਦੇ ਪਾਉਂਦਾ ਤਾਂ ਕਹਿੰਦਾ ਹੈ ਕਿ ਉਹ ਮਾਸਟਰ ਤੋਂ ਪੁੱਛ ਲਵੇਗਾ। ਉਹ ਬੰਤੇ ਨੂੰ ਪੁੱਛਦਾ ਹੈ ਕਿ ਨਵਾਂ ਸਾਲ ਕੀ ਹੁੰਦਾ ਹੈ ਤਾਂ ਬੰਤਾ ਉਸ ਨੂੰ ਕਹਿੰਦਾ ਹੈ ਕਿ ਇਸ ਦਿਨ ਲੋਕ ਖ਼ੁਸ਼ੀਆਂ ਮਨਾਉਂਦੇ ਹਨ। ਫੁੰਮਣ ਪੁੱਛਦਾ ਹੈ ਕਿ ਅਸੀਂ ਅਜਿਹਾ ਕਿਉਂ ਨਹੀਂ ਕਰਦੇ ਤਾਂ ਬੰਤਾ ਕਹਿੰਦਾ ਹੈ ਕਿ ਸਾਡੀ ਗੱਲ ਹੋਰ ਹੈ।

### 5. ਬੰਤੇ ਦੀ ਮਾਂ

ਬੰਤੇ ਦੀ ਮਾਂ 'ਇੱਕ ਹੋਰ ਨਵਾਂ ਸਾਲ' ਨਾਵਲ ਦੀ ਇੱਕ ਗੌਣ ਪਾਤਰ ਹੈ। ਉਸ ਦੇ ਪਤੀ ਦੀ ਮੌਤ ਹੋ ਚੁੱਕੀ ਹੈ। ਉਸ ਦਾ ਇੱਕ ਪੁੱਤਰ ਬੰਤਾ ਤੇ ਤਿੰਨ ਧੀਆਂ ਹੋਰ ਸਨ। ਉਸ ਦੀ ਆਪਣੀ ਨੂੰਹ ਨਾਲ਼ ਨਹੀਂ ਬਣਦੀ ਜਿਸ ਕਾਰਨ ਉਹ ਆਪਣੇ ਪੁੱਤ ਤੋਂ ਅਲੱਗ ਪਿੰਡ ਵਿੱਚ ਰਹਿੰਦੀ ਹੈ। ਬੰਤੇ ਦੀ ਮਾਂ ਨੇ ਜ਼ਬਰਦਸਤੀ ਉਸ ਦਾ ਵਿਆਹ ਕਰ ਦਿੱਤਾ। ਉਹ ਆਪਣੀਆਂ ਧੀਆਂ ਦੀ ਖ਼ੁਸ਼ੀ ਲਈ ਆਪਣੀ ਨੂੰਹ ਦੇ ਕੱਪੜੇ ਉਸ ਦੀ ਮਰਜ਼ੀ ਤੋਂ ਬਿਨਾਂ ਆਪਣੀਆਂ ਧੀਆਂ ਨੂੰ ਦੇ ਦਿੰਦੀ ਹੈ। ਉਹ ਬੰਤੇ ਦੇ ਘਰ ਪੁੱਤਰ ਹੋਣ ਲਈ ਦੁਆ ਕਰਦੀ ਹੈ। ਉਸ ਨੂੰ ਅੱਖਾਂ ਦੇ ਉਪ੍ਰੇਸ਼ਨ ਦੀ ਜ਼ਰੂਰਤ ਸੀ। ਉਸ ਨੂੰ ਟੋਕਣ ਦੀ ਬਹੁਤ ਆਦਤ ਸੀ। ਉਸ ਦਾ ਨੂੰਹ ਪ੍ਰਤਿ ਰਵੱਈਆ ਗ਼ੈਰਜ਼ੁੰਮੇਵਾਰੀ ਭਰਿਆ ਸੀ। ਫੁੰਮਣ ਦੇ ਜਨਮ ਤੋਂ ਬਾਅਦ ਬੇਬੇ ਦਾ ਸੁਭਾਅ ਚਿੜਚਿੜਾ ਹੋ ਗਿਆ ਸੀ। ਉਹ ਆਪਣੀ ਨੂੰਹ ਨੂੰ ਸਾੜਵੀਆਂ ਗੱਲਾਂ ਕਹਿੰਦੀ ਰਹਿੰਦੀ ਹੈ। ਉਹ ਆਪਣੇ ਪੁੱਤਰ ਬੰਤੇ ਨੂੰ ਬਹੁਤ ਪਿਆਰ ਕਰਦੀ ਸੀ। ਬੰਤਾ ਵੀ ਆਪਣੀ ਮਾਂ ਦਾ ਬਹੁਤ ਸਤਿਕਾਰ ਕਰਦਾ ਹੈ ਅਤੇ ਉਸ ਦੀਆਂ ਅੱਖਾਂ ਦਾ ਉਪ੍ਰੇਸ਼ਨ ਕਰਵਾਉਣਾ ਚਾਹੁੰਦਾ ਹੈ।

## 6. ਇਨਸਪੈੱਕਟਰ

ਇਨਸਪ੍ਰੈੱਕਟਰ 'ਇੱਕ ਹੋਰ ਨਵਾਂ ਸਾਲ' ਦਾ ਇੱਕ ਗੌਣ ਪਾਤਰ ਹੈ। ਉਹ ਸ਼ਰਾਬੀ ਦੀ ਹਾਲਤ ਵਿੱਚ ਬੰਤੇ ਦੇ ਰਿਕਸ਼ੇ ਵਿੱਚ ਸਵਾਰ ਹੁੰਦਾ ਹੈ। ਉਸ ਨੂੰ ਆਪਣੇ ਪੁਲਿਸੀਆ ਹੋਣ ਦਾ ਬਹੁਤ ਹੰਕਾਰ ਹੈ ਅਤੇ ਉਹ ਗਾਲ਼ੀ-ਗਲ਼ੋਚ ਵੀ ਕਰਦਾ ਹੈ। ਉਸ ਦੀ ਪੱਗ ਵੀ ਢਿੱਲੀ ਸੀ ਅਤੇ ਕੱਪੜੇ ਵੀ ਸਹੀ ਨਹੀਂ ਸਨ। ਉਹ ਇੱਕ ਰਿਸ਼ਵਤਖ਼ੋਰ ਅਤੇ ਬਦਲੇ ਦੀ ਭਾਵਨਾ ਰੱਖਣ ਵਾਲ਼ਾ ਵਿਅਕਤੀ ਹੈ। ਉਹ ਗੱਲ-ਗੱਲ 'ਤੇ ਬੰਤੇ ਨੂੰ ਗੁੱਸਾ ਦਿਖਾਉਂਦਾ ਹੈ। ਉਹ ਰਿਕਸ਼ੇ ਵਿੱਚ ਬੈਠ ਕੇ ਵੀ ਸ਼ਰਾਬ ਪੀਈ ਜਾ ਰਿਹਾ ਸੀ। ਉਹ ਬੰਤੇ ਨੂੰ ਵੀ ਸ਼ਰਾਬ ਪਿਆ ਦਿੰਦਾ ਹੈ। ਜਦੋਂ ਬੰਤਾ ਸ਼ਰਾਬ ਪੀਣ ਤੋਂ ਮਨ੍ਹਾ ਕਰ ਦਿੰਦਾ ਹੈ ਤਾਂ ਉਹ ਲੱਕ 'ਤੇ ਹੱਥ ਰੱਖ ਕੇ ਗਾਉਣ ਲੱਗ ਪੈਂਦਾ ਹੈ-ਮੈਂ ਨਹੀਂ ਪੀਣੀ ਹੋਰ ਮੈਂ ਨਹੀਂ ਪੀਣੀ ਹੋਰ। ਇਹ ਸੁਣ ਕੇ ਬੰਤੇ ਦਾ ਹਾਸਾ ਨਿਕਲ਼ ਜਾਂਦਾ ਹੈ। ਉਸ ਦਾ ਚਰਿੱਤਰ ਨਾਵਲ ਵਿੱਚ ਕਈ ਥਾਂਵਾਂ 'ਤੇ ਹਾਸਾ ਪੈਦਾ ਕਰਦਾ ਹੈ। ਜਦੋਂ ਬੰਤਾ ਉਸ ਨੂੰ ਆਪਣੇ ਰਿਕਸ਼ੇ ਤੋਂ ਉਤਰਨ ਦੀ ਧਮਕੀ ਦਿੰਦਾ ਹੈ ਤਾਂ ਉਸ ਦਾ ਸੁਭਾਅ ਬਿਲਕੁਲ ਨਰਮ ਹੋ ਜਾਂਦਾ ਹੈ। ਉਸ ਨੇ ਚਾਰ ਨੰਬਰ ਗਲ਼ੀ ਵਿੱਚ ਜਾਣਾ ਸੀ। ਗਲ਼ੀ ਖ਼ਤਮ ਹੋਣ 'ਤੇ ਉਹ ਰਿਕਸ਼ੇ ਵਿੱਚੋਂ ਉੱਤਰ ਕੇ ਇੱਕ ਘਰ ਵਿੱਚ ਜਾ ਵੜਦਾ ਹੈ। ਉਹ ਬੰਤੇ ਨੂੰ ਉਸ ਦਾ ਕਿਰਾਇਆ ਨਹੀਂ ਦਿੰਦਾ।

## 7. ਪਰਵੇਜ਼

ਪਰਵੇਜ਼ 'ਇੱਕ ਹੋਰ ਨਵਾਂ ਸਾਲ' ਨਾਵਲ ਦਾ ਗੌਣ ਪਾਤਰ ਹੈ। ਉਅ ਅਸ਼ਕ ਦਾ ਸਾਥੀ ਹੈ। ਉਹ ਉਰਦੂ ਦਾ ਇੱਕ ਸ਼ਾਇਰ ਹੈ। ਉਹ ਦੋਵੇਂ ਮਾਲ ਰੋਡ ਤੋਂ ਕੰਪਨੀ ਬਾਗ਼ ਜਾਣ ਲਈ ਬੰਤੇ ਦੇ ਰਿਕਸ਼ੇ ਵਿੱਚ ਬੈਠਦੇ ਹਨ। ਉਹ ਕਿਸੇ ਕਵੀ ਦਰਬਾਰ ਵਿੱਚ ਹਿੱਸਾ ਲੈਣ ਲਈ ਆਇਆ ਹੈ। ਉਸ ਨੇ ਖੁੱਲ੍ਹਾ ਕੁੜਤਾ-ਪਜਾਮਾ ਪਾਇਆ ਹੋਇਆ ਹੈ। ਉਸ ਦੇ ਵਾਲ਼ ਲੰਮੇ-ਲੰਮੇ ਹਨ। ਉਹ ਦੂਰ-ਦੂਰ ਮੁਸ਼ਾਇਰਿਆਂ 'ਤੇ ਨਹੀਂ ਜਾਂਦਾ ਕਿਉਂਕਿ ਉਸ ਦੀ ਸਿਹਤ ਇਜਾਜ਼ਤ ਨਹੀਂ ਦਿੰਦੀ। ਉਹ ਮਜ਼ਦੂਰਾਂ ਤੇ ਕਿਸਾਨਾਂ ਦੀ ਗੱਲ ਕਰਨ ਵਾਲ਼ਾ ਹੈ। ਉਹ ਕਹਿੰਦਾ ਹੈ ਕਿ ਉਹਨਾਂ ਨੂੰ ਕਿਸਾਨਾਂ ਅਤੇ ਮਜ਼ਦੂਰਾਂ 'ਤੇ ਕਵਿਤਾਵਾਂ ਲਿਖਣੀਆਂ ਚਾਹੀਦੀਆਂ ਹਨ। ਉਹ ਮਿਹਨਤੀ ਲੋਕਾਂ ਦੀ ਪ੍ਰਸੰਸਾ ਕਰਦਾ ਹੋਇਆ ਕਹਿੰਦਾ ਹੈ ਕਿ ਜੇ ਇਹ ਮਿਹਨਤੀ ਲੋਕ ਨਾ ਹੋਣ ਤਾਂ ਜ਼ਿੰਦਗੀ ਦੇ ਕੰਮ ਹੀ ਰੁਕ ਜਾਣ। ਉਹ ਪਾਨ ਖਾਣ ਅਤੇ ਸਿਗਰਟ ਪੀਣ ਦਾ ਆਦੀ ਹੈ। ਉਹ ਇੱਕ ਪ੍ਰਭਾਵਸ਼ਾਲੀ ਸ਼ਾਇਰ ਹੈ। ਜਦੋਂ ਅਸ਼ਕ ਉਸ ਦੀ ਪ੍ਰਸੰਸਾ ਕਰਦਾ ਹੈ ਤਾਂ ਉਹ ਬੜੀ ਨਿਮਰਤਾ ਨਾਲ਼ ਕਹਿੰਦਾ ਹੈ ਕਿ ਇਹ ਤਾਂ ਤੁਹਾਡਾ ਵਡੱਪਣ ਹੈ। ਉਹ ਆਪਣੀ ਸ਼ਾਇਰੀ ਦਾ ਮਾਣ ਨਹੀਂ ਕਰਦਾ। ਇਸ ਲਈ ਉਹ ਮੁਸ਼ਾਇਰਿਆਂ ਵਿੱਚ ਵਿੱਚ ਭਾਗ ਲੈਣ ਲਈ ਦੂਰ-ਦੂਰ ਚਲਾ ਜਾਂਦਾ ਹੈ। ਉਹ ਪੈਸੇ ਲੈ ਕੇ ਕੰਵਰ ਸਾਹਿਬ ਲਈ ਕਵਿਤਾਵਾਂ ਲਿਖਣ ਦੀ ਇੱਛਾ ਰੱਖਦਾ ਹੈ।

## 8. ਲਾਜੋ

ਲਾਜੋ 'ਇੱਕ ਹੋਰ ਨਵਾਂ ਸਾਲ' ਨਾਵਲ ਦੀ ਗੌਣ ਪਾਤਰ ਹੈ। ਉਹ ਇੱਕ ਵਿਚੋਲਣ ਦੇ ਤੌਰ 'ਤੇ ਮਹੇਸ਼ੀ ਦੀ ਮਾਂ ਨੂੰ ਕੁੜੀ ਦਿਖਾਉਣ ਲਈ ਲੈ ਕੇ ਜਾਂਦੀ ਹੈ। ਉਸ ਦੀ ਆਪਣੀ ਧੀ ਦਾ ਨਾਂ ਰਾਜੀ ਹੈ। ਉਹ ਬੰਤੇ ਦੇ ਰਿਕਸ਼ੇ ਵਿੱਚ ਮਹੇਸ਼ੀ ਦੀ ਮਾਂ ਨਾਲ਼ ਸਵਾਰ ਹੁੰਦੀ ਹੈ। ਉਹ ਇੱਕ ਚੁਸਤ-ਚਲਾਕ ਜ਼ਨਾਨੀ ਹੈ। ਉਹ ਮਹੇਸ਼ੀ ਦੀ ਮਾਂ ਨੂੰ ਲਾਲਚ ਦਿੰਦੀ ਹੈ ਕਿ ਕੁੜੀ ਵਾਲ਼ੇ ਬਹੁਤ ਸਾਰਾ ਦਾਜ ਦੇਣਗੇ। ਉਹ ਸੱਚ-ਝੂਠ ਬੋਲ ਕੇ ਰਿਸ਼ਤੇ ਕਰਵਾਉਣ ਵਿੱਚ ਮਾਹਰ ਹੈ। ਉਹ ਕੁੜੀ ਵਾਲ਼ਿਆਂ ਤੋਂ ਬਹੁਤਾ ਦਾਜ ਮਿਲ਼ਨ ਦੀਆਂ ਗੱਲਾਂ ਦੱਸ ਕੇ ਮਹੇਸ਼ੀ ਦੀ ਮਾਂ ਨੂੰ ਰਿਸ਼ਤੇ ਲਈ ਤਿਆਰ ਕਰਦੀ ਹੈ। ਉਹ ਇੱਕ ਅੰਧਵਿਸ਼ਵਾਸੀ ਔਰਤ ਹੈ ਅਤੇ ਸਾਧ-ਸੰਤਾਂ ਵਿੱਚ ਵਿਸ਼ਵਾਸ ਰੱਖਦੀ ਹੈ। ਉਹ ਕਹਿੰਦੀ ਹੈ ਕਿ ਬਗਲੀ ਵਾਲ਼ੇ ਬਾਬੇ ਦੀਆਂ ਮੰਗਾਂ ਪੂਰੀਆਂ ਕਰਨ 'ਤੇ ਉਸ ਦੀ ਦਿੱਤੀ ਸੁਆਹ ਦੀ ਚੁਟਕੀ ਖਾਣ ਨਾਲ਼ ਹੀ ਉਸ ਦੇ ਪਤੀ ਦੀ ਪੁਰਾਣੀ ਖੰਘ ਠੀਕ ਹੋ ਗਈ ਸੀ। ਜਦੋਂ ਮੁੰਡੇ ਦੀ ਮਾਂ ਕੁੜੀ ਵੱਲੋਂ ਮੁੰਡਾ ਦੇਖਣ ਦੀ ਗੱਲ 'ਤੇ ਇਤਰਾਜ਼ ਕਰਦੀ ਹੈ ਤਾਂ ਲਾਜੋ ਮੁੰਡੇ ਨੂੰ ਗਰਮੀਆਂ ਵਿੱਚ ਦਿਖਾਉਣ ਦੀ ਸਲਾਹ ਬਣਾਉਂਦੀ ਹੈ। ਉਹ ਮਹੇਸ਼ੀ ਦੇ ਭੈਂਗੇਪਣ ਨੂੰ ਲੁਕਾਉਣ ਲਈ ਮਹੇਸ਼ੀ ਨੂੰ ਐਨਕਾਂ ਲਾ ਕੇ ਦਿਖਾਉਣ ਦੀ ਵਿਓਂਤ ਬਣਾਉਂਦੀ ਹੈ।

## 9. ਮਹੇਸ਼ੀ ਦੀ ਮਾਂ

ਮਹੇਸ਼ੀ ਦੀ ਮਾਂ 'ਇੱਕ ਹੋਰ ਨਵਾਂ ਸਾਲ' ਨਾਵਲ ਦੀ ਇੱਕ ਗੌਣ ਪਾਤਰ ਹੈ। ਉਹ ਆਪਣੇ ਮੁੰਡੇ ਮਹੇਸ਼ੀ ਲਈ ਕੁੜੀ ਵੇਖਣ ਜਾਣ ਖ਼ਾਤਰ ਬੰਤੇ ਦੇ ਰਿਕਸ਼ੇ ਵਿੱਚ ਸਵਾਰ ਹੁੰਦੀ ਹੈ। ਉਹ ਬਹੁਤ ਕੰਜੂਸ ਹੈ ਅਤੇ ਬੰਤੇ ਨੂੰ ਮਸਾਂ ਪੰਜਾਹ ਪੈਸੇ ਦੇਣ ਲਈ ਮੰਨਦੀ ਹੈ। ਵਿਚੋਲਣ ਲਾਜੋ ਵੀ ਉਸ ਦੇ ਨਾਲ਼ ਹੈ। ਉਸ ਦਾ ਸਰੀਰ ਭਾਰਾ ਤੇ ਰੰਗ ਗੋਰਾ ਹੈ। ਉਸ ਦਾ ਮੁੰਡਾ ਅੱਠਵੀਂ ਫ਼ੇਲ੍ਹ ਅਤੇ ਭੈਂਗਾ ਹੈ। ਉਹ ਆਪਣੀ ਹੱਟੀ ਚਲਾਉਂਦਾ ਹੈ। ਉਹ ਇੱਕ ਲਾਲਚੀ ਔਰਤ ਹੈ। ਉਹ ਲਾਜੋ ਨੂੰ ਪੁੱਛਦੀ ਹੈ ਕਿ ਕੁੜੀ ਵਾਲ਼ੇ ਕਿੰਨਾ ਕੁ ਦਾਜ ਦੇਣਗੇ। ਉਹ ਲਾਜੋ ਨੂੰ ਕਹਿੰਦੀ ਹੈ ਕਿ ਜੇ ਉਸ ਨੂੰ ਕੁੜੀ ਪਸੰਦ ਆਈ ਤਾਂ ਉਸ ਨੇ ਮੁੰਦਰੀ ਪਾ ਦੇਣੀ ਹੈ। ਉਹ ਸੰਤਾਂ-ਸਾਧਾਂ ਦੇ ਟੋਟਕਿਆਂ ਵਿੱਚ ਯਕੀਨ ਰੱਖਣ ਵਾਲ਼ੀ ਅਤੇ ਅੰਧਵਿਸ਼ਵਾਸੀ ਹੈ। ਉਹ ਕੁੜੀਆਂ ਦੀ ਥਾਂ ਮੁੰਡਿਆਂ ਨੂੰ ਜ਼ਿਆਦਾ ਮਹੱਤਵ ਦਿੰਦੀ ਹੈ। ਉਹ ਕੁੜੀ ਦੇ ਜ਼ਿਆਦਾ ਪੜ੍ਹੀ-ਲਿਖੀ ਹੋਣ ਕਰਕੇ ਡਰੀ ਹੋਈ ਹੈ ਕਿ ਕਿਤੇ ਪੜ੍ਹੀ ਹੋਈ ਕੁੜੀ ਉਸ ਦੇ ਅੱਠਵੀਂ ਫ਼ੇਲ੍ਹ ਮੁੰਡੇ 'ਤੇ ਹਾਵੀ ਨਾ ਹੋ ਜਾਵੇ। ਉਹ ਕੁੜੀ ਦੁਆਰਾ ਮੁੰਡੇ ਨੂੰ ਵਿਆਹ ਤੋਂ ਪਹਿਲਾਂ ਦੇਖਣ ਦੀ ਗੱਲ ਨੂੰ ਚੰਗਾ ਨਹੀਂ ਸਮਝਦੀ। ਉਹ ਆਪਣੇ ਮੁੰਡੇ ਨੂੰ ਹੀਰਾ ਕਹਿੰਦੀ ਹੈ। ਉਹ ਦਾਜ ਦੀ ਲਾਲਚੀ ਅਤੇ ਸਾਜ਼ਸ਼ਾਂ ਰਚਣ ਵਾਲ਼ੀ ਔਰਤ ਹੈ।

**10. ਸੁਸ਼ਮਾ**

ਸੁਸ਼ਮਾ 'ਇੱਕ ਹੋਰ ਨਵਾਂ ਸਾਲ' ਨਾਵਲ ਦੀ ਇੱਕ ਗੌਣ ਪਾਤਰ ਹੈ। ਉਸ ਨੇ ਲੰਮਾ ਕੋਟ ਪਾਇਆ ਹੋਇਆ ਹੈ ਅਤੇ ਮੇਕ-ਅੱਪ ਕੀਤਾ ਹੋਇਆ ਹੈ। ਉਹ ਆਪਣੇ ਪਤੀ ਨਾਲ਼ ਸਕੂਟਰ 'ਤੇ ਨਵੇਂ ਸਾਲ ਦੀ ਪਾਰਟੀ ਵਿੱਚ ਜਾ ਰਹੀ ਸੀ। ਉਹ ਬੰਤੇ ਨੂੰ ਮਨਚਾਹਿਆ ਕਿਰਾਇਆ ਦੇਣ ਲਈ ਤਿਆਰ ਸਨ। ਸਕੂਟਰ ਖ਼ਰਾਬ ਹੋ ਜਾਣ ਕਰਕੇ ਉਹਨਾਂ ਨੂੰ ਬੰਤੇ ਦੇ ਰਿਕਸ਼ੇ ਵਿੱਚ ਬੈਠਣਾ ਪੈਂਦਾ ਹੈ। ਉਹ ਪੱਛਮੀ ਰੰਗ ਵਿੱਚ ਢਲ਼ੀ ਹੋਈ ਹੈ। ਉਹ ਆਪਣੇ ਪਤੀ ਦੀ ਇੱਛਾ ਅਨੁਸਾਰ ਉਸ ਦੇ ਬਾਸ ਨਾਲ਼ ਡਾਂਸ ਕਰਨ ਲਈ ਤਿਆਰ ਹੈ; ਉਸ ਨੂੰ ਪਰਾਏ ਮਰਦਾਂ ਨਾਲ਼ ਡਾਂਸ ਕਰਨ 'ਤੇ ਕੋਈ ਹਿਚਕਚਾਹਟ ਨਹੀਂ। ਉਸ ਦਾ ਪਤੀ ਚਾਹੁੰਦਾ ਹੈ ਕਿ ਉਹ ਉਸ ਦੇ ਬਾਸ ਨਾਲ਼ ਡਾਂਸ ਕਰੇ ਤਾਂਜੋ ਉਸ ਦੀ ਪ੍ਰਮੋਸ਼ਨ ਹੋ ਜਾਵੇ। ਉਹ ਗੰਭੀਰ ਸੁਭਾਅ ਵਾਲ਼ੀ ਨਾ ਹੋ ਕੇ ਹਸਮੁਖ ਸੁਭਾਅ ਵਾਲ਼ੀ ਇਸਤਰੀ ਹੈ। ਸੁਸ਼ਮਾ ਦਾ ਹਾਸਾ ਸੁਣ ਕੇ ਬੰਤਾ ਤਾਰੋ ਦਾ ਹਾਸਾ ਯਾਦ ਕਰਨ ਲੱਗ ਪੈਂਦਾ ਹੈ। ਸੁਸ਼ਮਾ ਦਾ ਜ਼ਿਆਦਾ ਹੱਸਣਾ ਉਸ ਦੇ ਪਤੀ ਨੂੰ ਪਸੰਦ ਨਹੀਂ। ਉਸ ਦੇ ਪਤੀ ਨੂੰ ਡਰ ਹੈ ਕਿ ਕਿਤੇ ਸੁਸ਼ਮਾ ਦੇ ਹੱਸਣ 'ਤੇ ਉਸ ਦਾ ਬਾਸ ਗ਼ੁੱਸੇ ਨ ਹੋ ਜਾਵੇ। ਉਹ ਬੇਪਰਵਾਹ ਹੈ ਤੇ ਆਪਣੇ ਪਤੀ ਦੇ ਬਾਸ ਦੀ ਵੀ ਪਰਵਾਹ ਨਹੀਂ ਕਰਦੀ। ਪਤੀ ਨੂੰ ਨਰਾਜ਼ ਹੁੰਦਾ ਦੇਖ ਕੇ ਸੁਸ਼ਮਾ ਉਸ ਨੂੰ ਬੇਫ਼ਿਕਰ ਹੋਣ ਲਈ ਕਹਿੰਦੀ ਹੈ। ਉਸ ਨੂੰ ਗਹਿਣਿਆਂ ਦਾ ਬਹੁਤ ਸ਼ੌਂਕ ਹੈ। ਇਸ ਲਈ ਉਹ ਆਪਣੇ ਪਤੀ ਦੁਆਰਾ ਨਵੇਂ ਸਾਲ 'ਤੇ ਹੀਰਿਆਂ ਦਾ ਹਾਰ ਨਾ ਲੈ ਕੇ ਦੇਣ 'ਤੇ ਇਤਰਾਜ਼ ਕਰਦੀ ਹੈ।

**ਵਾਰਤਕ ਭਾਗ**

**ਪ੍ਰਸ਼ਨ ਨੰ:-19. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਦੇ ਉੱਤਰ ਆਪਣੀ ਪਾਠ-ਪੁਸਤਕ ਦੇ ਆਧਾਰ 'ਤੇ ਲਿਖੋ : (4+4=8)**

**ਰਬਾਬ ਮੰਗਾਉਣ ਦਾ ਵਿਰਤਾਂਤ**

**ਪ੍ਰਸ਼ਨ-1) ਆਮ ਲੋਕ ਗੁਰੂ ਨਾਨਕ ਦੇਵ ਜੀ ਬਾਰੇ ਕੀ ਕੁਝ ਕਹਿੰਦੇ ਸਨ?**

ਉੱਤਰ- ਆਮ ਲੋਕ ਖ਼ੱਤਰੀ ਜਾਤ ਨਾਲ਼ ਸੰਬੰਧਿਤ ਭੱਲਿਆਂ ਦੇ ਪੁੱਤ-ਪੋਤੇ ਗੁਰੂ ਨਾਨਕ ਦੇਵ ਜੀ ਨੂੰ ਖਾਣ-ਪਹਿਨਣ ਭੁਲਾ ਕੇ ਮਰਦਾਨੇ ਡੂੰਮ ਸਮੇਤ ਜੰਗਲ਼ ਵਿੱਚ ਬੈਠ ਕੇ ਕਰਤਾਰ ਦੇ ਗੁਣ ਗਾਉਂਦਿਆਂ ਤੇ ਹਿੰਦੂਆਂ-ਮੁਸਲਮਾਨਾਂ ਤੋਂ ਵੱਖਰੀ ਚਾਲ ਚੱਲਦਾ ਦੇਖ ਕੇ 'ਕੁਰਾਹੀਆ' ਸਮਝਣ ਲੱਗੇ ਤੇ ਕਹਿਣ ਲੱਗੇ ਕਿ ਉਸ ਦੀ ਮੱਤ ਮਾਰੀ ਗਈ ਹੈ, ਜੋ ਕਿਸੇ ਦੀ ਗੱਲ਼ ਹੀ ਨਹੀਂ ਸੁਣਦਾ।

**ਪ੍ਰਸ਼ਨ-2) ਮਰਦਾਨਾ ਜਦੋਂ ਪਹਿਲੀ ਵਾਰ ਰਬਾਬ ਲੈਣ ਨਗਰ ਵਿੱਚ ਗਿਆ ਤਾਂ ਲੋਕਾਂ ਨੇ ਉਸ ਨਾਲ਼ ਕੀ ਵਿਹਾਰ ਕੀਤਾ?**

ਉੱਤਰ- ਮਰਦਾਨਾ ਜਦੋਂ ਪਹਿਲੀ ਵਾਰ ਰਬਾਰ ਲੈਣ ਨਗਰ ਵਿੱਚ ਗਿਆ ਤਾਂ ਲੋਕਾਂ ਨੇ ਉਸ ਨਾਲ਼ ਬਹੁਤ ਬੁਰਾ ਸਲੂਕ ਕੀਤਾ। ਉਹ ਉਸ ਨੂੰ ਠੱਠਾ-ਮਖ਼ੌਲ ਕਰਦੇ ਹੋਏ ਕਹਿਣ ਲੱਗੇ ਕਿ 'ਕੁਰਾਹੀਏ ਦਾ ਡੂੰਮ' ਆਇਆ ਹੈ। ਕਈ ਉਸ ਨੂੰ ਹੋਰ ਵੀ ਬੁਰੇ-ਭਲੇ ਸ਼ਬਦ ਬੋਲ ਰਹੇ ਸਨ ਤੇ ਕਈਆਂ ਨੇ ਉਸ ਉੱਤੇ ਮਿੱਟੀ ਚੁੱਕ ਕੇ ਸੁੱਟੀ।

**ਪ੍ਰਸ਼ਨ-3) ਮਰਦਾਨੇ ਨੇ ਨਗਰ ਵਿੱਚ ਉਸ ਨਾਲ਼ ਜੋ ਬੀਤੀ ਜਦੋਂ ਗੁਰੂ ਨਾਨਕ ਦੇਵ ਜੀ ਨੂੰ ਸੁਣਾਈ ਤਾਂ ਗੁਰੂ ਜੀ ਨੇ ਅੱਗੋਂ ਕੀ ਕਿਹਾ?**

ਉੱਤਰ- ਗੁਰੂ ਜੀ ਨੇ ਮਰਦਾਨੇ ਨੂੰ ਕਿਹਾ ਕਿ ਉਹ ਲੋਕਾਂ ਤੋਂ ਨਾ ਡਰੇ। ਲੋਕਾਂ ਦਾ ਕੰਮ ਝੱਖ ਮਾਰਨਾ ਹੈ। ਉਹ ਲੋਕਾਂ ਤੋਂ ਬੇਪਰਵਾਹ ਰਹੇ ਤੇ ਸੰਸਾਰ ਦਾ ਨਾ ਬਣੇ ਕਿਉਂਕਿ ਉਹਨਾਂ ਨੇ ਉਸ ਨੂੰ ਕਰਤਾਰ ਦਾ ਬਣਾਇਆ ਹੈ। ਪਰਮੇਸ਼ਰ ਦੇ ਪਿਆਰਿਆਂ ਦਾ ਲੋਕਾਂ ਦੇ ਝੱਖ ਮਾਰਨ ਨਾਲ਼ ਕੁਝ ਨਹੀਂ ਵਿਗੜਦਾ। ਕੁੱਤੇ ਆਪੇ ਭੌਂਕ ਕੇ ਚੁੱਪ ਕਰ ਜਾਂਦੇ ਹਨ।

**ਪ੍ਰਸ਼ਨ-4) ਮਰਦਾਨੇ ਅਤੇ ਫਰਹਿੰਦੇ ਰਬਾਬੀ ਦੀ ਆਪਸ ਵਿੱਚ ਹੋਈ ਵਾਰਤਾਲਾਪ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।**

ਉੱਤਰ- ਫਰਹਿੰਦੇ ਰਬਾਬੀ ਦੇ ਪੁੱਛਣ 'ਤੇ ਮਰਦਾਨੇ ਨੇ ਨਾਂ-ਥਾਂ ਦੱਸਦਿਆਂ ਕਿਹਾ ਕਿ ਉਹ ਸਾਧਾਂ ਵਾਲ਼ੀ ਬਿਰਤੀ ਧਾਰਨ ਕਰ ਚੁੱਕੇ ਬੇਦੀ ਖੱਤਰੀ ਨਾਨਕ ਨਾਲ਼ ਰਹਿੰਦਾ ਹੈ ਜੋ ਅਗੰਮ ਦੀ ਬਾਣੀ ਉਚਾਰਦਾ ਹੈ ਤੇ ਉਸ ਨੇ ਉਸ ਨੂੰ ਉਸ ਤੋਂ ਰਬਾਬ ਲੈਣ ਭੇਜਿਆ ਹੈ। ਫਰਹਿੰਦੇ ਨੇ ਗੁਰੂ ਜੀ ਦੇ ਦਰਸ਼ਨਾਂ ਦੀ ਇੱਛਾ ਪ੍ਰਗਟ ਕਰਦਿਆਂ ਮਰਦਾਨੇ ਨੂੰ ਰਬਾਬ ਦੇ ਕੇ ਉਸ ਤੋਂ ਪੈਸੇ ਨਾ ਲਏ ਤੇ ਕਿਹਾ ਕਿ ਇਸ ਦਾ ਵੀ ਗੁਰੂ ਜੀ ਨਾਲ਼ ਕੋਈ ਪੁਰਾਣਾ ਸੰਬੰਧ ਹੈ।

## ਘਰ ਦਾ ਪਿਆਰ

**ਪ੍ਰਸ਼ਨ-5) 'ਘਰ ਦਾ ਪਿਆਰ' ਲੇਖ ਅਨੁਸਾਰ ਘਰ ਤੋਂ ਕੀ ਭਾਵ ਹੈ?**

ਉੱਤਰ- ਘਰ ਤੋਂ ਭਾਵ ਉਹ ਥਾਂ ਹੈ ਜਿੱਥੇ ਮਨੁੱਖ ਦੇ ਪਿਆਰ ਦੀਆਂ ਸੱਧਰਾਂ ਪਲ਼ਦੀਆਂ ਹਨ। ਜਿੱਥੇ ਮਾਂ, ਭੈਣ ਅਤੇ ਭਰਾ ਕੋਲ਼ੋਂ ਲਾਡ-ਪਿਆਰ ਲਿਆ ਹੁੰਦਾ ਹੈ। ਜਿੱਥੇ ਜਵਾਨੀ ਵਿੱਚ ਸਾਰੇ ਜਹਾਨ ਨੂੰ ਗਾਹ ਕੇ ਖੱਟੀ-ਕਮਾਈ ਕਰਕੇ ਮੁੜ ਆਉਣ ਨੂੰ ਜੀ ਕਰਦਾ ਹੈ। ਜਿੱਥੇ ਬੁਢਾਪੇ ਵਿੱਚ ਬਹਿ ਕੇ ਸਾਰੇ ਜੀਵਨ ਤੋਂ ਮਿਲ਼ੀ ਵਿਹਲ ਨੂੰ ਅਰਾਮ ਨਾਲ਼ ਕੱਟਣ ਵਿੱਚ ਮਾਂ ਦੀ ਗੋਦੀ ਵਰਗਾ ਸੁਆਦ ਆਉਂਦਾ ਹੈ।

**ਪ੍ਰਸ਼ਨ-6) ਘਰ ਮਨੁੱਖ ਦੇ ਨਿੱਜੀ ਵਲਵਲ਼ਿਆਂ ਤੇ ਸ਼ਖ਼ਸੀ ਰਹਿਣੀ ਦਾ ਕੇਂਦਰ ਕਿਵੇਂ ਹੁੰਦਾ ਹੈ?**

ਉੱਤਰ- ਇਹ ਕਥਨ ਬਿਲਕੁਲ ਠੀਕ ਹੈ ਕਿ ਘਰ ਮਨੁੱਖ ਦੇ ਨਿੱਜੀ ਵਲਵਲ਼ਿਆਂ ਤੇ ਸ਼ਖ਼ਸੀ ਰਹਿਣੀ ਦਾ ਕੇਂਦਰ ਹੁੰਦਾ ਹੈ ਜਿੱਥੇ ਉਸ ਦੇ ਆਚਰਨ ਨੂੰ ਬਣਾਉਣ ਵਿੱਚ ਸਮਾਜਿਕ ਅਤੇ ਮੁਲਕੀ ਆਲ਼ੇ-ਦੁਆਲ਼ੇ ਦਾ ਪ੍ਰਭਾਵ ਕੰਮ ਕਰਦਾ ਹੈ, ਉੱਥੇ ਘਰ ਦੀ ਚਾਰ-ਦਿਵਾਰੀ ਅਤੇ ਇਸ ਦੇ ਅੰਦਰ ਦੇ ਹਾਲਾਤ ਵੀ ਕੰਮ ਕਰਦੇ ਹਨ। ਘਰ ਦੇ ਪਿਆਰ ਤੋਂ ਸੱਖਣੇ ਮਨੁੱਖ ਕੋਝੇ, ਸੜੀਅਲ ਅਤੇ ਖਿਝੂ ਹੁੰਦੇ ਹਨ। ਘਰ ਵਿਚਲਾ ਸੰਬੰਧੀਆਂ ਦਾ ਪਿਆਰ ਮਨੁੱਖ ਵਿੱਚ ਪਿਆਰ, ਹਮਦਰਦੀ, ਨਿਮਰਤਾ, ਕੁਰਬਾਨੀ ਤੇ ਸੇਵਾ ਦੇ ਗੁਣ ਪੈਦਾ ਕਰਦਾ ਹੈ।

**ਪ੍ਰਸ਼ਨ-7) ਲੇਖਕ ਨੇ ਗੁਰੂ ਨਾਨਕ ਦੇਵ ਜੀ ਦਾ ਮਾਤਾ ਨਾਲ਼ ਮਿਲ਼ਾਪ ਦਾ ਦ੍ਰਿਸ਼ ਕਿਹੋ-ਜਿਹਾ ਪੇਸ਼ ਕੀਤਾ ਹੈ?**

ਉੱਤਰ- ਗੁਰੂ ਨਾਨਕ ਦੇਵ ਜੀ ਪਰਦੇਸ ਦੀ ਯਾਤਰਾ ਕਰਨ ਮਗਰੋਂ ਵਾਪਸ ਤਲਵੰਡੀ ਪਰਤੇ ਪਰ ਉਹ ਘਰ ਜਾਣ ਦੀ ਥਾਂ ਪਿੰਡੋਂ ਬਾਹਰ ਇੱਕ ਖੂਹ ਉੱਤੇ ਬੈਠ ਗਏ। ਮਰਦਾਨਾ ਮਾਤਾ ਤ੍ਰਿਪਤਾ ਕੋਲ਼ ਪੁੱਜਾ ਤੇ ਘਰ ਦਾ ਹਾਲ-ਚਾਲ ਪੁੱਛ ਕੇ ਵਾਪਸ ਮੁੜ ਪਿਆ। ਇਸ ਸਮੇਂ ਮਾਤਾ ਜੀ ਵੀ ਉਸ ਦੇ ਮਗਰ-ਮਗਰ ਉੱਥੇ ਜਾ ਪੁੱਜੇ ਜਿੱਥੇ ਗੁਰੂ ਜੀ ਬੈਠੇ ਸਨ। ਉਹ ਪੁੱਤਰ ਨੂੰ ਦੇਖ ਕੇ ਬਿਹਬਲ ਹੋ ਗਏ। ਉਸ ਵੇਲ਼ੇ ਉਸ ਦੇ ਮੂੰਹ ਵਿੱਚੋਂ ਜੋ ਮਮਤਾ ਭਰੇ ਸ਼ਬਦ ਨਿਕਲ਼ੇ, ਉਹ ਇਸ ਦ੍ਰਿਸ਼ ਨੂੰ ਬੜਾ ਕਰੁਣਾਮਈ ਤੇ ਰੁਮਾਂਚਕਾਰੀ ਬਣਾ ਦਿੰਦੇ ਹਨ।

**ਪ੍ਰਸ਼ਨ-8) ਲੇਖਕ ਨੇ ਆਪਣੇ ਪਿੰਡ ਦੀ ਝਾਕੀ ਦਾ ਦ੍ਰਿਸ਼ ਕਿਹੋ-ਜਿਹਾ ਚਿਤਰਿਆ ਹੈ?**

ਉੱਤਰ- ਲੇਖਕ ਦੱਸਦਾ ਹੈ ਕਿ ਜਦੋਂ ਉਹ ਰਾਵਲਪਿੰਡੀ ਵਿੱਚ ਪੜ੍ਹਦਾ ਹੁੰਦਾ ਸੀ ਤਾਂ ਉਹ ਹਰ ਹਫ਼ਤੇ ਐਤਵਾਰ ਨੂੰ ਪਿੰਡ ਜਾਂਦਾ ਹੁੰਦਾ ਸੀ। ਜਦੋਂ ਉਹ ਰਸਤੇ ਵਿੱਚ ਚੀਰ ਪੜਾਂ ਤੋਂ ਲੰਘ ਕੇ ਤ੍ਰਿਪਿਆਂ ਕੋਲ਼ ਪੁੱਜਦਾ ਸੀ ਤਾਂ ਉਹ ਟਿੱਬੇ ਦੇ ਓਹਲੇ ਵੱਸੇ ਆਪਣੇ ਪਿੰਡ ਦੀ ਪਿਆਰੀ ਝਾਕੀ ਅੱਖਾਂ ਸਾਮ੍ਹਣੇ ਆਉਣ ਤੋਂ ਪਹਿਲਾਂ ਟਿੱਬੇ ਕੋਲ਼ ਠਹਿਰ ਜਾਂਦਾ ਸੀ ਤੇ ਦਿਲ ਨੂੰ ਚੰਗੀ ਤਰ੍ਹਾਂ ਤਿਆਰ ਕਰਕੇ ਪਿੰਡ ਵੱਲ ਝਾਕਣ ਦਾ ਹੌਸਲਾ ਕਰਦਾ ਸੀ। ਮੁੜਦੀ ਵਾਰੀ ਉਹ ਫਿਰ ਪਿੰਡ ਦੇ ਅੱਖਾਂ ਤੋਂ ਓਹਲੇ ਹੋਣ ਤੋਂ ਪਹਿਲਾਂ ਉਸ ਨੂੰ ਮੁੜ-ਮੁੜ ਦੇਖਦਾ ਸੀ।

**ਬੋਲੀ**

**ਪ੍ਰਸ਼ਨ-9) ਸਾਡੇ ਜੀਵਨ ਵਿੱਚ ਬੋਲੀ ਦਾ ਕੀ ਮਹੱਤਵ ਹੈ?**

ਉੱਤਰ- ਬੋਲੀ ਦਾ ਸਾਡੇ ਰੋਜ਼ਾਨਾ ਜੀਵਨ ਵਿੱਚ ਭਾਰੀ ਮਹੱਤਵ ਹੈ। ਤਜਰਬੇ ਦੀ ਦੌਲਤ ਬਚਪਨ ਤੋਂ ਬੋਲੀ ਦੇ ਚਿੰਨ੍ਹਾਂ ਵਿੱਚ ਸਾਂਭੀ ਜਾਂਦੀ ਹੈ। ਤਜਰਬਾ ਇਸ ਦੌਲਤ ਦਾ ਖ਼ਜ਼ਾਨਾ ਹੈ। ਸ਼ਬਦ ਇਸ ਦੇ ਸਿੱਕੇ ਤੇ ਨੋਟ ਹਨ ਜਿਨ੍ਹਾਂ ਨੂੰ ਅਸੀਂ ਰੋਜ਼ਾਨਾ ਜ਼ਿੰਦਗੀ ਦੀ ਮੰਡੀ ਵਿੱਚ ਚਲਾਉਂਦੇ ਹਾਂ। ਬੋਲੀ ਤੋਂ ਬਿਨਾਂ ਇਹ ਦੌਲਤ ਵਰਤੀ ਹੀ ਨਹੀਂ ਜਾ ਸਕਦੀ। ਇਸ ਪ੍ਰਕਾਰ ਸਾਡੀ ਰੋਜ਼ਾਨਾ ਜ਼ਿੰਦਗੀ ਵਿੱਚ ਤਜਰਬਾ ਤੇ ਅਕਲ ਦੋਵੇਂ ਬੋਲੀ ਦੇ ਰਾਹੀਂ ਹੀ ਵਰਤੋਂ ਵਿੱਚ ਆਉਂਦੇ ਹਨ।

**ਪ੍ਰਸ਼ਨ-1●) ਵੱਡਿਆਂ ਨੂੰ ਬੱਚਿਆਂ ਦੀ ਬੋਲੀ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ, ਕਿਉਂ?**

ਉੱਤਰ- ਵੱਡਿਆਂ ਨੂੰ ਬੱਚਿਆਂ ਦੀ ਬੋਲੀ ਵੱਲ ਵਿਸ਼ੇਸ਼ ਧਿਆਨ ਇਸ ਕਰਕੇ ਦੇਣਾ ਚਾਹੀਦਾ ਹੈ ਕਿਉਂਕਿ ਬਚਪਨ ਵਿੱਚ ਉਹਨਾਂ ਦੇ ਮਨ ਉੱਤੇ ਚਿਤਰੇ ਲਫ਼ਜ਼ ਉਹਨਾਂ ਨੂੰ ਕਦੇ ਭੁੱਲਦੇ ਨਹੀਂ ਤੇ ਇਹ ਸਾਰੀ ਉਮਰ ਉਹਨਾਂ ਲਈ ਮੋਹਰਾਂ ਵਾਂਗ ਕੰਮ ਆਉਂਦੇ ਹਨ। ਇਸ ਕਰਕੇ ਉਹਨਾਂ ਦੀ ਬੋਲੀ ਵਿੱਚ ਸ਼ਬਦਾਂ ਨਾਲ਼ ਲਗਾਤਾਰ ਵਾਧਾ ਕਰਦੇ ਰਹਿਣਾ ਚਾਹੀਦਾ ਹੈ। ਜਿਹੜੇ ਵੱਡੇ ਅਜਿਹਾ ਨਹੀਂ ਕਰਦੇ ਤੇ ਬੱਚਿਆਂ ਨੂੰ ਜਿਵੇਂ ਪਲ਼ਦੇ-ਰੁਲ਼ਦੇ ਰਹਿਣ ਦਿੰਦੇ ਹਨ, ਉਹਨਾਂ ਦੀ ਆਪਣੀ ਦੁਨੀਆ ਵੀ ਦਿਨੋ-ਦਿਨ ਕੰਗਾਲ ਹੁੰਦੀ ਜਾਂਦੀ ਹੈ।

**ਪ੍ਰਸ਼ਨ-11) ਬਚਪਨ ਵਿੱਚ ਬੋਲੀ ਦਾ ਖ਼ਜ਼ਾਨਾ ਸਾਨੂੰ ਕਿਵੇਂ ਅਮੀਰ ਬਣਾ ਸਕਦਾ ਹੈ?**

ਉੱਤਰ- ਬੋਲੀ ਦਾ ਖ਼ਜ਼ਾਨਾ ਬਚਪਨ ਦੇ ਚੁਗਿਰਦੇ ਤੋਂ ਹੀ ਜੁੜਨਾ ਸ਼ੁਰੂ ਹੋ ਜਾਂਦਾ ਹੈ। ਬਚਪਨ ਵਿੱਚ ਮਨ ਉੱਤੇ ਚਿਤਰੇ ਲਫ਼ਜ਼ ਸਾਨੂੰ ਭੁੱਲਦੇ ਨਹੀਂ ਤੇ ਮੋਹਰਾਂ ਦਾ ਕੰਮ ਦਿੰਦੇ ਹਨ। ਅਸੀਂ ਇੱਕ-ਇੱਕ ਮੋਹਰ ਨੂੰ ਅਨੇਕਾਂ ਸਿੱਕਿਆਂ ਵਿੱਚ ਵਟਾਉਂਦੇ ਹਾਂ ਤੇ ਸਾਡੇ ਖ਼ਜ਼ਾਨੇ ਦੀਆਂ ਪੇਟੀਆਂ ਛਣਕਣ ਲੱਗ ਪੈਂਦੀਆਂ ਹਨ। ਵੱਡਿਆਂ ਨੂੰ ਬੱਚਿਆਂ ਦੀ ਇਸ ਅਮੀਰੀ ਵਿੱਚ ਵਾਧਾ ਕਰਨ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਬਚਪਨ ਵਿੱਚ ਹੀ ਬੋਲੀ ਦਾ ਖ਼ਜ਼ਾਨਾ ਸਾਨੂੰ ਅਮੀਰ ਬਣਾ ਸਕਦਾ ਹੈ ਜਿਸ ਵਿੱਚ

ਪਈਆਂ ਲਫ਼ਜ਼ਾਂ ਰੂਪੀ ਮੋਹਰਾਂ ਨੂੰ ਭੁਨਾ-ਭੁਨਾ ਕੇ ਅਸੀਂ ਸਾਰਾ ਜੀਵਨ ਗੁਜ਼ਾਰਨਾ ਹੁੰਦਾ ਹੈ। ਚੰਗੇ ਘੜੇ ਹੋਏ ਸ਼ਬਦ ਚਾਲੂ ਸਿੱਕੇ ਵਾਂਗ ਸਾਡੀਆਂ ਸਭ ਫ਼ੌਰੀ ਲੋੜਾਂ ਪੂਰੀਆਂ ਕਰਦੇ ਹਨ।

**ਪ੍ਰਾਰਥਨਾ**

**ਪ੍ਰਸ਼ਨ-12) ਅਰਦਾਸ ਕਦੋਂ ਅਤੇ ਕਿਉਂ ਕੀਤੀ ਜਾਂਦੀ ਹੈ?**

ਉੱਤਰ- ਬੰਦੇ ਲਈ ਅਰਦਾਸ ਇੱਕ ਜ਼ਰੂਰੀ ਵਸਤੂ ਹੈ। ਜ਼ਿੰਦਗੀ ਵਿੱਚ ਕਈ ਮੌਕੇ ਅਜਿਹੇ ਆਉਂਦੇ ਹਨ ਜਦੋਂ ਵੱਡੇ ਤੋਂ ਵੱਡੇ ਰਾਠ ਆਦਮੀ ਲਈ ਵੀ ਅਰਦਾਸ ਤੋਂ ਬਿਨਾਂ ਕੋਈ ਰਾਹ ਨਹੀਂ ਰਹਿ ਜਾਂਦਾ। ਅਰਦਾਸ ਜ਼ਿੰਦਗੀ ਵਿੱਚ ਹਰ ਸੰਸਾਰਿਕ ਮੌਕੇ ਉੱਪਰ ਜਨਮ ਅਤੇ ਮਰਨ ਵੇਲ਼ੇ, ਵਿਆਹ ਵੇਲ਼ੇ, ਰੋਗ ਵੇਲ਼ੇ, ਮੁਸ਼ਕਲ ਸਮੇਂ ਕਾਰਜ ਦੀ ਸਿੱਧੀ ਲਈ ਕੀਤੀ ਜਾਂਦੀ ਹੈ, ਇਸ ਨਾਲ਼ ਮਨੁੱਖ ਚੜ੍ਹਦੀ ਕਲਾ ਵਿੱਚ ਰਹਿੰਦਾ ਹੈ।

**ਪ੍ਰਸ਼ਨ-13) ਮਹਾਰਾਜਾ ਰਣਜੀਤ ਸਿੰਘ ਨੇ ਕੈਦੀ ਦੀ ਸਜ਼ਾ ਮਾਫ਼ ਕਿਉਂ ਕਰ ਦਿੱਤੀ?**

ਉੱਤਰ- ਮਹਾਰਾਜਾ ਰਣਜੀਤ ਸਿੰਘ ਨੇ ਵਾਹਿਗੁਰੂ ਦਾ ਇਸ ਗੱਲੋਂ ਸ਼ੁਕਰਾਨਾ ਕਰਨ ਲਈ ਕਿ ਉਸ ਨੇ ਉਹਨਾਂ ਦੀ ਅਰਦਾਸ ਸੁਣ ਕੇ ਉਹਨਾਂ ਨੂੰ ਸਿਹਤ ਬਖ਼ਸ਼ੀ ਹੈ, ਰਾਜਾ ਧਿਆਨ ਸਿੰਘ ਦੀ ਸਲਾਹ ਮੰਨ ਕੇ ਕੈਦੀ ਦੀ ਸਜ਼ਾ ਮਾਫ਼ ਕਰ ਦਿੱਤੀ।

**ਪ੍ਰਸ਼ਨ-14) ਪ੍ਰਸਿੱਧ ਲੇਖਕ ਔਸਕਰ ਵਾਇਲਡ ਦੇ ਅਰਦਾਸ ਬਾਰੇ ਕੀ ਵਿਚਾਰ ਹਨ?**

ਉੱਤਰ- ਔਸਕਰ ਵਾਇਲਡ ਦਾ ਵਿਚਾਰ ਹੈ ਕਿ 'ਅਰਦਾਸ ਦਾ ਉੱਤਰ ਮਿਲ਼ਨਾ ਹੀ ਨਹੀਂ ਚਾਹੀਦਾ। ਅਰਦਾਸ ਦਾ ਉੱਤਰ ਮਿਲ਼ੇ ਤਾਂ ਉਹ ਅਰਦਾਸ ਨਹੀਂ ਰਹਿੰਦੀ ਸਗੋਂ ਉਹ ਖ਼ਤੋ-ਖਿਤਾਬਤ ਦਾ ਸਿਲਸਿਲਾ ਬਣ ਜਾਂਦੀ ਹੈ।

**ਬਾਬਾ ਰਾਮ ਸਿੰਘ ਕੂਕਾ**

**ਪ੍ਰਸ਼ਨ-15) ਬਾਬਾ ਬਾਲਕ ਸਿੰਘ ਦਾ ਬਾਬਾ ਰਾਮ ਸਿੰਘ ਨੇ ਕਿਹੜਾ-ਕਿਹੜਾ ਪ੍ਰਭਾਵ ਕਬੂਲਿਆ?**

ਉੱਤਰ- ਬਾਬਾ ਬਾਲਕ ਸਿੰਘ ਬੜੀ ਉੱਚੀ ਅਵਸਥਾ ਦੇ ਮਾਲਕ ਸਨ। ਆਪ ਹਿੰਦੂ, ਮੁਸਲਮਾਨ ਤੇ ਸਿੱਖ ਸਭ ਨੂੰ ਸ਼ੁੱਧ ਆਚਰਨ, ਧਰਮ ਦੀ ਕਿਰਤ-ਕਮਾਈ, ਈਸ਼ਵਰ, ਅੱਲਾ ਤੇ ਵਾਹਿਗੁਰੂ ਦੇ ਸਿਮਰਨ ਦਾ ਉਪਦੇਸ਼ ਦਿੰਦੇ ਸਨ। ਬਾਬਾ ਰਾਮ ਸਿੰਘ ਉੱਤੇ ਬਾਬਾ ਜੀ ਦੇ ਇਹਨਾਂ ਉਪਦੇਸ਼ਾਂ ਦਾ ਬੜਾ ਅਸਰ ਪਿਆ।

**ਪ੍ਰਸ਼ਨ-16) ਬਾਬਾ ਰਾਮ ਸਿੰਘ ਜੀ ਨੂੰ 'ਬਾਬਾ' ਕਿਉਂ ਕਿਹਾ ਜਾਂਦਾ ਹੈ?**

ਉੱਤਰ- ਬਾਬਾ ਰਾਮ ਸਿੰਘ ਜੀ ਨੂੰ 'ਬਾਬਾ' ਇਸ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਪੰਜਾਬ ਵਿੱਚ ਉੱਚੀ ਆਤਮਿਕ ਅਵਸਥਾ ਵਾਲ਼ੇ ਮਹਾਪੁਰਖਾਂ ਲਈ ਇਸ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ ਜੋਕਿ ਉਹਨਾਂ ਦੇ ਸਨਮਾਨ ਦਾ ਸੂਚਕ ਹੈ।

**ਪ੍ਰਸ਼ਨ-17) ਬਾਬਾ ਰਾਮ ਸਿੰਘ ਜੀ ਨੇ ਇਸਤਰੀ ਜਾਤੀ ਦੀ ਭਲਾਈ ਲਈ ਕੀ-ਕੀ ਉਪਦੇਸ਼ ਦਿੱਤੇ?**

ਉੱਤਰ- ਬਾਬਾ ਰਾਮ ਸਿੰਘ ਜੀ ਨੇ ਕੁੜੀਆਂ ਤੇ ਇਸਤਰੀਆਂ ਦੀ ਭਲਾਈ ਲਈ ਕੁੜੀਆਂ ਮਾਰਨ ਵਿਰੁੱਧ ਅਵਾਜ਼ ਉਠਾਉਂਦਿਆਂ ਉਹਨਾਂ ਨੂੰ ਮੁੰਡਿਆਂ ਵਾਂਗ ਹੀ ਪਾਲਣ-ਪੋਸਣ, ਪੜ੍ਹਾਉਣ ਤੇ ਵਿਆਹੁਣ ਉੱਤੇ ਜ਼ੋਰ ਦਿੱਤਾ। ਲੇਖਕ ਅਨੁਸਾਰ ਉਹਨਾਂ ਦਾ ਇਹ ਕੰਮ ਹੀ ਉਹਨਾਂ ਨੂੰ ਸੰਸਾਰ ਦੇ ਸ਼੍ਰੋਮਣੀ ਸੁਧਾਰਕਾਂ ਦੀ ਸਫ਼ ਵਿੱਚ ਖੜ੍ਹਾ ਕਰ ਦਿੰਦਾ ਹੈ।

**ਮਹਾਂਕਵੀ ਕਾਲੀਦਾਸ**

**ਪ੍ਰਸ਼ਨ-18) ਕਾਲੀਦਾਸ ਕੌਣ ਸੀ? ਉਸ ਨੂੰ ਇੰਨੀ ਪ੍ਰਸਿੱਧੀ ਕਿਉਂ ਮਿਲ਼ੀ?**

ਉੱਤਰ- ਕਾਲੀਦਾਸ ਦਾ ਜਨਮ, ਥਾਂ ਟਿਕਾਣੇ ਤੇ ਜੀਵਨ ਦੀਆਂ ਹੋਰਨਾਂ ਘਟਨਾਵਾਂ ਬਾਰੇ ਸਾਨੂੰ ਕੁਝ ਵੀ ਪਤਾ ਨਹੀਂ। ਖੋਜੀਆਂ ਦੇ ਅਨੁਮਾਨ ਅਨੁਸਾਰ ਉਹ ਈਸਾ ਤੋਂ 56 ਸਾਲ ਪਹਿਲਾਂ ਹੋਏ ਬਾਦਸ਼ਾਹ ਬਿਕ੍ਰਮਾਜੀਤ ਦੇ ਨੌਂ ਦਰਬਾਰੀ ਰਤਨਾਂ ਵਿੱਚੋਂ ਇੱਕ ਸੀ।

**ਪ੍ਰਸ਼ਨ-19) ਬਿਕ੍ਰਮੀ ਸੰਮਤ ਕਦੋਂ ਅਤੇ ਕਿਹੜੇ ਬਾਦਸ਼ਾਹ ਦੇ ਨਾਂ ਤੋਂ ਸ਼ੁਰੂ ਹੋਇਆ?**

ਉੱਤਰ- ਬਿਕ੍ਰਮੀ ਸੰਮਤ ਪਹਿਲੀ ਸਦੀ ਈ: ਤੋਂ 56 ਸਾਲ ਪਹਿਲਾਂ ਹੋਏ ਉਜੈਨ ਦੇ ਬਾਦਸ਼ਾਹ ਬ੍ਰਿਕਮਾਜੀਤ ਦੇ ਨਾਂ ਤੋਂ ਸ਼ੁਰੂ ਹੋਇਆ।

**ਪ੍ਰਸ਼ਨ-2●) ਕਾਲੀਦਾਸ ਨੂੰ ਹਰ ਪ੍ਰਾਂਤ ਦੇ ਤੇ ਹਰ ਜਾਤੀ ਦੇ ਲੋਕ ਆਪਣਾ ਕਿਉਂ ਦੱਸਦੇ ਸਨ?**

ਉੱਤਰ- ਕਾਲੀਦਾਸ ਨੂੰ ਹਰ ਪ੍ਰਾਂਤ ਤੇ ਹਰ ਜਾਤੀ ਦੇ ਲੋਕ ਆਪਣਾ ਇਸ ਕਰਕੇ ਦੱਸਦੇ ਹਨ ਕਿਉਂਕਿ ਉਹ ਆਪਣੀ ਕਾਵਿ-ਸੁੰਦਰਤਾ ਕਰਕੇ ਸਭ ਨੂੰ ਪਿਆਰਾ ਲੱਗਦਾ ਹੈ ਤੇ ਹਰ ਕੋਈ ਉਸ ਨੂੰ ਆਪਣਾ ਬਣਾਉਣਾ ਚਾਹੁੰਦਾ ਹੈ।

**ਪ੍ਰਸ਼ਨ-21) ਸ਼ਕੁੰਤਲਾ ਕੌਣ ਸੀ? ਉਸ ਦਾ ਦੁਸ਼ਯੰਤ ਨਾਲ਼ ਦੁਬਾਰਾ ਮਿਲ਼ਾਪ ਕਿਵੇਂ ਹੋਇਆ?**

ਉੱਤਰ- ਸ਼ਕੰਤਲਾ ਬਣ ਵਿੱਚ ਰਹਿੰਦੇ ਰਿਸ਼ੀਆਂ ਦੀ ਧੀ ਸੀ। ਉਸ ਦਾ ਸ਼ਹਿਜ਼ਾਦੇ ਦੁਸ਼ਯੰਤ ਨਾਲ਼ ਮਿਲ਼ਾਪ ਹੁੰਦਾ ਹੈ, ਪਰ ਦੁਰਭਾਸ਼ਾ ਰਿਸ਼ੀ ਦੇ ਸਰਾਪ ਕਾਰਨ ਉਸ ਤੋਂ ਦੁਸ਼ਯੰਤ ਵੱਲੋਂ ਪ੍ਰੀਤ-ਨਿਸ਼ਾਨੀ ਵਜੋਂ ਦਿੱਤੀ ਮੁੰਦਰੀ ਗੁਆਚ ਜਾਂਦੀ ਹੈ ਤੇ ਦੁਸ਼ਯੰਤ ਉਸ ਨੂੰ ਭੁੱਲ ਜਾਂਦਾ ਹੈ।

**ਮੇਰੇ ਵੱਡੇ-ਵਡੇਰੇ**

**ਪ੍ਰਸ਼ਨ-22) ਛਾਪੇ ਪਿੰਡ ਵਾਲ਼ਿਆਂ ਨੇ ਲੇਖਕ ਦੇ ਵਡੇਰਿਆਂ ਤੋਂ ਨਾਤਾ ਕਿਉਂ ਤੋੜ ਲਿਆ?**

ਉੱਤਰ- ਲੇਖਕ ਦੇ ਵਡੇਰੇ ਚਾਰ ਭਰਾਵਾਂ ਨੇ ਛਾਪੇ ਪਿੰਡ ਵਿਆਹ ਉੱਤੇ ਜਾ ਕੇ ਘਰ ਵਾਲ਼ਿਆਂ ਦੁਆਰਾ ਮੇਲ਼-ਗੇਲ਼ ਲਈ ਬਣਾਏ ਕੜਾਹ-ਪ੍ਰਸ਼ਾਦ ਦੇ ਪੂਰੇ ਕੜਾਹੇ ਨੂੰ ਚੱਟਮ ਕਰ ਲਿਆ ਜਿਸ ਕਰਕੇ ਘਰ ਵਾਲ਼ੇ ਨਰਾਜ਼ ਹੋ ਗਏ ਤੇ ਉਹਨਾਂ ਨਾਲ਼ੋਂ ਨਾਤਾ ਤੋੜ ਲਿਆ।

**ਪ੍ਰਸ਼ਨ-23) ਲੋਕ ਭਲਵਾਨਾਂ ਦਾ ਕਿਵੇਂ ਸਤਿਕਾਰ ਕਰਦੇ ਸਨ?**

ਉੱਤਰ- ਲੋਕ ਭਲਵਾਨਾਂ ਦੇ ਸੁਾਗਤ ਲਈ ਉਹਨਾਂ ਨੂੰ ਘਿਓ ਇਕੱਠਾ ਕਰਕੇ ਦਿੰਦੇ ਸਨ ਅਤੇ ਗੁੜ ਤੇ ਕੱਪੜਿਆਂ ਦੇ ਥਾਨਾਂ ਦੀਆਂ ਪੰਡਾਂ ਬੰਨ੍ਹ ਦਿੰਦੇ ਸਨ। ਨਕਦੀ ਵੀ ਪੀਰਾਂ-ਫ਼ਕੀਰਾਂ ਵਾਂਗ ਚੜ੍ਹਾਈ ਜਾਂਦੀ ਸੀ।

**ਪ੍ਰਸ਼ਨ-24) ਪੁਰਾਣੇ ਸਮੇਂ ਵਿੱਚ ਭਲਵਾਨ ਕਿਵੇਂ ਪਿੰਡਾਂ ਉੱਤੇ ਫ਼ਤਿਹ ਪ੍ਰਾਪਤ ਕਰਦੇ ਸਨ?**

ਉੱਤਰ- ਪੁਰਾਣੇ ਸਮੇਂ ਵਿੱਚ ਭਲਵਾਨ ਢੋਲ ਵਾਲ਼ੇ ਨੂੰ ਨਾਲ਼ ਲੈ ਕੇ ਦਿਗ ਵਿਜੈ ਦਾ ਝੰਡਾ ਫੜ ਕੇ ਚੜ੍ਹਦੇ ਸਨ। ਉਹ ਇੱਕ ਪਿੰਡ ਨੂੰ ਫ਼ਤਿਹ ਕਰਦੇ ਤੇ ਅਗਲੇ ਪਿੰਡ ਉੱਤੇ ਚੜ੍ਹਾਈ ਕਰ ਦਿੰਦੇ। ਉਹਨਾਂ ਦੇ ਨਾਲ਼ ਮੁੰਡੀਰ੍ਹ ਤੇ ਕਈ ਪੱਠੇ ਚਾਂਭਲ਼ੇ ਹੁੰਦੇ। ਜਿਸ ਪਿੰਡ ਉਹ ਪੁੱਜਦੇ, ਉੱਥੋਂ ਦੇ ਲੋਕਾਂ ਲਈ ਉਹਨਾਂ ਦਾ ਸੁਾਗਤ ਕਰਨਾ ਜ਼ਰੂਰੀ ਹੁੰਦਾ।

**ਪ੍ਰਸ਼ਨ-25) ਬਾਬੇ ਪੁਨੂੰ ਤੇ ਭਲਵਾਨ ਵਿਚਕਾਰ ਹੋਈ ਕੁਸ਼ਤੀ ਦਾ ਵਰਨਣ ਕਰੋ?**

ਉੱਤਰ- ਬਾਬੇ ਪੂਨੂੰ ਨੇ ਅਰੰਭਿਕ ਹੱਥ ਕਰਨ ਮਗਰੋਂ ਪਹਿਲਵਾਨ ਦੀ ਠੋਡੀ ਹੇਠਾਂ ਕੂਹਣੀ ਦਾ ਹੋੜਾ ਦੇ ਕੇ ਮਗਰੋਂ ਗਰਦਨ ਵੱਲੋਂ ਵਲ਼ੇਵੇਂ ਨਾਲ਼ ਉਸ ਨੂੰ ਬਾਂਹਾਂ ਉੱਪਰ ਅਜਿਹਾ ਚੁੱਕਿਆ ਕਿ ਸਾਰਾ ਭਾਰ ਠੋਡੀ ਤੇ ਗਰਦਨ ਉੱਤੇ ਆ ਜਾਣ ਨਾਲ਼ ਉਸ ਦੇ ਆਨੇ ਬਾਹਰ ਆ ਗਏ। ਉਸ ਨੇ ਇਸ਼ਾਰਿਆਂ ਨਾਲ਼ ਜਾਨ ਬਖ਼ਸ਼ਣ ਦਾ ਵਾਸਤਾ ਪਾ ਕੇ ਖਹਿੜਾ ਛੁਡਾਇਆ।

## ਤੁਰਨ ਦਾ ਹੁਨਰ

**ਪ੍ਰਸ਼ਨ-26) ਲੇਖਕ ਅਨੁਸਾਰ ਕਿਹੜਾ ਆਦਮੀ ਲੰਮੇ ਪੈਂਡੇ ਤੁਰਨ ਦਾ ਸਾਹਸ ਕਰ ਸਕਦਾ ਹੈ?**

ਉੱਤਰ- ਲੇਖਕ ਅਨੁਸਾਰ ਕੇਵਲ ਸਬਰ-ਸੰਤੋਖ ਵਾਲ਼ਾ ਆਦਮੀ ਹੀ ਲੰਮੇ ਪੈਂਡੇ ਮਾਰ ਸਕਦਾ ਹੈ।

**ਪ੍ਰਸ਼ਨ-27) 'ਅਮੀਰ ਘਰਾਂ ਵਿੱਚ ਜੇ ਕਿਸੇ ਦੀ, ਸਿਹਤ ਠੀਕ ਹੁੰਦੀ ਹੈ ਤਾਂ ਨੌਕਰਾਂ ਦੀ ਹੀ ਹੁੰਦੀ ਹੈ?' ਇਸ ਕਥਨ ਦੀ ਵਿਆਖਿਆ ਕਰੋ।**

ਉੱਤਰ- ਅਮੀਰ ਘਰਾਂ ਵਿੱਚ ਜੇਕਰ ਕਿਸੇ ਦੀ, ਸਿਹਤ ਠੀਕ ਹੁੰਦੀ ਹੈ ਤਾਂ ਉਹ ਕੇਵਲ ਨੌਕਰਾਂ ਦੀ ਹੁੰਦੀ ਹੈ। ਘਰ ਦੇ ਜੀਆਂ ਦੀ ਨਹੀਂ ਕਿਉਂਕਿ ਨੌਕਰਾਂ ਨੂੰ ਤੁਰ-ਤੁਰ ਕੇ ਸਾਰੇ ਕੰਮ ਕਰਨੇ ਪੈਂਦੇ ਹਨ।

**ਪ੍ਰਸ਼ਨ-28) ਪੈਦਲ ਤੁਰਨਾ ਮਨੁੱਖੀ ਸਰੀਰ ਲਈ ਕਿਵੇਂ ਲਾਭਦਾਇਕ ਹੈ?**

ਉੱਤਰ- ਤੁਰਨ ਨਾਲ਼ ਮਨੁੱਖ ਨੂੰ ਸਰੀਰਿਕ ਤੌਰ 'ਤੇ ਸਿਹਤ, ਸੁੰਦਰਤਾ ਤੇ ਖ਼ੁਸ਼ੀ ਆਦਿ ਗੁਣ ਪ੍ਰਾਪਤ ਹੁੰਦੇ ਹਨ। ਨੈਤਿਕ ਤੌਰ 'ਤੇ ਮਨੁੱਖ ਨੂੰ ਸਬਰ, ਸੰਤੋਖ, ਧੀਰਜ, ਗੰਭੀਰਤਾ, ਸਲੀਕਾ ਆਦਿ ਗੁਣ ਪ੍ਰਾਪਤ ਹੁੰਦੇ ਹਨ।

**ਪ੍ਰਸ਼ਨ-29) ਪੈਦਲ ਤੁਰਨ ਸੰਬੰਧੀ ਯੂਨਾਨੀ ਫ਼ਿਲਾਸਫ਼ਰ ਦੇ ਕੀ ਵਿਚਾਰ ਹਨ?**

ਉੱਤਰ- ਪੈਦਲ ਤੁਰਨ ਬਾਰੇ ਇੱਕ ਯੂਨਾਨੀ ਫ਼ਿਲਾਸਫ਼ਰ ਕਹਿੰਦਾ ਹੈ, "ਵੇਖਣ ਚੱਲਿਆਂ ਹਾਂ ਕਿ ਦੁਨੀਆਂ ਕੋਲ਼ ਮੈਨੂੰ ਸਿਖਾਉਣ ਲਈ ਕੀ ਹੈ ਅਤੇ ਮੇਰੇ ਕੋਲ਼ ਦੁਨੀਆਂ ਨੂੰ ਸਿਖਾਉਣ ਲਈ ਕੀ ਹੈ?"

**ਪ੍ਰਸ਼ਨ-3●) ਮਨੁੱਖ ਦੀਆਂ ਸਰੀਰਿਕ ਸਮੱਸਿਆਵਾਂ ਕਿਉਂ ਵਧ ਗਈਆਂ ਹਨ ਅਤੇ ਇਹਨਾਂ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ?**

ਉੱਤਰ- ਅੱਜ ਦਾ ਮਨੁੱਖ ਕਾਰਾਂ, ਗੱਡੀਆਂ ਅਤੇ ਬੱਸਾਂ ਉੱਤੇ ਸਵਾਰ ਹੋ ਗਿਆ ਹੈ ਅਤੇ ਤੁਰਨ ਦੇ ਜਿਹੜੇ ਕੁਝ ਮੌਕੇ ਮਿਲ਼ਦੇ ਹਨ, ਉਹ ਉਹਨਾਂ ਦਾ ਵੀ ਲਾਭ ਨਹੀਂ ਉਠਾਉਂਦਾ। ਇਸ ਕਰਕੇ ਮਨੁੱਖ ਦੀਆਂ ਸਰੀਰਿਕ ਸਮੱਸਿਆਵਾਂ ਵਧ ਗਈਆਂ ਹਨ। ਇਹਨਾਂ ਦਾ ਹੱਲ ਕੇਵਲ ਤੁਰਨਾ ਹੈ। ਜੇਕਰ ਉਸ ਨੂੰ ਭੁੱਖ ਨਹੀਂ ਲੱਗਦੀ ਜਾਂ ਦਿਲ ਉਦਾਸ ਹੈ ਤਾਂ ਉਸ ਨੂੰ ਤੁਰਨਾ ਚਾਹੀਦਾ ਹੈ। ਤੁਰਨ ਨਾਲ਼ ਪੰਜਾਂ ਮਿੰਟਾਂ ਵਿੱਚ ਸਰੀਰ ਵਿੱਚ ਤਬਦੀਲੀ ਮਹਿਸੂਸ ਹੋਣ ਲੱਗਦੀ ਹੈ।

**ਜਮਾਤ–ਦਸਵੀਂ**

**ਪੰਜਾਬੀ – ਬੀ**

**15×2 =30 ਅੰਕ**

**ਲੜੀ ਨੰ: 1. ਪ੍ਰਸ਼ਨ –ਪੱਤਰ ਅਨੁਸਾਰ ਪ੍ਰਸ਼ਨ 1 ਤੋਂ 4 ਉੱਤੇ ਆਧਾਰਿਤ ਪ੍ਰਸ਼ਨ**

**ਵਸਤੂਨਿਸ਼ਠ–ਪ੍ਰਸ਼ਨ**

1. ਮੂੰਹ ਵਿੱਚੋਂ ਨਿਕਲ਼ਨ ਵਾਲ਼ੀਆਂ ਆਵਾਜ਼ਾਂ ਜਿਨ੍ਹਾਂ ਰਾਹੀਂ ਮਨੁੱਖ ਆਪਣੇ ਮਨੋਭਾਵ ਪ੍ਰਗਟਾਉਂਦਾ ਹੈ, ਨੂੰ ਕੀ ਕਹਿੰਦੇ ਹਨ?

   (ੳ) ਬੋਲੀ (ਅ) ਪੜਨਾਂਵ (ੲ) ਨਾਂਵ (ਸ) ਵਿਸ਼ੇਸ਼ਣ

ਉੱਤਰ : (ੳ) ਬੋਲੀ

2. ਬੋਲੀ ਕਿੰਨੇ ਪ੍ਰਕਾਰ ਦੀ ਹੁੰਦੀ ਹੈ?

   (ੳ) 2 (ਅ) 4 (ੲ) 6 (ਸ) 5

ਉੱਤਰ : (ੳ) 2

3. ਸਾਡੇ ਸੰਵਿਧਾਨ ਵਿੱਚ ਕਿੰਨੀਆਂ ਭਾਸ਼ਾਵਾਂ ਪ੍ਰਵਾਨਿਤ ਹਨ?

   (ੳ) 22 (ਅ) 12 (ੲ) 2● (ਸ) 21

ਉੱਤਰ : (ੳ) 22

4. ਜਿਹੜੀ ਬੋਲੀ ਬੱਚਾ ਜਨਮ ਤੋਂ ਹੀ ਮਾਂ ਕੋਲ਼ੋਂ ਸਿੱਖਦਾ ਹੈ, ਉਸ ਨੂੰ ਕੀ ਕਹਿੰਦੇ ਹਨ?

   (ੳ) ਮਾਂ–ਬੋਲੀ (ਅ) ਵਿਦੇਸ਼ੀ ਬੋਲੀ (ੲ) ਪਰਾਈ ਬੋਲੀ

ਉੱਤਰ : (ੳ) ਮਾਂ–ਬੋਲੀ

5. ਪੰਜਾਬੀ ਬੋਲੀ ਨੂੰ ਕਿੰਨੇ ਲੋਕ ਬੋਲਦੇ ਹਨ?

   (ੳ) 6 ਕਰੋੜ (ਅ) 11 ਕਰੋੜ (ੲ) 5 ਕਰੋੜ (ਸ) 1● ਕਰੋੜ

ਉੱਤਰ : (ਅ) 11 ਕਰੋੜ

6. ਅਜਿਹੀ ਵਿੱਦਿਆ ਜਿਸ ਵਿੱਚ ਭਾਸ਼ਾ ਦੇ ਨਿਯਮਾਂ ਦਾ ਅਧਿਐਨ ਕੀਤਾ ਜਾਂਦਾ ਹੈ, ਨੂੰ ਕੀ ਕਹਿੰਦੇ ਹਨ?

   (ੳ) ਵਿਆਕਰਨ (ਅ) ਪੜਨਾਂਵ (ੲ) ਨਾਂਵ (ਸ) ਵਚਨ

ਉੱਤਰ : (ੳ) ਵਿਆਕਰਨ

7. ਕਿਸੇ ਭਾਸ਼ਾ-ਖੇਤਰ ਦੀ ਇਲਾਕਾਈ ਬੋਲੀ ਨੂੰ ਕੀ ਕਹਿੰਦੇ ਹਨ?

(ੳ) ਲਿਪੀ (ਅ) ਬੋਲੀ (ੲ) ਉਪਬੋਲੀ (ਸ) ਟਕਸਾਲੀ ਬੋਲੀ

ਉੱਤਰ : (ੲ) ਉਪਬੋਲੀ

8. ਮਾਝੀ ਉਪਬੋਲੀ ਕਿਹੜੇ ਇਲਾਕੇ ਵਿੱਚ ਬੋਲੀ ਜਾਂਦੀ ਹੈ?

(ੳ) ਦੁਆਬਾ (ਅ) ਪੁਆਧ (ੲ) ਮਾਝਾ (ਸ) ਮਾਲਵਾ

ਉੱਤਰ : (ੲ) ਮਾਝਾ

9. ਹੇਠਾਂ ਦਿੱਤੇ ਸ਼ਬਦਾਂ ਵਿੱਚੋਂ 'ਵਿਸ਼ਰਾਮ' ਦਾ ਵਿਆਕਰਨਿਕ ਅਰਥ ਦੱਸੋ?

(ੳ) ਚੱਲਣਾ (ਅ) ਠਹਿਰਾਅ (ੲ) ਸੌਣਾ (ਸ) ਪ੍ਰਗਟਾਉਣਾ

ਉੱਤਰ : (ਅ) ਠਹਿਰਾਅ

1●. ਵਿਸਰਾਮ ਚਿੰਨ੍ਹ ( !) ਨੂੰ ਕੀ ਕਹਿੰਦੇ ਹਨ?

(ੳ) ਡੰਡੀ (ਅ) ਕਾਮਾ (ੲ) ਵਿਸਮਿਕ ਚਿੰਨ੍ਹ (ਸ) ਪ੍ਰਸ਼ਨਵਾਚਕ

ਉੱਤਰ : (ੲ) ਵਿਸਮਿਕ ਚਿੰਨ੍ਹ

11. ਪ੍ਰਸ਼ਨਵਾਚਕ ਵਾਕ ਦੇ ਅੰਤ ਵਿੱਚ ਕਿਹੜਾ ਚਿੰਨ੍ਹ ਆਉਂਦਾ ਹੈ?

(ੳ) ! (ਅ) ? (ੲ) । (ਸ) ,

ਉੱਤਰ : (ਅ) ?

12. ਜਦੋਂ ਪ੍ਰਸ਼ਨਵਾਚਕ ਵਾਕ ਅਧੀਨ ਵਾਕ ਹੁੰਦਾ ਹੈ ਤਾਂ ਕਿਹੜਾ ਚਿੰਨ੍ਹ ਆਉਂਦਾ ਹੈ?

(ੳ) ।। (ਅ) ? (ੲ) * (ਸ) ।

ਉੱਤਰ : (ਸ) ।

13. ਪੜਨਾਂਵ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?

(ੳ) 4 (ਅ) 7 (ੲ) 8 (ਸ) 6

ਉੱਤਰ : (ਸ) 6

14. ਪੁਰਖਵਾਚਕ ਪੜਨਾਂਵ ਕਿੰਨੀ ਤਰ੍ਹਾਂ ਦੇ ਹੁੰਦੇ ਹਨ?

(ੳ) 5 (ਅ) 2 (ੲ) 3 (ਸ) 4

ਉੱਤਰ : (ੲ) 3

15. ਜਿਹੜਾ ਸ਼ਬਦ ਨਾਂਵ ਦੀ ਥਾਂ 'ਤੇ ਵਰਤਿਆ ਜਾਂਦਾ ਹੈ, ਉਸ ਨੂੰ ਕੀ ਕਹਿੰਦੇ ਹਨ?

(ੳ) ਕਿਰਿਆ (ਅ) ਪੜਨਾਂਵ (ੲ) ਕਿਰਿਆ-ਵਿਸ਼ੇਸ਼ਣ (ਸ) ਵਿਸ਼ੇਸ਼ਣ

ਉੱਤਰ : (ਅ) ਪੜਨਾਂਵ

16. ਜਿਹੜਾ ਸ਼ਬਦ ਕਿਸੇ ਵਿਅਕਤੀ, ਵਸਤੂ, ਸਥਾਨ ਨੂੰ ਪ੍ਰਗਟ ਕਰੇ, ਉਸ ਨੂੰ ਕੀ ਕਹਿੰਦੇ ਹਨ?

(ੳ) ਕਿਰਿਆ-ਵਿਸ਼ੇਸ਼ਣ (ਅ) ਪੜਨਾਂਵ (ੲ) ਨਾਂਵ (ਸ) ਵਿਸ਼ੇਸ਼ਣ

ਉੱਤਰ : (ੲ) ਨਾਂਵ

17. ਨਾਂਵ ਕਿੰਨੇ ਪ੍ਰਕਾਰ ਦੇ ਹੁੰਦੇ ਹਨ?

(ੳ) 5 (ਅ) 2 (ੲ) 4 (ਸ) 3

ਉੱਤਰ : (ੳ) 5

18. ਹੇਠ ਲਿਖੇ ਸ਼ਬਦਾਂ ਵਿੱਚੋਂ ਉੱਤਮ ਪੁਰਖ ਚੁਣੋ।

(ੳ) ਮੈਂ (ਅ) ਉਹ (ੲ) ਤੁਸੀਂ (ਸ) ਅਹਿ

ਉੱਤਰ : (ੳ) ਮੈਂ

19. ਹੇਠ ਲਿਖੇ ਸ਼ਬਦਾਂ ਵਿੱਚੋਂ ਮੱਧਮ ਪੁਰਖ ਚੁਣੋ।

(ੳ) ਮੈਂ (ਅ) ਉਹ (ੲ) ਤੁਸੀਂ (ਸ) ਅਹੁ

ਉੱਤਰ : (ੲ) ਤੁਸੀਂ

2●. ਹੇਠ ਲਿਖੇ ਸ਼ਬਦਾਂ ਵਿੱਚੋਂ 'ਅਨਯ' ਪੁਰਖ ਚੁਣੋ।

(ੳ) ਮੈਂ (ਅ) ਉਹ (ੲ) ਤੂੰ (ਸ) ਸਾਡਾ

ਉੱਤਰ : (ਅ) ਉਹ

21. ਉਹ ਸ਼ਬਦ ਜੋ ਕਿਵੇ ਨਾਂਵ ਦੇ ਗੁਣ, ਔਗੁਣ ਦੱਸੇ, ਨੂੰ ਕੀ ਕਹਿੰਦੇ ਹਨ?

(ੳ) ਨਾਂਵ (ਅ) ਪੜਨਾਂਵ (ੲ) ਵਿਸ਼ੇਸ਼ਣ (ਸ) ਕਿਰਿਆ

ਉੱਤਰ : (ੲ) ਵਿਸ਼ੇਸ਼ਣ

22. ਜਿਹੜਾ ਪੜਨਾਂਵ ਕਿਸੇ ਪੁਰਖ ਦੀ ਥਾਂ 'ਤੇ ਵਰਤਿਆ ਜਾਵੇ, ਉਸ ਨੂੰ ਕੀ ਕਹਿੰਦੇ ਹਨ?

(ੳ) ਪੁਰਖਵਾਚਕ ਪੜਨਾਂਵ (ਅ) ਸੰਬੰਧਵਾਚਕ ਪੜਨਾਂਵ

(ੲ) ਪ੍ਰਸ਼ਨਵਾਚਕ ਪੜਨਾਂਵ (ਸ) ਨਿੱਜਵਾਚਕ ਪੜਨਾਂਵ

ਉੱਤਰ : (ੳ) ਪੁਰਖਵਾਚਕ ਪੜਨਾਂਵ

23. "ਮੇਰੀ ਚੁੰਨੀ ਦਾ ਰੰਗ ਪੀਲ਼ਾ ਹੈ", ਇਸ ਵਾਕ ਵਿੱਚ ਵਿਸ਼ੇਸ਼ਣ-ਸ਼ਬਦ ਕਿਹੜਾ ਹੈ?

(ੳ) ਮੇਰੀ (ਅ) ਪੀਲ਼ਾ (ੲ) ਰੰਗ (ਸ) ਚੁੰਨੀ

ਉੱਤਰ : (ਅ) ਪੀਲਾ

24. ਸਾਰਥਕ ਸ਼ਬਦਾਂ ਦੇ ਕਿੰਨੇ ਭੇਦ ਹਨ?

(ੳ) 8 (ਅ) 4 (ੲ) 5 (ਸ) 6

ਉੱਤਰ : (ੳ) 8

25. 'ਫੁੱਲ ਬਹੁਤ ਸੋਹਣਾ ਹੈ!' ਇਸ ਵਾਕ ਵਿੱਚ ਵਿਸ਼ੇਸ਼ਣ ਦੀ ਕਿਹੜੀ ਕਿਸਮ ਹੈ?

(ੳ) ਗੁਣਵਾਚਕ ਵਿਸ਼ੇਸ਼ਣ (ਅ) ਪਰਿਮਾਣਵਾਚਕ ਵਿਸ਼ੇਸ਼ਣ

(ੲ) ਸੰਖਿਆਵਾਚਕ ਵਿਸ਼ੇਸ਼ਣ (ਸ) ਪੜਨਾਂਵੀਂ ਵਿਸ਼ੇਸ਼ਣ

ਉੱਤਰ : (ੳ) ਗੁਣਵਾਚਕ ਵਿਸ਼ੇਸ਼ਣ

26. ਜਿਹੜੇ ਸ਼ਬਦ ਕਿਸੇ ਕਾਰਜ ਦੇ ਹੋਣ ਬਾਰੇ ਦੱਸਣ, ਨੂੰ ਕੀ ਕਹਿੰਦੇ ਹਨ?

(ੳ) ਕਿਰਿਆ (ਅ) ਨਾਂਵ (ੲ) ਵਿਸ਼ੇਸ਼ਣ (ਸ) ਪੜਨਾਂਵ

ਉੱਤਰ : (ੳ) ਕਿਰਿਆ

27. ਕਿਰਿਆ-ਸ਼ਬਦਾਂ ਦੀ ਵੰਡ ਕਿੰਨੇ ਢੰਗਾਂ ਨਾਲ਼ ਕੀਤੀ ਜਾ ਸਕਦੀ ਹੈ?

(ੳ) 4 (ਅ) 3 (ੲ) 7 (ਸ) 2

ਉੱਤਰ : (ੳ) 4

28. ਜਿਸ ਵਾਕ ਵਿੱਚ ਕਰਮ ਨਹੀਂ ਹੁੰਦਾ, ਉਸ ਨੂੰ ਕਿਹੜੀ ਕਿਰਿਆ ਕਹਿੰਦੇ ਹਨ?

(ੳ) ਅਕਰਮਕ ਕਿਰਿਆ (ਅ) ਸਕਰਮਕ ਕਿਰਿਆ (ੲ) ਸਧਾਰਨ ਕਿਰਿਆ

(ਸ) ਪ੍ਰੇਰਨਾਰਥਕ ਕਿਰਿਆ

ਉੱਤਰ : (ਅ) ਅਕਰਮਕ ਕਿਰਿਆ

29. ਕਿਰਿਆ ਦੇ ਜਿਸ ਰੂਪ ਤੋਂ ਇਹ ਪਤਾ ਲੱਗੇ ਕਿ ਉਸ ਨੂੰ ਕਰਨ ਵਾਲ਼ਾ ਕਰਤਾ ਆਪ ਹੈ, ਨੂੰ ਕੀ ਕਹਿੰਦੇ ਹਨ?

(ੳ) ਅਕਰਮਕ ਕਿਰਿਆ (ਅ) ਸਕਰਮਕ ਕਿਰਿਆ

(ੲ) ਸਧਾਰਨ ਕਿਰਿਆ (ਸ) ਪ੍ਰੇਰਨਾਰਥਕ ਕਿਰਿਆ

ਉੱਤਰ : (ੲ) ਸਧਾਰਨ ਕਿਰਿਆ

3●. ਜਦੋਂ ਵਾਕ ਵਿੱਚ ਕਿਰਿਆ ਇੱਕ ਸ਼ਬਦ ਦੀ ਹੋਵੇ, ਉਸ ਨੂੰ ਕੀ ਕਹਿੰਦੇ ਹਨ?

(ੳ) ਇਕਹਿਰੀ ਕਿਰਿਆ (ਅ) ਸੰਯੁਕਤ ਕਿਰਿਆ (ੲ) ਮੂਲ ਕਿਰਿਆ (ਸ) ਸਕਰਮਕ ਕਿਰਿਆ

ਉੱਤਰ : (ਅ) ਇਕਹਿਰੀ ਕਿਰਿਆ

31. ਜਦੋਂ ਕੋਈ ਕਿਰਿਆ ਇੱਕ ਤੋਂ ਵੱਧ ਸ਼ਬਦਾਂ ਦੇ ਸੰਯੋਗ ਤੋਂ ਬਣੇ, ਨੂੰ ਕੀ ਕਹਿੰਦੇ ਹਨ?

(ੳ) ਇਕਹਿਰੀ ਕਿਰਿਆ (ਅ) ਸੰਯੁਕਤ ਕਿਰਿਆ (ੲ) ਮੂਲ ਕਿਰਿਆ (ਸ) ਸਕਰਮਕ ਕਿਰਿਆ

ਉੱਤਰ : (ਅ) ਸੰਯੁਕਤ ਕਿਰਿਆ

32. ਜਿਹੜਾ ਸ਼ਬਦ ਕਿਰਿਆ ਦੀ ਵਿਸ਼ੇਸ਼ਤਾ ਦੱਸੇ, ਉਸ ਨੂੰ ਕੀ ਕਹਿੰਦੇ ਹਨ?

(ੳ) ਇਕਹਿਰੀ ਕਿਰਿਆ (ਅ) ਸੰਯੁਕਤ ਕਿਰਿਆ (ੲ) ਕਿਰਿਆ-ਵਿਸ਼ੇਸ਼ਣ (ਸ) ਸਕਰਮਕ ਕਿਰਿਆ

ਉੱਤਰ : (ੲ) ਕਿਰਿਆ-ਵਿਸ਼ੇਸ਼ਣ

33. ਕਿਰਿਆ-ਵਿਸ਼ੇਸ਼ਣ ਕਿੰਨੇ ਪ੍ਰਕਾਰ ਦੇ ਹਨ?

(ੳ) 8 (ਅ) 5 (ੲ) 4 (ਸ) 6

ਉੱਤਰ : (ੳ) 8

34. ਜਿਹੜੇ ਸ਼ਬਦ ਕਿਰਿਆ ਦੇ ਵਾਪਰਨ ਦੇ ਸਮੇਂ ਬਾਰੇ ਦੱਸਣ, ਉਸ ਨੂੰ ਕੀ ਕਹਿੰਦੇ ਹਨ?

(ੳ) ਕਾਲਵਾਚਕ (ਅ) ਸਥਾਨਵਾਚਕ (ੲ) ਪਰਿਮਾਣਵਾਚਕ (ਸ) ਕਾਰਨਵਾਚਕ

ਉੱਤਰ : (ੳ) ਕਾਲਵਾਚਕ

35. ਜਿਹੜੇ ਸ਼ਬਦ ਕਿਰਿਆ ਦੇ ਵਾਪਰਨ ਦੇ ਸਮੇਂ ਬਾਰੇ ਦੱਸਣ, ਉਸ ਨੂੰ ਕੀ ਕਹਿੰਦੇ ਹਨ?

(ੳ) ਕਾਲਵਾਚਕ (ਅ) ਸਥਾਨਵਾਚਕ (ੲ) ਪਰਿਮਾਣਵਾਚਕ (ਸ) ਕਾਰਨਵਾਚਕ

ਉੱਤਰ : (ਅ) ਕਾਲਵਾਚਕ

36. ਜਿਹੜੇ ਸ਼ਬਦ ਕਿਰਿਆ ਦੀ ਮਿਣਤੀ ਜਾਂ ਮਿਕਦਾਰ ਬਾਰੇ ਦੱਸਣ, ਨੂੰ ਕੀ ਕਹਿੰਦੇ ਹਨ?

(ੳ) ਕਾਲਵਾਚਕ (ਅ) ਸਥਾਨਵਾਚਕ (ੲ) ਪਰਿਮਾਣਵਾਚਕ (ਸ) ਕਾਰਨਵਾਚਕ

ਉੱਤਰ : (ੲ) ਪਰਿਮਾਣਵਾਚਕ

37. ਜਿਹੜੇ ਸ਼ਬਦ ਕਿਰਿਆ ਦੇ ਦੁਹਰਾਅ ਜਾਂ ਗਿਣਤੀ ਬਾਰੇ ਦੱਸਣ, ਉਸ ਨੂੰ ਕੀ ਕਹਿੰਦੇ ਹਨ?

(ੳ) ਸੰਖਿਆਵਾਚਕ (ਅ) ਸਥਾਨਵਾਚਕ (ੲ) ਪਰਿਮਾਣਵਾਚਕ (ਸ) ਕਾਰਨਵਾਚਕ

ਉੱਤਰ : (ੳ) ਸੰਖਿਆਵਾਚਕ

38. ਜਿਹੜੇ ਸ਼ਬਦ ਕਿਰਿਆ ਦੇ ਹੋਣ ਦਾ ਕਾਰਨ ਦੱਸਣ, ਉਹਨਾਂ ਨੂੰ ਕੀ ਕਹਿੰਦੇ ਹਨ?

(ੳ) ਕਾਰਨਵਾਚਕ (ਅ) ਸਥਾਨਵਾਚਕ (ੲ) ਪਰਿਮਾਣਵਾਚਕ (ਸ) ਕਾਲਵਾਚਕ

ਉੱਤਰ : (ੳ) ਕਾਰਨਵਾਚਕ

39. ਜਿਹੜੇ ਸ਼ਬਦ ਵਾਕ ਦੇ ਨਾਂਵਾਂ ਅਤੇ ਪੜਨਾਂਵਾਂ ਦਾ ਸੰਬੰਧ ਜੋੜਨ, ਉਹਨਾਂ ਨੂੰ ਕੀ ਕਹਿੰਦੇ ਹਨ?

(ੳ) ਸੰਬੰਧਕ (ਅ) ਵਿਸ਼ੇਸ਼ਣ (ੲ) ਨਾਂਵ (ਸ) ਪੜਨਾਂਵ

ਉੱਤਰ : (ੳ) ਸੰਬੰਧਕ

4●. ਸੰਬੰਧਕ ਕਿੰਨੇ ਪ੍ਰਕਾਰ ਦੇ ਹਨ?

(ੳ) 3 (ਅ) 5 (ੲ) 7 (ਸ) 4

ਉੱਤਰ : (ੳ) 3

41. ਜਿਹੜੇ ਸ਼ਬਦ ਇਕੱਲੇ ਹੀ ਵਾਕ ਵਿੱਚ ਸ਼ਬਦਾਂ ਦਾ ਸੰਬੰਧ ਜੋੜਨ, ਉਹਨਾਂ ਨੂੰ ਕੀ ਕਹਿੰਦੇ ਹਨ?

(ੳ) ਪੂਰਨ ਸੰਬੰਧਕ (ਅ) ਅਪੂਰਨ ਸੰਬੰਧਕ (ੲ) ਦੁਬਾਜਰੇ ਸੰਬੰਧਕ

ਉੱਤਰ : (ੳ) ਪੂਰਨ ਸੰਬੰਧਕ

42. ਜਿਹੜੇ ਸ਼ਬਦ ਪੂਰਨ ਸੰਬੰਧਕ ਨਾਲ਼ ਮਿਲ਼ ਕੇ ਹੀ ਸੰਬੰਧਕ ਬਣਨ, ਨੂੰ ਕੀ ਕਹਿੰਦੇ ਹਨ?

(ੳ) ਪੂਰਨ ਸੰਬੰਧਕ (ਅ) ਅਪੂਰਨ ਸੰਬੰਧਕ (ੲ) ਦੁਬਾਜਰੇ ਸੰਬੰਧਕ

ਉੱਤਰ : (ਅ) ਅਪੂਰਨ ਸੰਬੰਧਕ

43. ਜਿਹੜੇ ਸੰਬੰਧਕ ਕਦੇ ਪੂਰਨ ਸੰਬੰਧਕ ਹੋਣ ਅਤੇ ਕਦੇ ਅਪੂਰਨ ਸੰਬੰਧਕ ਹੋਣ, ਨੂੰ ਕੀ ਕਹਿੰਦੇ ਹਨ?

(ੳ) ਪੂਰਨ ਸੰਬੰਧਕ (ਅ) ਅਪੂਰਨ ਸੰਬੰਧਕ (ੲ) ਦੁਬਾਜਰੇ ਸੰਬੰਧਕ

ਉੱਤਰ : (ੲ) ਦੁਬਾਜਰੇ ਸੰਬੰਧਕ

44. ਸੰਬੰਧਕ ਜਿਸ ਸ਼ਬਦ ਦਾ ਸੰਬੰਧ ਦੂਜੇ ਸ਼ਬਦ ਨਾਲ਼ ਜੋੜਨ, ਨੂੰ ਕੀ ਕਹਿੰਦੇ ਹਨ?

(ੳ) ਸੰਬੰਧੀ (ਅ) ਨਾਂਵ (ੲ) ਸੰਬੰਧਮਾਨ (ਸ) ਪੜਨਾਂਵ

ਉੱਤਰ : (ੳ) ਸੰਬੰਧੀ

45. ਸੰਬੰਧਕ ਇੱਕ ਸ਼ਬਦ ਦਾ ਸੰਬੰਧ ਜਿਸ ਸ਼ਬਦ ਨਾਲ਼ ਜੋੜਨ, ਉਸ ਸ਼ਬਦ ਨੂੰ ਕੀ ਕਹਿੰਦੇ ਹਨ?

(ੳ) ਸੰਬੰਧੀ (ਅ) ਨਾਂਵ (ੲ) ਸੰਬੰਧਮਾਨ (ਸ) ਪੜਨਾਂਵ

ਉੱਤਰ : (ੲ) ਸੰਬੰਧਮਾਨ

46. ਸੰਬੰਧਕ ਸ਼ਬਦ ਆਮ ਕਰਕੇ ਨਾਂਵ ਜਾਂ ਪੜਨਾਂਵ ਦੇ ਅੱਗੇ ਆਉਂਦੇ ਹਨ ਜਾਂ ਪਿੱਛੇ?

(ੳ) ਅੱਗੇ (ਅ) ਪਿੱਛੇ

ਉੱਤਰ : (ਅ) ਪਿੱਛੇ

47. 'ਘੋੜਾ', ਸ਼ਬਦ ਦਾ ਇੱਕਵਚਨ ਸੰਬੰਧਕੀ ਰੂਪ ਕੀ ਹੋਵੇਗਾ?

(ੳ) ਘੋੜੇ (ਅ) ਘੋੜਿਆਂ

ਉੱਤਰ : (ੳ) ਘੋੜੇ

48. ਘੋੜਾ ਸ਼ਬਦ ਦਾ ਬਹੁਵਚਨ ਸੰਬੰਧਕੀ ਰੂਪ ਕੀ ਹੋਵੇਗਾ?

(ੳ) ਘੋੜਾ (ਅ) ਘੋੜਿਆਂ

ਉੱਤਰ : (ਅ) ਘੋੜਿਆਂ

49. ਅਸੀਂ ਸਾਰੇ ਘਰੋਂ ਬਾਹਰ ਬੈਠੇ ਹਾਂ। ਇਸ ਵਾਕ ਵਿੱਚ 'ਬਾਹਰ' ਸ਼ਬਦ ਕੀ ਹੈ?

(ੳ) ਸੰਬੰਧਕ (ਅ) ਕਿਰਿਆ-ਵਿਸ਼ੇਸ਼ਣ (ੲ) ਨਾਂਵ (ਸ) ਪੜਨਾਂਵ

ਉੱਤਰ : (ੳ) ਸੰਬੰਧਕ

50. ਜਿਹੜੇ ਸ਼ਬਦ ਦੋ ਵਾਕਾਂ, ਦੋ ਵਾਕਾਂਸ਼ਾਂ ਜਾਂ ਦੋ ਸ਼ਬਦਾਂ ਨੂੰ ਆਪਸ ਵਿੱਚ ਜੋੜਨ, ਨੂੰ ਕੀ ਕਹਿੰਦੇ ਹਨ?

(ੳ) ਯੋਜਕ (ਅ) ਕਿਰਿਆ-ਵਿਸ਼ੇਸ਼ਣ (ੲ) ਨਾਂਵ (ਸ) ਪੜਨਾਂਵ

ਉੱਤਰ : (ੳ) ਯੋਜਕ

51. ਕਾਰਜ ਦੇ ਆਧਾਰ 'ਤੇ ਯੋਜਕ ਦੀਆਂ ਕਿਸਮਾਂ ਦੱਸੋ।

(ੳ) 2 (ਅ) 3 (ੲ) 4 (ਸ) 5

ਉੱਤਰ : (ੳ) 2

52. ਜਿਹੜੇ ਸ਼ਬਦ ਦੋ ਬਰਾਬਰ ਦੇ ਵਾਕਾਂ ਨੂੰ ਜੋੜ ਕੇ ਸੰਯੁਕਤ ਵਾਕ ਬਣਾਉਣ ਨੂੰ ਕੀ ਕਹਿੰਦੇ ਹਨ?

(ੳ) ਸਮਾਨ ਯੋਜਕ (ਅ) ਅਧੀਨ ਯੋਜਕ

ਉੱਤਰ : (ੳ) ਸਮਾਨ ਯੋਜਕ

53. ਮਿਸ਼ਰਤ ਵਾਕ ਵਿੱਚ ਪ੍ਰਧਾਨ ਉਪਵਾਕ ਅਤੇ ਅਧੀਨ ਉਪਵਾਕ ਨੂੰ ਆਪਸ ਵਿੱਚ ਜੋੜਨ ਵਾਲ਼ੇ ਯੋਜਕ ਨੂੰ ਕੀ ਕਹਿੰਦੇ ਹਨ?

(ੳ) ਸਮਾਨ ਯੋਜਕ (ਅ) ਅਧੀਨ ਯੋਜਕ

ਉੱਤਰ : (ਅ) ਅਧੀਨ ਯੋਜਕ

54. ਬਣਤਰ ਦੇ ਆਧਾਰ 'ਤੇ ਯੋਜਕ ਦੀਆਂ ਕਿਸਮਾਂ ਦੱਸੋ : -

(ੳ) 3 (ਅ) 4 (ੲ) 5 (ਸ) 1

ਉੱਤਰ : (ੳ) 3

55. ਜਿਹੜੇ ਯੋਜਕ ਇੱਕ ਸ਼ਬਦ ਦੇ ਬਣੇ ਹੋਣ, ਨੂੰ ਕੀ ਕਹਿੰਦੇ ਹਨ : -

(ੳ) ਇਕਹਿਰੇ ਯੋਜਕ (ਅ) ਸੰਯੁਕਤ ਯੋਜਕ (ੲ) ਟੁੱਟਵੇਂ ਜਾਂ ਸਹਿ-ਸੰਬੰਧੀ ਯੋਜਕ

ਉੱਤਰ : (ੳ) ਇਕਹਿਰੇ ਯੋਜਕ

56. ਇੱਕ ਤੋਂ ਵੱਧ ਸ਼ਬਦਾਂ ਨਾਲ਼ ਬਣੇ ਯੋਜਕ ਨੂੰ ਕੀ ਕਹਿੰਦੇ ਹਨ :-

(ੳ) ਸੰਯੁਕਤ ਯੋਜਕ (ਅ) ਇਕਹਿਰੇ ਯੋਜਕ (ੲ) ਟੁੱਟਵੇਂ ਜਾਂ ਸਹਿ-ਸੰਬੰਧੀ ਯੋਜਕ

ਉੱਤਰ : (ੳ) ਸੰਯੁਕਤ ਯੋਜਕ

57. ਜਿਹੜੇ ਯੋਜਕ ਟੁੱਟਵੇਂ ਵਰਤੇ ਜਾਂਦੇ ਹਨ, ਉਹਨਾਂ ਨੂੰ ਕੀ ਕਹਿੰਦੇ ਹਨ :-

(ੳ) ਸੰਯੁਕਤ ਯੋਜਕ (ਅ) ਇਕਹਿਰੇ ਯੋਜਕ (ੲ) ਟੁੱਟਵੇਂ ਜਾਂ ਸਹਿ-ਸੰਬੰਧੀ ਯੋਜਕ

ਉੱਤਰ : (ੲ) ਟੁੱਟਵੇਂ ਜਾਂ ਸਹਿ-ਸੰਬੰਧੀ ਯੋਜਕ

58. ਅਧੀਨ ਯੋਜਕ ਚੁਣੋ : -

(ੳ) ਪਰ, ਤੇ (ਅ) ਇਸ ਲਈ (ੲ) ਇਸ ਕਾਰਨ (ਸ) ਕਿ/ਕਿਉਂਕਿ ਤਾਂਜੋ

ਉੱਤਰ : (ਸ) ਕਿ/ਕਿਉਂਕਿ ਤਾਂਜੋ

59. ਸਮਾਨ-ਯੋਜਕ ਚੁਣੋ :

(ੳ) ਕਿਉਂਕਿ/ਤਾਂਜੋ (ਅ) ਜਿਵੇਂ (ੲ) ਪਈ, ਜੂ (ਸ) ਤੇ/ਅਤੇ/ਹੀ/ਪਰ/ਪਰੰਤੂ

ਉੱਤਰ : (ਸ) ਤੇ/ਅਤੇ/ਹੀ/ਪਰ/ਪਰੰਤੂ

6●. ਉਹ ਸ਼ਬਦ ਜੋ ਮਨ ਦੀ ਖ਼ੁਸ਼ੀ, ਗ਼ਮੀ, ਹੈਰਾਨੀ ਆਦਿ ਨੂੰ ਪ੍ਰਗਟ ਕਰਨ, ਕੀ ਅਖਵਾਉਂਦੇ ਹਨ : -

(ੳ) ਵਿਸਮਕ (ਅ) ਸੰਬੰਧਕ (ੲ) ਯੋਜਕ (ਸ) ਕਿਰਿਆ

ਉੱਤਰ : (ੳ) ਵਿਸਮਕ

61. ਵਿਸਮਿਕ ਦੀਆਂ ਕਿਸਮਾਂ ਦੱਸੋ : -

(ੳ) 9 (ਅ) 4 (ੲ) 7 (ਸ) 6

ਉੱਤਰ : (ੳ) 9

62. ਵਿਸਮਕ ਸ਼ਬਦ ਚੁਣੋ : -

(ੳ) ਪਰ (ਅ) ਨੂੰ (ੲ) ਤਾਂਜੋ (ਸ) ਵਾਹਵਾ/ਬੱਲੇ/ਕਾਸ਼/ਹੇ ਕਰਤਾਰ/ਵੇ/ਓਏ/ਧੰਨ ਭਾਗ

ਉੱਤਰ : (ਸ) ਵਾਹਵਾ/ਬੱਲੇ/ਕਾਸ਼/ਹੇ ਕਰਤਾਰ/ਵੇ/ਓਏ/ਧੰਨ ਭਾਗ

63. ਉਹ ਵਿਸਮਕ ਜੋ ਕਿਸੇ ਨੂੰ ਬੁਲਾਉਣ ਲਈ ਵਰਤੇ ਜਾਣ, ਨੂੰ ਕੀ ਕਹਿੰਦੇ ਹਨ :-

(ੳ) ਸੰਬੋਧਨੀ ਵਿਸਮਕ (ਅ) ਸੂਚਨਾ ਵਾਚਕ ਵਿਸਮਕ

(ੲ) ਸਤਿਕਾਰ ਵਾਚਕ ਵਿਸਮਕ (ਸ) ਪ੍ਰਸੰਸਾ ਵਾਚਕ ਵਿਸਮਕ

ਉੱਤਰ : (ੳ) ਸੰਬੋਧਨੀ ਵਿਸਮਕ

64. ਉਹ ਵਿਸਮਕ ਜੋ ਤਾੜਨਾ ਕਰਨ ਜਾਂ ਚਿਤੰਨ ਕਰਨ ਲਈ ਵਰਤੇ ਜਾਣ, ਨੂੰ ਕੀ ਕਹਿੰਦੇ ਹਨ :-

(ੳ) ਸੰਬੋਧਨੀ ਵਿਸਮਕ (ਅ) ਸੂਚਨਾਵਾਚਕ ਵਿਸਮਕ

(ੲ) ਸਤਿਕਾਰਵਾਚਕ ਵਿਸਮਕ (ਸ) ਪ੍ਰਸੰਸਾਵਾਚਕ ਵਿਸਮਕ

ਉੱਤਰ : (ਅ) ਸੂਚਨਾਵਾਚਕ ਵਿਸਮਕ

65. ਜੋ ਸ਼ਬਦ ਪ੍ਰਸੰਸਾ ਦੇ ਭਾਵ ਪ੍ਰਗਟ ਕਰਨ, ਨੂੰ ਕੀ ਕਹਿੰਦੇ ਹਨ :-

(ੳ) ਸੰਬੋਧਨੀ ਵਿਸਮਕ (ਅ) ਸੂਚਨਾਵਾਚਕ ਵਿਸਮਕ

(ੲ) ਸਤਿਕਾਰ ਵਾਚਕ ਵਿਸਮਕ (ਸ) ਪ੍ਰਸੰਸਾ ਵਾਚਕ ਵਿਸਮਕ

ਉੱਤਰ : (ਅ) ਸੂਚਨਾਵਾਚਕ ਵਿਸਮਕ

66. ਜੋ ਸ਼ਬਦ ਦੁੱਖ ਜਾਂ ਸ਼ੋਕ ਨੂੰ ਪ੍ਰਗਟ ਕਰਨ, ਨੂੰ ਕੀ ਕਹਿੰਦੇ ਹਨ :-

(ੳ) ਸ਼ੋਕਵਾਚਕ ਵਿਸਮਕ (ਅ) ਸੂਚਨਾਵਾਚਕ ਵਿਸਮਕ (ੲ) ਅਸੀਸਵਾਚਕ ਵਿਸਮਕ

(ਸ) ਇੱਛਾਵਾਚਕ ਵਿਸਮਕ

ਉੱਤਰ : (ੳ) ਸ਼ੋਕਵਾਚਕ ਵਿਸਮਕ

67. ਜੋ ਸ਼ਬਦ ਸਤਿਕਾਰ ਜਾਂ ਪਿਆਰ ਦੇ ਭਾਵ ਪ੍ਰਗਟ ਕਰਨ, ਨੂੰ ਕੀ ਕਹਿੰਦੇ ਹਨ :-

(ੳ) ਸਤਿਕਾਰਵਾਚਕ ਵਿਸਮਕ (ਅ) ਸ਼ੋਕਵਾਚਕ ਵਿਸਮਕ

(ੲ) ਫਿਟਕਾਰਵਾਚਕ ਵਿਸਮਕ (ਸ) ਪ੍ਰਸੰਸਾਵਾਚਕ ਵਿਸਮਕ

ਉੱਤਰ : (ੳ) ਸਤਿਕਾਰਵਾਚਕ ਵਿਸਮਕ

68. ਜੋ ਵਿਸਮਕ ਫ਼ਿਟਕਾਰ ਜਾਂ ਲਾਹਨਤ ਦੇ ਭਾਵ ਪ੍ਰਗਟ ਕਰਨ, ਨੂੰ ਕੀ ਕਹਿੰਦੇ ਹਨ :-

(ੳ) ਸਤਿਕਾਰਵਾਚਕ ਵਿਸਮਕ (ਅ) ਸ਼ੋਕਵਾਚਕ ਵਿਸਮਕ

(ੲ) ਫਿਟਕਾਰਵਾਚਕ ਵਿਸਮਕ (ਸ) ਪ੍ਰਸੰਸਾਵਾਚਕ ਵਿਸਮਕ

ਉੱਤਰ : (ੲ) ਫ਼ਿਟਕਾਰਵਾਚਕ ਵਿਸਮਕ

69. ਜੋ ਵਿਸਮਕ ਕਿਸੇ ਅਸੀਸ ਜਾਂ ਅਸ਼ੀਰਵਾਦ ਨੂੰ ਪ੍ਰਗਟ ਕਰਨ, ਨੂੰ ਕੀ ਕਹਿੰਦੇ ਹਨ :-

(ੳ) ਅਸੀਸਵਾਚਕ ਵਿਸਮਕ (ਅ) ਸ਼ੋਕਵਾਚਕ ਵਿਸਮਕ

(ੲ) ਸੂਚਨਾਵਾਚਕ ਵਿਸਮਕ (ਸ) ਪ੍ਰਸੰਸਾਵਾਚਕ ਵਿਸਮਕ

ਉੱਤਰ : (ੳ) ਅਸੀਸਵਾਚਕ ਵਿਸਮਕ

7●. ਜੋ ਵਿਸਮਕ ਮਨ ਦੀਆਂ ਇੱਛਾਵਾਂ ਪ੍ਰਗਟ ਕਰਨ, ਨੂੰ ਕੀ ਕਹਿੰਦੇ ਹਨ :-

(ੳ) ਇੱਛਿਆਵਾਚਕ ਵਿਸਮਕ (ਅ) ਸ਼ੋਕਵਾਚਕ ਵਿਸਮਕ

(ੲ) ਸੂਚਨਾਵਾਚਕ ਵਿਸਮਕ (ਸ) ਪ੍ਰਸੰਸਾਵਾਚਕ ਵਿਸਮਕ

ਉੱਤਰ : (ੳ) ਇੱਛਿਆਵਾਚਕ ਵਿਸਮਕ

71. ਜੋ ਸ਼ਬਦ ਹੈਰਾਨੀ ਨੂੰ ਪ੍ਰਗਟ ਕਰਨ ਨੂੰ, ਕੀ ਕਹਿੰਦੇ ਹਨ :-

(ੳ) ਹੈਰਾਨੀਵਾਚਕ ਵਿਸਮਕ (ਅ) ਸ਼ੋਕਵਾਚਕ ਵਿਸਮਕ

(ੲ) ਸੂਚਨਾਵਾਚਕ ਵਿਸਮਕ (ਸ) ਪ੍ਰਸੰਸਾਵਾਚਕ ਵਿਸਮਕ

ਉੱਤਰ : (ੳ) ਹੈਰਾਨੀਵਾਚਕ ਵਿਸਮਕ

72. "ਵਾਹ ਭਈ ਵਾਹ" ਵਾਕਾਂਸ਼ ਵਿੱਚ ਕਿਸ ਪ੍ਰਕਾਰ ਦਾ ਵਿਸਮਕ ਹੈ :-

(ੳ) ਅਸੀਸਵਾਚਕ ਵਿਸਮਕ (ਅ) ਸ਼ੋਕਵਾਚਕ ਵਿਸਮਕ

(ੲ) ਸੂਚਨਾਵਾਚਕ ਵਿਸਮਕ (ਸ) ਪ੍ਰਸੰਸਾਵਾਚਕ ਵਿਸਮਕ

ਉੱਤਰ : (ਸ) ਪ੍ਰਸੰਸਾਵਾਚਕ ਵਿਸਮਕ

73. ਸ਼ਬਦਾਂ ਦੇ ਪੁਰਖਵਾਚਕ ਅਤੇ ਇਸਤਰੀਵਾਚਕ ਭੇਦ ਨੂੰ ਕੀ ਕਹਿੰਦੇ ਹਨ :-

(ੳ) ਲਿੰਗ (ਅ) ਵਚਨ

(ੲ) ਨਾਂਵ (ਸ) ਪੜਨਾਂਵ

ਉੱਤਰ : ਲਿੰਗ

74. ਲਿੰਗ ਦੀਆਂ ਕਿੰਨੀਆਂ ਕਿਸਮਾਂ ਹਨ :-

(ੳ) 2 (ਅ) 4 (ੲ) 3 (ਸ) 6

ਉੱਤਰ : (ੳ) 2

75. ਜਿਹੜੇ ਸ਼ਬਦ ਮਰਦਾਨੇ ਜਾਂ ਨਰ ਭੇਦ ਬਾਰੇ ਦੱਸਣ, ਨੂੰ ਕੀ ਕਹਿੰਦੇ ਹਨ :-

(ੳ) ਪੁਲਿੰਗ (ਅ) ਵਚਨ (ੲ) ਨਾਂਵ (ਸ) ਵਿਸ਼ੇਸ਼ਣ

ਉੱਤਰ : (ੳ) ਪੁਲਿੰਗ

76. ਜੋ ਸ਼ਬਦ ਇਸਤਰੀ ਜਾਂ ਮਾਦਾ ਭੇਦ ਨੂੰ ਪ੍ਰਗਟ ਕਰਨ, ਨੂੰ ਕੀ ਕਹਿੰਦੇ ਹਨ :-

(ੳ) ਇਸਤਰੀ ਲਿੰਗ (ਅ) ਪੁਲਿੰਗ (ੲ) ਨਾਂਵ (ਸ) ਵਿਸ਼ੇਸ਼ਣ

ਉੱਤਰ : (ੳ) ਇਸਤਰੀ ਲਿੰਗ

77. ਜਿਹੜੇ ਸ਼ਬਦ ਇੱਕ ਤੋਂ ਬਹੁਤੀਆਂ ਚੀਜ਼ਾਂ ਦੇ ਭੇਦ ਨੂੰ ਪ੍ਰਗਟ ਕਰਨ, ਨੂੰ ਕੀ ਕਹਿੰਦੇ ਹਨ :-

(ੳ) ਪੁਲਿੰਗ (ਅ) ਵਚਨ (ੲ) ਨਾਂਵ (ਸ) ਵਿਸ਼ੇਸ਼ਣ

ਉੱਤਰ : (ਅ) ਵਚਨ

78. ਸ਼ਬਦਾਂ ਦਾ ਜਿਹੜਾ ਰੂਪ ਇੱਕ ਚੀਜ਼, ਕਰਮ, ਗੁਣ ਲਈ ਵਰਤਿਆ ਜਾਵੇ, ਨੂੰ ਕੀ ਕਹਿੰਦੇ ਹਨ :-

(ੳ) ਇੱਕਵਚਨ (ਅ) ਬਹੁਵਚਨ (ੲ) ਨਾਂਵ (ਸ) ਪੜਨਾਂਵ

ਉੱਤਰ : (ੳ) ਇੱਕਵਚਨ

79. ਸ਼ਬਦਾਂ ਦਾ ਜਿਹੜਾ ਰੂਪ ਇੱਕ ਤੋਂ ਬਹੁਤੀਆਂ ਚੀਜ਼ਾਂ ਲਈਵਰਤਿਆ ਜਾਵੇ, ਨੂੰ ਕੀ ਕਹਿੰਦੇ ਹਨ :-

(ੳ) ਇੱਕਵਚਨ (ਅ) ਬਹੁਵਚਨ (ੲ) ਨਾਂਵ (ਸ) ਪੜਨਾਂਵ

ਉੱਤਰ : (ਅ) ਬਹੁਵਚਨ

8●. ਨਰ-ਮਾਦਾ ਦੇ ਭਾਵਾਂ ਅਨੁਸਾਰ ਸ਼ਬਦਾਂ ਦੀ ਵੰਡ ਨੂੰ ਕੀ ਕਹਿੰਦੇ ਹਨ :-

(ੳ) ਲਿੰਗ (ਅ) ਬਹੁਵਚਨ (ੲ) ਨਾਂਵ (ਸ) ਪੜਨਾਂਵ

ਉੱਤਰ : (ੳ) ਲਿੰਗ

81. ਮਰਾਸੀ ਸ਼ਬਦ ਦਾ ਬਹੁਵਚਨ ਕੀ ਹੈ : -

(ੳ) ਮਰਾਸੀਆਂ (ਅ) ਮਰਾਸਣ

ਉੱਤਰ : (ੳ) ਮਰਾਸੀਆਂ

82. ਕਾਲ ਤੋਂ ਕੀ ਭਾਵ ਹੈ :-

(ੳ) ਸਮਾਂ (ਅ) ਗਰਮੀ (ੲ) ਸਰਦੀ (ਸ) ਹਨੇਰਾ

ਉੱਤਰ : (ੳ) ਸਮਾਂ

83. ਕਾਲ ਦੀਆਂ ਕਿਸਮਾਂ ਦੱਸੋ :-

(ੳ) 3 (ਅ) 4 (ੲ) 6 (ਸ) 8

ਉੱਤਰ : (ੳ) 3

84. ਜਦੋਂ ਕਿਰਿਆ ਦਾ ਕੰਮ ਹੁਣ ਦੇ ਸਮੇਂ ਹੋਵੇ, ਉਸ ਨੂੰ ਕੀ ਕਹਿੰਦੇ ਹਨ :-

(ੳ) ਵਰਤਮਾਨ ਕਾਲ (ਅ) ਭਵਿਖਤ ਕਾਲ (ੲ) ਭੂਤ ਕਾਲ

ਉੱਤਰ : (ੳ) ਵਰਤਮਾਨ ਕਾਲ

85. ਜਦੋਂ ਕਿਰਿਆ ਦਾ ਕੰਮ ਬੀਤ ਗਏ ਸਮੇਂ ਵਿੱਚ ਹੋਇਆ ਹੋਵੇ, ਉਸ ਨੂੰ ਕੀ ਕਹਿੰਦੇ ਹਨ :-

(ੳ) ਵਰਤਮਾਨ ਕਾਲ (ਅ) ਭਵਿਖਤ ਕਾਲ (ੲ) ਭੂਤ ਕਾਲ

ਉੱਤਰ : (ੲ) ਭੂਤ ਕਾਲ

86. ਜਦੋਂ ਕਿਰਿਆ ਦਾ ਕੰਮ ਆਉਣ ਵਾਲ਼ੇ ਸਮੇਂ ਵਿੱਚ ਹੋਣਾ ਹੋਵੇ, ਉਸ ਨੂੰ ਕੀ ਕਹਿੰਦੇ ਹਨ :-

(ੳ) ਵਰਤਮਾਨ ਕਾਲ (ਅ) ਭਵਿਖਤ ਕਾਲ (ੲ) ਭੂਤ ਕਾਲ

ਉੱਤਰ : (ਅ) ਭਵਿਖਤ ਕਾਲ

87. ਵਰਤਮਾਨ ਕਾਲ ਦੀਆਂ ਕਿਸਮਾਂ ਦੱਸੋ।

(ੳ) 6 (ਅ) 2 (ੲ) 4 (ਸ) 5

ਉੱਤਰ : (ੳ) 6

88. ਭੂਤ ਕਾਲ ਦੇ ਕਿੰਨੇ ਭੇਦ ਹੁੰਦੇ ਹਨ :-

(ੳ) 5 (ਅ) 4 (ੲ) 8 (ਸ) 6

ਉੱਤਰ : (ੳ) 5

89. ਭਵਿਖਤ ਕਾਲ ਦੀਆਂ ਕਿਸਮਾਂ ਦੱਸੋ।

(ੳ) 6 (ਅ) 4 (ੲ) 5 (ਸ) 7

ਉੱਤਰ : (ਅ) 4

9●. ਵਿਆਕਰਨ ਦੀ ਭਾਸ਼ਾ ਵਿੱਚ ਸਮੇਂ ਨੂੰ ਕੀ ਕਹਿੰਦੇ ਹਨ :-

(ੳ) ਕਾਲ (ਅ) ਮਹਾਂ ਕਾਲ (ੲ) ਅਕਾਲ (ਸ) ਤ੍ਰੈਕਾਲ

ਉੱਤਰ : (ੳ) ਕਾਲ

91. ਹੇਠ ਲਿਖੇ ਵਾਕਾਂ ਵਿੱਚੋਂ ਕਿਸ ਦੀ ਕਿਰਿਆ ਵਰਤਮਾਨ ਕਾਲ ਵਿੱਚ ਹੈ :-

(ੳ) ਬੱਚੇ ਖੇਡ ਰਹੇ ਹਨ (ਅ) ਬੱਚੇ ਖੇਡ ਰਹੇ ਸਨ (ੲ) ਬੱਚੇ ਖੇਡਣਗੇ।

ਉੱਤਰ : (ੳ) ਬੱਚੇ ਖੇਡ ਰਹੇ ਹਨ

92. 'ਸਕੂਲ ਦੀ ਘੰਟੀ ਵੱਜ ਚੁੱਕੀ ਹੈ, ਇਹ ਵਾਕ ਕਿਹੜੇ ਕਾਲ ਨਾਲ਼ ਸੰਬੰਧਿਤ ਹੈ :

(ੳ) ਵਰਤਮਾਨ ਕਾਲ (ਅ) ਭਵਿਖਤ ਕਾਲ (ੲ) ਭੂਤ ਕਾਲ

ਉੱਤਰ : (ੲ) ਭੂਤ ਕਾਲ

93. ਜਿਸ ਸ਼ਬਦ ਦੇ ਇੱਕ ਤੋਂ ਵੱਧ ਅਰਥ ਹੋਣ, ਉਸ ਨੂੰ ਕੀ ਕਹਿੰਦੇ ਹਨ :-

(ੳ) ਬਹੁਅਰਥਕ ਸ਼ਬਦ (ਅ) ਵਚਨ (ੲ) ਨਾਂਵ (ਸ) ਵਿਸ਼ੇਸ਼ਣ।

ਉੱਤਰ : (ੳ) ਬਹੁਅਰਥਕ ਸ਼ਬਦ

94. 'ਮੈਂ ਪੂਰੀ ਵਾਹ ਲਾ ਲਈ ਪਰ ਮੇਰਾ ਕੰਮ ਨਹੀਂ ਬਣਿਆ' ਇੱਥੇ 'ਵਾਹ' ਤੋਂ ਕੀ ਭਾਵ ਹੈ :–

(ੳ) ਯਤਨ (ਅ) ਗ਼ਮੀ (ੲ) ਖ਼ੁਸ਼ੀ

ਉੱਤਰ : (ੳ) ਯਤਨ

95. 'ਗ਼ੁਲਾਮੀ' ਸ਼ਬਦ ਦਾ ਵਿਰੋਧਾਰਥਕ ਸ਼ਬਦ ਲਿਖੋ :–

(ੳ) ਯਤਨ (ਅ) ਗ਼ਮੀ (ੲ) ਖ਼ੁਸ਼ੀ (ਸ) ਅਜ਼ਾਦੀ

ਉੱਤਰ : (ਸ) ਅਜ਼ਾਦੀ

**ਲੜੀ 2. ਖਾਲੀ ਥਾਵਾਂ ਭਰੋ। (ਪ੍ਰਸ਼ਨ ਨੰ. 5 ਤੋਂ 8 ਨਾਲ ਸੰਬੰਧਿਤ)**

1. ਦੁਆਬੀ ਉਪਬੋਲੀ_______ ਜ਼ਿਲ੍ਹੇ ਵਿੱਚ ਬੋਲੀ ਜਾਂਦੀ ਹੈ। (ਸ਼ਹੀਦ ਭਗਤ ਸਿੰਘ ਨਗਰ/ਰੋਪੜ)

ਉੱਤਰ : ਸ਼ਹੀਦ ਭਗਤ ਸਿੰਘ ਨਗਰ

2. ਮਾਝੀ ਉਪਬੋਲੀ_______ ਜ਼ਿਲ੍ਹੇ ਵਿੱਚ ਬੋਲੀ ਜਾਂਦੀ ਹੈ। (ਅੰਮ੍ਰਿਤਸਰ/ਰੋਪੜ)

ਉੱਤਰ : ਅੰਮ੍ਰਿਤਸਰ

3. ਪੰਜਾਬੀ ਭਾਸ਼ਾ ਲਈ ਢੁਕਵੀਂ ਲਿਪੀ_______ ਹੈ। (ਦੇਵਨਾਗਰੀ/ਗੁਰਮੁਖੀ)

ਉੱਤਰ : ਗੁਰਮੁਖੀ

4. ਹਿੰਦੀ ਭਾਸ਼ਾ ਲਈ ਢੁਕਵੀਂ ਲਿਪੀ_______ ਹੈ। (ਰੋਮਨ/ਦੇਵਨਾਗਰੀ)

ਉੱਤਰ : ਦੇਵਨਾਗਰੀ

5. ਜਿਸ ਸ਼ਬਦ ਤੋਂ ਵਿਅਕਤੀ, ਸਥਾਨ ਅਤੇ ਵਸਤੂ ਦਾ ਗਿਆਨ ਹੋਵੇ, ਉਸ ਨੂੰ_____ ਕਹਿੰਦੇ ਹਨ। (ਨਾਂਵ, ਪੜਨਾਂਵ)

ਉੱਤਰ : ਨਾਂਵ

6. ਜਿਹੜਾ ਸ਼ਬਦ ਕਿਸੇ ਨਾਂਵ ਦੀ ਥਾਂ 'ਤੇ ਵਰਤਿਆ ਜਾਵੇ ਉਸ ਨੂੰ _____ ਕਹਿੰਦੇ ਹਨ। (ਪੜਨਾਂਵ, ਵਿਸ਼ੇਸ਼ਣ)

ਉੱਤਰ : ਪੜਨਾਂਵ

7. 'ਖ਼ਬਰਦਾਰ' ਇੱਕ_____ ਵਿਸਮਕ ਹੈ। (ਸੂਚਨਾਵਾਚਕ, ਪ੍ਰਸੰਸਾਵਾਚਕ)

ਉੱਤਰ : ਸੂਚਨਾਵਾਚਕ

8. 'ਧੰਨ-ਭਾਗ, ਜੀ ਆਇਆਂ ਨੂੰ' ਇੱਕ_____ ਵਿਸਮਕ ਹੈ। (ਸਤਿਕਾਰਵਾਚਕ, ਅਸੀਸਵਾਚਕ)

ਉੱਤਰ : ਸਤਿਕਾਰਵਾਚਕ

9. 'ਜੁਆਨੀ ਮਾਣੋ, ਖ਼ੁਸ਼ ਰਹੋ' ਇੱਕ_____ ਵਿਸਮਕ ਹੈ। (ਅਸੀਸਵਾਚਕ, ਪ੍ਰਸੰਸਾਵਾਚਕ)

ਉੱਤਰ : ਅਸੀਸਵਾਚਕ

10. 'ਵਾਹ-ਵਾਹ, ਸ਼ਾਬਾਸ਼' ਇੱਕ_____ ਵਿਸਮਕ ਹੈ। (ਪ੍ਰਸੰਸਾਵਾਚਕ, ਸੂਚਨਾਵਾਚਕ)

ਉੱਤਰ : ਪ੍ਰਸੰਸਾਵਾਚਕ

11. ਹਿਰਨ ਦਾ ਪੁਲਿੰਗ_____ ਹੈ। (ਹਿਰਨੀ, ਹਿਰਨੀਆਂ)

ਉੱਤਰ : ਹਿਰਨੀ

12. ਭਗਤ ਦਾ ਪੁਲਿੰਗ_____ ਹੈ। (ਭਗਤਣੀ, ਭਗਤੀ)

ਉੱਤਰ : ਭਗਤਣੀ

13. ਮੁਟਿਆਰ ਦਾ ਬਹੁਵਚਨ_____ ਹੈ। (ਮੁਟਿਆਰਾਂ, ਗੱਭਰੂ)

ਉੱਤਰ : ਮੁਟਿਆਰਾਂ

14. ਕੁਰਸੀ ਦਾ ਬਹੁਵਚਨ_____ ਹੈ। (ਕੁਰਸੀਆਂ, ਮੇਜ਼)

ਉੱਤਰ : ਕੁਰਸੀਆਂ

15. ਲੰਘ ਚੁੱਕੇ ਸਮੇਂ ਨੂੰ_____ ਕਿਹਾ ਜਾਂਦਾ ਹੈ। (ਭੂਤਕਾਲ, ਭਵਿਖਤ ਕਾਲ)

ਉੱਤਰ : ਭੂਤਕਾਲ

16. ਚੱਲ ਰਹੇ ਸਮੇਂ ਨੂੰ_____ ਕਿਹਾ ਜਾਂਦਾ ਹੈ। (ਵਰਤਮਾਨ ਕਾਲ, ਭੂਤਕਾਲ)

ਉੱਤਰ : ਵਰਤਮਾਨ ਕਾਲ

17. ਆਉਣ ਵਾਲੇ ਸਮੇਂ ਨੂੰ_____ ਕਿਹਾ ਜਾਂਦਾ ਹੈ। (ਭਵਿਖਤ ਕਾਲ, ਵਰਤਮਾਨ ਕਾਲ)

ਉੱਤਰ : ਭਵਿਖਤ ਕਾਲ

18. 'ਅਕਾਸ਼' ਸ਼ਬਦ ਦਾ ਸਮਾਨਾਰਥਕ_____ ਹੈ। (ਅਸਮਾਨ, ਠੀਕ), 'ਅਕਲ' ਸ਼ਬਦ ਦਾ ਸਮਾਨਾਰਥਕ ਸ਼ਬਦ _____ ਹੈ। (ਸਮਝ, ਠੀਕ)

ਉੱਤਰ : ਅਸਮਾਨ, ਸਮਝ

19. 'ਆਸਤਿਕ' ਦਾ ਵਿਰੋਧੀ ਸ਼ਬਦ _____ ਹੈ। (ਨਾਸਤਿਕ, ਝੂਠ)

ਉੱਤਰ : ਨਾਸਤਿਕ

20. 'ਉੱਤਰਨਾ' ਦਾ ਵਿਰੋਧੀ ਸ਼ਬਦ _____ ਹੈ। (ਚੜ੍ਹਨਾ, ਵਧਣਾ)

ਉੱਤਰ : ਚੜ੍ਹਨਾ

21. ਮੈਂ, ਅਸੀਂ, ਸਾਡਾ _____ ਹੈ। (ਉੱਤਮ ਪੁਰਖ, ਮੱਧਮ ਪੁਰਖ)

ਉੱਤਰ : ਉੱਤਮ ਪੁਰਖ

22. ਤੂੰ, ਤੇਰਾ, ਤੁਹਾਡਾ _____ ਹੈ। (ਮੱਧਮ ਪੁਰਖ, ਅਨਯ ਪੁਰਖ)

ਉੱਤਰ : ਮੱਧਮ ਪੁਰਖ

23. ਇਹ, ਉਹ _____ ਹੈ। (ਅਨਯ ਪੁਰਖ, ਮੱਧਮ ਪੁਰਖ)

ਉੱਤਰ : ਅਨਯ ਪੁਰਖ

24. ਉਂਗਲ਼ ਕਰਨੀ' ਮੁਹਾਵਰਾ _____ ਲਈ ਵਰਤਿਆ ਜਾਂਦਾ ਹੈ। (ਦੋਸ ਲਗਾਉਣ, ਆਦਰ ਕਰਨ)

ਉੱਤਰ : ਦੋਸ ਲਗਾਉਣ

25. ਸਿਰ ਮਾਰਨਾ ਮੁਹਾਵਰਾ _____ ਲਈ ਵਰਤਿਆ ਜਾਂਦਾ ਹੈ। (ਨਾਂਹ ਕਰਨ, ਆਦਰ ਕਰਨ)

ਉੱਤਰ : ਨਾਂਹ ਕਰਨ

26. ਬਲ, ਜ਼ੋਰ, ਸ਼ਕਤੀ ਦਾ ਸਮਾਨਅਰਥਕ ਸ਼ਬਦ _____ ਹੈ। (ਤਾਕਤ, ਆਥਣ)

ਉੱਤਰ : ਤਾਕਤ

27. ਤ੍ਰਿਕਾਲਾ, ਸੰਝ, ਸ਼ਾਮ ਦਾ ਸਮਾਨਅਰਥਕ ਸ਼ਬਦ _____ ਹੈ। (ਆਥਣ, ਸਸਤਾ)

ਉੱਤਰ : ਆਥਣ

28. ਗੁਰਮੁਖੀ ਵਰਨ-ਮਾਲ਼ਾ ਸ਼ਬਦ _____ ਹੈ। (ਪੈਂਤੀ ਅੱਖਰੀ, ਦੇਵਨਾਗਰੀ)

ਉੱਤਰ : ਪੈਂਤੀ ਅੱਖਰੀ

29. ਨਵੇਂ ਅੱਖਰ ਸ਼ਾਮਲ ਹੋਣ ਨਾਲ਼ ਗੁਰਮੁਖੀ ਅੱਖਰਾਂ ਦੀ ਗਿਣਤੀ_____ ਹੋ ਗਈ ਹੈ। (41, 35)

ਉੱਤਰ : 41

30. ਪੰਜਾਬੀ ਭਾਸ਼ਾ ਵਿੱਚ ਪੈਰਾਂ ਵਿੱਚ ਪੈਣ ਵਾਲ਼ੇ ਅੱਖਰਾਂ ਨੂੰ _____ ਹੋ ਗਈ ਹੈ। (ਦੁੱਤ, ਅੱਖਰ, ਅਨੁਨਾਸਿਕੀ)

ਉੱਤਰ : ਦੁੱਤ

31. ਜੋ ਕਦੇ ਵੀ ਨਾ ਥੱਕੇ, ਉਸ ਨੂੰ_____ ਕਿਹਾ ਜਾਂਦਾ ਹੈ। (ਅਣਥੱਕ, ਗੁਣਗੁਣਾ)

ਉੱਤਰ : ਅਣਥੱਕ

32. ਜਿਹੜਾ ਨੱਕ ਵਿੱਚ ਬੋਲੇ, ਉਸ ਨੂੰ _____ ਕਿਹਾ ਜਾਂਦਾ ਹੈ। (ਗੁਣਗੁਣਾ, ਕੰਮਚੋਰ)

ਉੱਤਰ : ਗੁਣਗੁਣਾ

33. ਜਿਹੜਾ ਕੰਮ ਤੋਂ ਜੀਅ ਚੁਰਾਵੇ, ਉਸ ਨੂੰ _____ ਕਿਹਾ ਜਾਂਦਾ ਹੈ। (ਕੰਮਚੋਰ, ਬੇਈਮਾਨ)

ਉੱਤਰ : ਕੰਮਚੋਰ

34. ਆਮ ਨਾਂਵ, ਖ਼ਾਸ ਨਾਂਵ, ਭਾਵਵਾਚਕ ਨਾਂਵ, _____ ਦੀਆਂ ਕਿਸਮਾਂ ਹਨ। (ਨਾਂਵ, ਪੜਨਾਂਵ)

ਉੱਤਰ : ਨਾਂਵ

35. ਦੋ ਵਾਕ ਨੂੰ ਜੋੜਨ ਵਾਲ਼ਾ _____ ਕਹਾਉਂਦਾ ਹੈ। (ਯੋਜਕ, ਸੰਬੰਧਕ)

ਉੱਤਰ : ਯੋਜਕ

36. ਖ਼ੁਸ਼ੀ, ਗ਼ਮੀ ਅਤੇ ਹੈਰਾਨੀ ਪ੍ਰਗਟ ਕਰਨ ਵਾਲ਼ਾ _____ ਕਹਾਉਂਦਾ ਹੈ। (ਵਿਸਮਕ, ਕਿਰਿਆ ਵਿਸ਼ੇਸ਼ਣ)

ਉੱਤਰ : ਵਿਸਮਕ

37. ਕਿਰਿਆ ਦੀ ਵਿਸ਼ੇਸ਼ਤਾ ਪ੍ਰਗਟ ਕਰਨ ਵਾਲ਼ਾ _____ ਕਹਾਉਂਦਾ ਹੈ। (ਕਿਰਿਆ-ਵਿਸ਼ੇਸ਼ਣ, ਕਿਰਿਆ)

ਉੱਤਰ : ਕਿਰਿਆ

38. ਸਮਾਨ ਯੋਜਕ ਅਤੇ ਅਧੀਨ ਯੋਜਕ _____ ਦੇ ਹਿੱਸੇ ਹਨ। (ਯੋਜਕ, ਸੰਬੰਧਕ)

ਉੱਤਰ : ਯੋਜਕ

39. ਪੂਰਨ ਸੰਬੰਧਕ, ਅਪੂਰਨ ਸੰਬੰਧਕ ਅਤੇ ਦੁਬਾਜਰਾ ਸੰਬੰਧਕ _____ ਦੇ ਹਿੱਸੇ ਹਨ। (ਸੰਬੰਧਕ, ਵਿਸ਼ੇਸ਼ਣ)

ਉੱਤਰ : ਸੰਬੰਧਕ

40. ਜਿਸ ਸ਼ਬਦ ਦੇ ਇੱਕ ਤੋਂ ਵੱਧ ਅਰਥ ਹੋਣ, ਉਹ _____ ਹੁੰਦਾ ਹੈ। (ਬਹੁਅਰਥਕ, ਵਚਨ)

ਉੱਤਰ : ਬਹੁਅਰਥਕ

41. ਜਿਸ ਸ਼ਬਦ ਦੇ ਅਰਥ ਇੱਕ ਸਮਾਨ ਹੋਣ, ਉਹ _____ ਹੁੰਦਾ ਹੈ। (ਸਮਾਨਾਅਰਥਕ, ਬਹੁਅਰਥਕ)

ਉੱਤਰ : ਸਮਾਨਾਅਰਥਕ

42. ਮੂੰਹ ਵਿੱਚੋਂ ਨਿਕਲ਼ਨ ਵਾਲ਼ੀ ਅਵਾਜ਼ _____ ਕਹਾਉਂਦੀ ਹੈ। (ਧੁਨੀ, ਸੁਰ)

ਉੱਤਰ : ਧੁਨੀ

43. ਸ਼ਬਦਾਂ ਦਾ ਅਧਿਐਨ _____ ਬੋਧ ਨਾਲ਼ ਕੀਤਾ ਜਾਂਦਾ ਹੈ। (ਧੁਨੀ-ਬੋਧ, ਸ਼ਬਦ-ਬੋਧ)

ਉੱਤਰ : ਸ਼ਬਦ-ਬੋਧ

44. ਧੁਨੀਆਂ ਦਾ ਅਧਿਐਨ _____ ਬੋਧ ਨਾਲ਼ ਕੀਤਾ ਜਾਂਦਾ ਹੈ। (ਧੁਨੀ-ਬੋਧ, ਸ਼ਬਦ ਬੋਧ)

ਉੱਤਰ : ਧੁਨੀ-ਬੋਧ

45. ਵਾਕਾਂ ਦਾ ਅਧਿਐਨ _____ ਬੋਧ ਨਾਲ਼ ਕੀਤਾ ਜਾਂਦਾ ਹੈ। (ਵਾਕ-ਬੋਧ, ਧੁਨੀ-ਬੋਧ)

ਉੱਤਰ : ਵਾਕ ਬੋਧ

46. ਅਜੋਕੇ ਪੰਜਾਬ ਦੀ ਸਾਹਿਤਿਕ ਭਾਸ਼ਾ _____ ਹੈ। (ਗੁਰਮੁਖੀ, ਮਾਝੀ)

ਉੱਤਰ : ਮਾਝੀ

47. ਪੰਜਾਬ ਦੀ ਮਾਂ-ਬੋਲੀ (ਮਾਤ-ਭਾਸ਼ਾ) _____ ਹੈ। (ਪੰਜਾਬੀ, ਅੰਗਰੇਜ਼ੀ)

ਉੱਤਰ : ਪੰਜਾਬੀ

48. ਭਾਰਤੀ ਸੰਵਿਧਾਨ ਵਿੱਚ _____ ਭਾਸ਼ਾਵਾਂ ਪ੍ਰਵਾਨਿਤ ਹਨ (22, 24)

ਉੱਤਰ : 22

49. ਜਿਨ੍ਹਾਂ ਸ੍ਵਰਾਂ ਨੂੰ ਉਚਾਰਨ ਸਮੇਂ ਨੱਕ ਵਿੱਚੋਂ ਅਵਾਜ਼ ਆਉਂਦੀ ਹੈ ਉਹਨਾਂ ਨੂੰ _____ ਜਾਂਦਾ ਹੈ। (ਨਾਸਿਕੀ, ਫ਼ਾਰਸੀ)

ਉੱਤਰ : ਨਾਸਿਕੀ

5●. ਦਿਨ ਦਾ ਵਿਰੋਧੀ ਸ਼ਬਦ _____ ਹੈ। (ਰਾਤ, ਸ਼ਾਮ)

ਉੱਤਰ : ਰਾਤ

51. ਧੁੱਪ ਦਾ ਵਿਰੋਧੀ ਸ਼ਬਦ _____ ਹੈ। (ਛਾਂ, ਸਵੇਰ)

ਉੱਤਰ : ਛਾਂ

52. ਉਹ ਥਾਂ ਜਿੱਥੇ ਪਹਿਲਵਾਨ ਘੋਲ਼ ਕਰਦੇ ਹਨ, ਉਸ ਨੂੰ _____ ਕਿਹਾ ਜਾਂਦਾ ਹੈ। (ਅਖਾੜਾ, ਕੌਮਾਂਤਰੀ)

ਉੱਤਰ : ਅਖਾੜਾ

53. ਸੱਪ ਦੇ ਬੱਚੇ ਨੂੰ _____ ਕਿਹਾ ਜਾਂਦਾ ਹੈ। (ਸਪੋਲ਼ੀਆ, ਕਵੀ)

ਉੱਤਰ : ਸਪੋਲ਼ੀਆ

54. ਕਵਿਤਾ ਲਿਖਣ ਵਾਲ਼ੇ ਨੂੰ _____ ਕਿਹਾ ਜਾਂਦਾ ਹੈ। (ਕਵੀ, ਲੇਖਕ)

ਉੱਤਰ : ਕਵੀ

55. ਨਾਵਲ ਲਿਖਣ ਵਾਲ਼ੇ ਨੂੰ _____ ਕਿਹਾ ਜਾਂਦਾ ਹੈ। (ਨਾਵਲਕਾਰ, ਕਵੀ)

ਉੱਤਰ : ਨਾਵਲਕਾਰ

56. ਨਾਟਕ ਲਿਖਣ ਵਾਲ਼ੇ ਨੂੰ _____ ਕਿਹਾ ਜਾਂਦਾ ਹੈ। (ਨਾਟਕਕਾਰ, ਸਾਹਿਤਕਾਰ)

ਉੱਤਰ : ਨਾਟਕਕਾਰ

57. ਕਹਾਣੀ ਲਿਖਣ ਵਾਲ਼ੇ ਨੂੰ _____ ਕਿਹਾ ਜਾਂਦਾ ਹੈ। (ਕਹਾਣੀਕਾਰ, ਕਲਾਕਾਰ)

ਉੱਤਰ : ਕਹਾਣੀਕਾਰ

58. ਤਰਤੀਬ ਵਿੱਚ ਲਿਖੇ ਲਿਪੀ ਦੇ ਸਾਰੇ ਅੱਖਰਾਂ ਨੂੰ _____ ਕਿਹਾ ਜਾਂਦਾ ਹੈ। (ਵਰਨ-ਮਾਲ਼ਾ, ਲਿਪੀ)

ਉੱਤਰ : ਵਰਨ-ਮਾਲ਼ਾ

59. 'ਲ਼' ਅੱਖਰ ਦੇ ਉਚਾਰਨ ਸਮੇਂ ਜੀਭ ਮੂੰਹ ਵਿੱਚ _____ ਨੂੰ ਛੂੰਹਦੀ ਹੈ। (ਤਾਲੂ ਨਾਲ਼, ਦੰਦਾਂ ਨਾਲ਼)

ਉੱਤਰ : ਤਾਲੂ ਨਾਲ਼

6●. ਗੁਰਮੁਖੀ ਵਿੱਚ ਲਗਾਂ ਦੀ ਗਿਣਤੀ _____ ਹੈ। (1●, 12)

ਉੱਤਰ : 1●

61. ਡੰਡੀ (।) ਦੀ ਵਰਤੋਂ _____ ਲਈ ਕੀਤੀ ਜਾਂਦੀ ਹੈ। (ਪੂਰਨ ਠਹਿਰਾਓ, ਥੋੜ੍ਹੇ ਠਹਿਰਾਅ)

ਉੱਤਰ : ਪੂਰਨ ਠਹਿਰਾਓ

62. ਕੌਮੇ (,) ਦੀ ਵਰਤੋਂ _____ ਨੂੰ ਪ੍ਰਗਟ ਕੀਤੀ ਜਾਂਦੀ ਹੈ। (ਥੋੜ੍ਹੇ ਠਹਿਰਾਅ, ਪੂਰਨ ਠਹਿਰਾਅ)

ਉੱਤਰ : ਥੋੜ੍ਹੇ ਠਹਿਰਾਅ

63. ਗੁਰਮੁਖੀ ਲਿਪੀ _____ ਤੋਂ _____ ਲਿਖੀ ਜਾਂਦੀ ਹੈ। (ਖੱਬੇ ਤੋਂ ਸੱਜੇ, ਸੱਜੇ ਤੋਂ ਖੱਬੇ)

ਉੱਤਰ : ਖੱਬੇ ਤੋਂ ਸੱਜੇ

64. ਬਿੰਦੀ ਅਤੇ ਟਿੱਪੀ _____ ਚਿੰਨ੍ਹ ਹਨ। (ਨਾਸਿਕੀ, ਫ਼ਾਰਸੀ)

ਉੱਤਰ : ਨਾਸਿਕੀ

65. ਨਾਂਵ ਦੀਆਂ _____ ਕਿਸਮਾਂ ਹੁੰਦੀਆਂ ਹਨ। (ਪੰਜ, ਛੇ)

ਉੱਤਰ : ਪੰਜ

66. ਪੜਨਾਂਵ ਦੀਆਂ _____ ਕਿਸਮਾਂ ਹੁੰਦੀਆਂ ਹਨ। (ਛੇ, ਪੰਜ)

ਉੱਤਰ : ਛੇ

67. ਦੂਜਿਆਂ ਦਾ ਭਲਾ ਕਰਨ ਵਾਲ਼ਾ _____ ਕਹਾਉਂਦਾ ਹੈ। (ਪਰਉਪਕਾਰੀ, ਸੁਆਰਥੀ)

ਉੱਤਰ : ਪਰਉਪਕਾਰੀ

68. ਆਪਣੇ ਆਪ ਨੂੰ ਮਾਰਨ ਵਾਲ਼ਾ _____ ਕਹਾਉਂਦਾ ਹੈ। (ਆਤਮਘਾਤੀ, ਹਤਿਆਰਾ)

ਉੱਤਰ : ਆਤਮਘਾਤੀ

69. ਜਿਸ ਦੀ ਉਲ਼ਾਦ ਨਾ ਹੋਵੇ, ਉਸ ਨੂੰ _____ ਕਹਿੰਦੇ ਹਨ। (ਔਤਰਾ, ਪਰਾਇਆ)

ਉੱਤਰ : ਔਤਰਾ

7●. ਭਾਸ਼ਾ ਦੀ ਸਭ ਤੋਂ ਛੋਟੀ ਇਕਾਈ _____ ਹੈ। (ਸ਼ਬਦ, ਅੱਖਰ)

ਉੱਤਰ : ਅੱਖਰ

71. ਜਿਨ੍ਹਾਂ ਸ਼ਬਦਾਂ ਦਾ ਕੋਈ ਅਰਥ ਹੋਵੇ, ਉਹਨਾਂ ਨੂੰ _____ ਕਹਿੰਦੇ ਹਨ। (ਸਾਰਥਕ ਸ਼ਬਦ, ਨਿਰਾਰਥਕ ਸ਼ਬਦ)

ਉੱਤਰ : ਸਾਰਥਕ ਸ਼ਬਦ

72. ਜਿਨ੍ਹਾਂ ਸ਼ਬਦਾਂ ਦਾ ਕੋਈ ਅਰਥ ਨਾ ਹੋਵੇ ਉਹਨਾਂ ਨੂੰ _____ ਕਹਿੰਦੇ ਹਨ। (ਸਾਰਥਕ ਸ਼ਬਦ, ਨਿਰਾਰਥਕ ਸ਼ਬਦ)

ਉੱਤਰ : ਨਿਰਾਰਥਕ ਸ਼ਬਦ

73. ਹੋੜਾ ਲਗਾਉਣ ਨਾਲ਼ _____ ਅੱਖਰ ਦਾ ਮੂੰਹ ਖੁੱਲ੍ਹ ਜਾਂਦਾ ਹੈ। (ੳ, ਓ)

ਉੱਤਰ : ੳ

74. ਜਿਹੜੇ ਅੱਖਰ ਨੂੰ ਕੋਈ ਲਗ ਨਹੀਂ ਲੱਗਦੀ, ਉਸ ਨੂੰ _____ ਕਿਹਾ ਜਾਂਦਾ ਹੈ। (ਮੁਕਤਾ, ਸੂਰ)

ਉੱਤਰ : ਮੁਕਤਾ

75. ੳ, ਅ, ੲ ਗੁਰਮੁਖੀ ਲਿਪੀ ਦੇ _____ ਹਨ। (ਸੂਰ, ਵਿਅੰਜਨ)

ਉੱਤਰ : ਸੂਰ

76. ਜਨਮ ਤੋਂ ਹੀ ਮਾਂ ਕੋਲੋਂ ਸਿੱਖੀ ਹੋਈ ਭਾਸ਼ਾ ਨੂੰ _____ ਕਹਿੰਦੇ ਹਨ। (ਮਾਤ-ਭਾਸ਼ਾ, ਸਾਹਿਤਿਕ ਭਾਸ਼ਾ)

ਉੱਤਰ : ਮਾਤ-ਭਾਸ਼ਾ

77. ਕਾਰਜ ਦੇ ਆਧਾਰ 'ਤੇ ਸ਼ਬਦਾਂ ਦੀਆਂ ਕਿਸਮਾਂ _____ ਹਨ। (ਅੱਠ, ਦਸ)

ਉੱਤਰ : ਅੱਠ

78. ਉਜਾੜਨਾ ਦਾ ਵਿਰੋਧੀ ਸ਼ਬਦ _____ ਕਹਿੰਦੇ ਹਨ। (ਵਸਾਉਣਾ, ਹਸਾਉਣਾ)

ਉੱਤਰ : ਵਸਾਉਣਾ

79. ਨਵੇਂ ਅੱਖਰ ਸ਼ਾਮਲ ਹੋਣ ਨਾਲ਼ ਗੁਰਮੁਖੀ ਦੇ ਅੱਖਰਾਂ ਦੀ ਗਿਣਤੀ _____ ਹੋ ਗਈ। (41, 35)

ਉੱਤਰ : 41

8●. ਸ਼,ਖ਼,ਜ਼,ਗ਼,ਫ਼ _____ ਭਾਸ਼ਾ ਦੀਆਂ ਧੁਨੀਆਂ ਹਨ। (ਫ਼ਾਰਸੀ ਭਾਸ਼ਾ, ਅਰਬੀ ਭਾਸ਼ਾ)

ਉੱਤਰ : ਫ਼ਾਰਸੀ ਭਾਸ਼ਾ

81. ਮਾਝੀ, ਦੁਆਬੀ, ਪੁਆਧੀ, ਮਲਵਈ, ਪੋਠੋਹਾਰੀ _____ ਭਾਸ਼ਾ ਦੀਆਂ ਉਪਭਾਸ਼ਾਵਾਂ ਹਨ। (ਪੰਜਾਬੀ, ਹਿੰਦੀ)

ਉੱਤਰ : ਪੰਜਾਬੀ

82. ਪੰਜਾਬ ਦੀ ਰਾਜ-ਭਾਸ਼ਾ _____ ਹੈ। (ਪੰਜਾਬੀ/ਤਾਮਿਲ)

ਉੱਤਰ : ਪੰਜਾਬੀ

83. ਸਿਹਾਰੀ ਦਾ ਸਹੀ ਚਿੰਨ੍ਹ _____ ਹੈ। (ਿ / ੀ)

ਉੱਤਰ : ਿ

84. ਬਿਹਾਰੀ ਦਾ ਸਹੀ ਚਿੰਨ੍ਹ _____ ਹੈ। (ਿ / ੀ)

ਉੱਤਰ : ੀ

85. ਔਂਕੜ ਦਾ ਸਹੀ ਚਿੰਨ੍ਹ _____ ਹੈ। ( ੁ / ੂ )

ਉੱਤਰ : ੁ

86. ਭਾਸ਼ਾ ਦਾ ਸ਼ੁੱਧ ਅਤੇ ਮਿਆਰੀ ਰੂਪ ਲਿਖਣ ਲਈ _____ ਦੀ ਜ਼ਰੂਰਤ ਹੁੰਦੀ ਹੈ। (ਵਿਆਕਰਨ, ਸਾਹਿਤ)

ਉੱਤਰ : ਵਿਆਕਰਨ

87. ਪੰਜਾਬੀ ਭਾਸ਼ਾ ਦੀਆਂ ਉਪਬੋਲੀਆਂ ਪੋਠੋਹਾਰੀ, ਮੁਲਤਾਨੀ ਤੇ ਝਾਂਗੀ _____ ਵਿੱਚ ਬੋਲੀਆਂ ਜਾਂਦੀਆਂ ਹਨ। (ਪਾਕਿਸਤਾਨ/ਭਾਰਤ)

ਉੱਤਰ : ਪਾਕਿਸਤਾਨ

88. ਪੰਜਾਬੀ ਭਾਸ਼ਾ ਨੂੰ ਰਾਜ-ਭਾਸ਼ਾ ਦਾ ਦਰਜਾ _____ ਵਿੱਚ ਪ੍ਰਾਪਤ ਹੈ। (ਪੰਜਾਬ ਰਾਜ/ਹਰਿਆਣਾ ਰਾਜ)

ਉੱਤਰ : ਪੰਜਾਬ ਰਾਜ

89. ਜੋ ਸ਼ਬਦ ਇੱਕ ਤੇ ਬਹੁਤੀਆਂ ਚੀਜ਼ਾਂ ਦੇ ਭੇਦ ਨੂੰ ਪ੍ਰਗਟ ਕਰੇ, ਉਸ ਨੂੰ _____ ਕਹਿੰਦੇ ਹਨ। (ਵਚਨ, ਲਿੰਗ-ਪੁਲਿੰਗ)

ਉੱਤਰ : ਬਹੁਵਚਨ

9●. ਜੋ ਸ਼ਬਦ ਇਸਤਰੀ ਅਤੇ ਪੁਰਖ ਦੇ ਭੇਦ ਨੂੰ ਪ੍ਰਗਟ ਕਰੇ ਉਸ ਨੂੰ _____ ਕਹਿੰਦੇ ਹਨ। (ਬਹੁਵਚਨ, ਲਿੰਗ-ਪੁਲਿੰਗ)

ਉੱਤਰ : ਲਿੰਗ-ਪੁਲਿੰਗ

91. ਪੰਜਾਬੀ ਭਾਸ਼ਾ ਵਿੱਚ ਵਿਅੰਜਨ ਧੁਨੀਆਂ _____ ਹਨ। (ੳ, ਅ, ੲ; ਸ ਤੋਂ ੜ)

ਉੱਤਰ : ਸ ਤੋਂ ੜ

92. 'ਉਹ ਦਿਨ ਡੁੱਬਾ ਜਦ ਘੋੜੀ ਚੜ੍ਹਿਆ ਕੁੱਬਾ', ਇਹ ਵਾਕ _____ ਹੈ। (ਅਖਾਣ, ਮੁਹਾਵਰਾ)

ਉੱਤਰ : ਅਖਾਣ

93. 'ਹੱਡੀਆਂ ਦੀ ਮੁੱਠ ਹੋਣਾ' ਇਹ ਵਾਕ _____ ਹੈ। (ਅਖਾਣ, ਮੁਹਾਵਰਾ)

ਉੱਤਰ : ਮੁਹਾਵਰਾ

94. 'ਇਹ ਲੱਕੜੀ ਹੈ।' ਇਹ ਵਾਕ _____ ਹੈ। (ਸਧਾਰਨ ਵਾਕ, ਮਿਸ਼ਰਤ ਵਾਕ)

ਉੱਤਰ : ਸਧਾਰਨ ਵਾਕ

95. 'ਨੀਲਮ ਚਾਹ ਬਣਾ ਰਹੀ ਸੀ, ਜਦੋਂ ਲੜਕੇ ਵਾਲ਼ੇ ਵੇਖਣ ਆ ਗਏ।' ਇਹ ਵਾਕ _____ ਨਾਲ਼ ਸੰਬੰਧਿਤ ਹੈ। (ਭੂਤ ਕਾਲ, ਵਰਤਮਾਨਕਾਲ)

ਉੱਤਰ : ਭੂਤ ਕਾਲ

96. 'ਇਹ ਲੱਕੜੀ ਹੈ।' ਇਹ ਵਾਕ _____ ਹੈ। (ਸਧਾਰਨ ਵਾਕ, ਮਿਸ਼ਰਤ ਵਾਕ)

ਉੱਤਰ : ਸਧਾਰਨ ਵਾਕ

97. 'ਕਮਲੇਸ਼ ਨੇ ਗਾਣਾ ਗਾਇਆ' ਸ਼ਬਦ _____ ਕਾਲ ਨੂੰ ਦਰਸਾਉਂਦਾ ਹੈ।(ਭੂਤਕਾਲ, ਵਰਤਮਾਨ ਕਾਲ)

ਉੱਤਰ : ਭੂਤਕਾਲ

98. ਵਿਆਕਰਨ ਵਿੱਚ ਡੰਡੀ ਦਾ ਵਿਸਰਾਮ ਚਿੰਨ______ ਹੁੰਦਾ ਹੈ।( । / ! ) ਉੱਤਰ ।

99. ਵਿਆਕਰਨ ਵਿੱਚ ਪ੍ਰਸ਼ਨਿਕ ਚਿੰਨ______ ਹੁੰਦਾ ਹੈ।( ? / । ) ਉੱਤਰ ?

**ਲੜੀ ਨੰ. 3. ਹੇਠ ਲਿਖੇ ਕਥਨਾਂ ਦੇ ਸਾਮ੍ਹਣੇ ਸਹੀ ਜਾਂ ਗ਼ਲਤ ਲਿਖੋ : (ਪ੍ਰਸ਼ਨ ਨੰ. 9 ਤੋਂ 12 ਨਾਲ ਸੰਬੰਧਿਤ)**

1. ਡੰਡੀ (।) ਦੀ ਵਰਤੋਂ ਪੂਰਨ ਠਹਿਰਾਓ ਲਈ ਕੀਤੀ ਜਾਂਦੀ ਹੈ।✔
2. ਪ੍ਰਸ਼ਨਵਾਚਕ ਚਿੰਨ੍ਹ (?) ਦੀ ਵਰਤੋਂ ਖ਼ੁਸ਼ੀ, ਗ਼ਮੀ, ਹੈਰਾਨੀ ਪ੍ਰਗਟ ਕਰਨ ਲਈ ਕੀਤੀ ਜਾਂਦੀ ਹੈ।✘
3. ਵਿਸਮਕ ਚਿੰਨ੍ਹ (!) ਦੀ ਵਰਤੋਂ ਪ੍ਰਸ਼ਨ ਪੁੱਛਣ ਲਈ ਕੀਤੀ ਜਾਂਦੀ ਹੈ।✘
4. ਕਾਮੇ (,) ਦੀ ਵਰਤੋਂ ਥੋੜ੍ਹੇ ਠਹਿਰਾਅ ਨੂੰ ਪ੍ਰਗਟ ਕਰਨ ਲਈ ਕੀਤੀ ਜਾਂਦੀ ਹੈ।✔
5. ਪੁੱਠੇ ਕਾਮੇ ਦੋ ਤਰ੍ਹਾਂ ਦੇ ਹੁੰਦੇ ਹਨ।✔
6. ਵਿਆਕਰਨ ਦੀ ਪੜ੍ਹਾਈ ਭਾਸ਼ਾ ਸਿੱਖਣ ਲਈ ਜ਼ਰੂਰੀ ਨਹੀਂ ਹੈ।✘
7. ਵਿਆਕਰਨ ਦੇ ਚਾਰ ਮੁੱਖ ਅੰਗ ਹਨ।✔
8. ਵਿਆਕਰਨ ਵਿੱਚ ਸ਼ਬਦਾਂ ਦੀ ਵਿਆਖਿਆ ਵਾਲ਼ੇ ਭਾਗ ਨੂੰ ਵਾਕ-ਬੋਧ ਕਹਿੰਦੇ ਹਨ।✘
9. ਰੂਪ ਦੇ ਆਧਾਰ 'ਤੇ ਸ਼ਬਦ ਦੋ ਪ੍ਰਕਾਰ ਦੇ ਹੁੰਦੇ ਹਨ। ✔
10. ਧੁਨੀ-ਬੋਧ ਅਧੀਨ ਭਾਸ਼ਾਈ ਧੁਨੀਆਂ ਦਾ ਅਧਿਐਨ ਕੀਤਾ ਜਾਂਦਾ ਹੈ। ✔
11. ਭਾਸ਼ਾ ਦੋ ਪ੍ਰਕਾਰ ਦੀ ਹੁੰਦੀ ਹੈ।✔
12. ਮਾਤ-ਭਾਸ਼ਾ ਬੱਚਾ ਸਕੂਲ ਤੋਂ ਸਿੱਖਦਾ ਹੈ।✘
13. ਆਪਣੇ ਭਾਵਾਂ ਨੂੰ ਪ੍ਰਗਟ ਕਰਨ ਲਈ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ।✔
14. ਮਾਝੀ ਪੰਜਾਬੀ ਦੀ ਉਪਭਾਸ਼ਾ ਹੈ।✔
15. ਨਵਾਂਸ਼ਹਿਰ ਅਤੇ ਜਲੰਧਰ ਵਿੱਚ ਮਾਝੀ ਉਪਭਾਸ਼ਾ ਬੋਲੀ ਜਾਂਦੀ ਹੈ।✘
16. ਰੂਪਨਗਰ ਵਿੱਚ ਪੁਆਧੀ ਉਪਭਾਸ਼ਾ ਬੋਲੀ ਜਾਂਦੀ ਹੈ।✔
17. ਰਾਵੀ ਅਤੇ ਬਿਆਸ ਦਰਿਆਵਾਂ ਦੇ ਵਿਚਕਾਰਲੇ ਖੇਤਰ ਵਿੱਚ ਮਾਝੀਉਪਭਾਸ਼ਾ ਬੋਲੀ ਜਾਂਦੀ ਹੈ।✔

18. ਮੂੰਹ ਵਿੱਚੋਂ ਨਿਕਲ਼ਨ ਵਾਲ਼ੀ ਅਵਾਜ਼ ਨੂੰ ਧੁਨੀ ਕਿਹਾ ਜਾਂਦਾ ਹੈ। ✔

19. ਪੰਜਾਬੀ ਵਰਨ-ਮਾਲ਼ਾ ਵਿੱਚ 41 ਧੁਨੀਆਂ ਹਨ। ✔

2●. ਅੱਖਰ ਦੋ ਪ੍ਰਕਾਰ ਦੇ ਹੁੰਦੇ ਹਨ। ✔

21. ਬਿੰਦੀ ਅਤੇ ਟਿੱਪੀ ਨਾਸਿਕੀ ਚਿੰਨ੍ਹ ਹਨ। ✔

22. ਚਿੰਨ੍ਹਾਂ ਦੇ ਸਮੂਹ ਨੂੰ ਲਿਪੀ ਕਿਹਾ ਜਾਂਦਾ ਹੈ। ✔

23. ਪੰਜਾਬੀ ਭਾਸ਼ਾ ਦੀ ਲਿਪੀ ਦੇਵਨਾਗਰੀ ਹੈ। ✘

24. ਗੁਰਮੁਖੀ ਲਿਪੀ ਵਿੱਚ ਸੱਜੇ ਤੋਂ ਖੱਬੇ ਲਿਖਿਆ ਜਾਂਦਾ ਹੈ। ✘

25. ਲਿਪੀ ਦੇ ਅੱਖਰਾਂ ਨੂੰ ਤਰਤੀਬ ਵਿੱਚ ਲਿਖਣ ਨਾਲ਼ ਵਰਨ-ਮਾਲ਼ਾ ਬਣਦੀ ਹੈ। ✔

26. ਪੰਜਾਬੀ ਵਰਨ-ਮਾਲ਼ਾ ਨੂੰ ਪੈਂਤੀ ਵੀ ਕਿਹਾ ਜਾਂਦਾ ਹੈ। ✔

27. ਪੰਜਾਬੀ ਭਾਸ਼ਾ ਲਿਖਣ ਲਈ ਲਗਾਂ-ਮਾਤਰਾ ਦੀ ਲੋੜ ਨਹੀਂ ਪੈਂਦੀ। ✘

28. ਪੰਜਾਬੀ ਭਾਸ਼ਾ ਵਿੱਚ 1● ਲਗਾਂ-ਮਾਤਰਾਵਾਂ ਹਨ। ✔

29. ਮੁਕਤਾ ਲਗ ਦਾ ਕੋਈ ਚਿੰਨ੍ਹ ਨਹੀਂ ਹੁੰਦਾ। ✔

3●. ਪੰਜਾਬੀ ਭਾਸ਼ਾ ਵਿੱਚ ਤਿੰਨ ਲਗਾਖਰ ਹਨ। ✔

31. ਅਧਕ ਦੀ ਵਰਤੋਂ ਦੁੱਤੀਕਰਨ ਲਈ ਹੁੰਦੀ ਹੈ। ✔

32. ਸਾਰਥਕ ਸ਼ਬਦਾਂ ਦਾ ਕੋਈ ਅਰਥ ਨਹੀਂ ਹੁੰਦਾ। ✘

33. ਕਾਰਜ ਦੇ ਆਧਾਰ ’ਤੇ ਸ਼ਬਦ ਅੱਠ ਪ੍ਰਕਾਰ ਦੇ ਹਨ। ✔

34. ਰੂਪ ਦੇ ਆਧਾਰ ’ਤੇ ਸ਼ਬਦ ਵਿਕਾਰੀ ਅਤੇ ਅਵਿਕਾਰੀ ਹੁੰਦੇ ਹਨ। ✔

35. ਵਾਕ ਭਾਸ਼ਾ ਦੀ ਵੱਡੀ ਤੋਂ ਵੱਡੀ ਇਕਾਈ ਹੈ। ✔

36. ਜਿਨ੍ਹਾਂ ਸ਼ਬਦਾਂ ਰਾਹੀਂ ਮਨੁੱਖ, ਚੀਜ਼ਾਂ ਅਤੇ ਥਾਵਾਂ ਦੇ ਨਾਮ ਪ੍ਰਗਟ ਹੁੰਦੇ ਹਨ, ਨੂੰ ਨਾਂਵ ਕਹਿੰਦੇ ਹਨ। ✔

37. ਨਾਂਵ ਪੰਜ ਕਿਸਮਾਂ ਦੇ ਹੁੰਦੇ ਹਨ। ✔

38. ਮੁੰਡਾ, ਕੁੜੀ, ਕਿਤਾਬ ਸ਼ਬਦ ਆਮ ਨਾਂਵ। ✔

39. ਟੀਮ, ਫ਼ੌਜ, ਟੋਲੀ, ਸੰਗਤ ਇਕੱਠਵਾਚਕ ਨਾਂਵ ਦੇ ਉਦਾਹਰਨ ਹਨ। ✔

4●. ਜਿਹੜੇ ਨਾਂਵ ਗਿਣਨਯੋਗ ਚੀਜ਼ਾਂ ਲਈ ਵਰਤੇ ਜਾਣ, ਉਹਨਾਂ ਨੂੰ ਇਕੱਠਵਾਚਕ ਨਾਂਵ ਕਹਿੰਦੇ ਹਨ। ✔

41. ਮਿਠਾਸ ਭਾਵਵਾਚਕ ਨਾਂਵ ਦੀ ਉਦਾਹਰਨ ਹੈ। ✔

42. ਝੂਠ ਸ਼ਬਦ ਭਾਵਵਾਚਕ ਨਾਂਵ ਹੈ। ✔

43. ਜਿਹੜਾ ਸ਼ਬਦ ਨਾਂਵ ਦੀ ਥਾਂ ਵਰਤਿਆ ਜਾਵੇ, ਉਸ ਨੂੰ ਪੜਨਾਂਵ ਕਹਿੰਦੇ ਹਨ। ✔

44. ਪੜਨਾਂਵ ਦੀਆਂ 6 ਕਿਸਮਾਂ ਹਨ। ✔

45. ਪ੍ਰਸ਼ਨਵਾਚਕ ਪੜਨਾਂਵ ਦੀ ਵਰਤੋਂ ਪ੍ਰਸ਼ਨ ਪੁੱਛਣ ਲਈ ਕੀਤੀ ਜਾਂਦੀ ਹੈ। ✔

46. ਮੈਂ, ਤੂੰ, ਅਸੀਂ, ਤੁਸੀਂ ਪ੍ਰਸ਼ਨਵਾਚਕ ਪੜਨਾਂਵ ਹਨ। ✘

47. ਪੁਰਖਵਾਚਕ ਪੜਨਾਂਵ ਤਿੰਨ ਪ੍ਰਕਾਰ ਦੇ ਹੁੰਦੇ ਹਨ। ✔

48. ਮੇਜ਼ ਸ਼ਬਦ ਪੁਰਚਵਾਚਕ ਪੜਨਾਂਵ ਹੈ। ✘

49. ਕਿਹੜਾ, ਕੌਣ, ਕਿਸ ਆਦਿ ਪ੍ਰਸ਼ਨਵਾਚਕ ਪੜਨਾਂਵ ਹਨ। ✔

50. ਮੈਂ, ਤੂੰ, ਉਹ ਪੁਰਖਵਾਚਕ ਪੜਨਾਂਵ ਹਨ। ✔

51. ਨਾਂਵ ਦੀ ਥਾਂ 'ਤੇ ਵਰਤਿਆ ਜਾਣ ਵਾਲ਼ਾ ਸ਼ਬਦ ਵਿਸ਼ੇਸ਼ਣ ਹੁੰਦਾ ਹੈ। ✘

52. ਵਿਸ਼ੇਸ਼ਣ ਵਿਸ਼ੇਸ਼ਤਾ ਦੱਸਣ ਲਈ ਵਰਤਿਆ ਜਾਂਦਾ ਹੈ। ✔

53. ਵਿਸ਼ੇਸ਼ਣ ਦੀਆਂ ਪੰਜ ਕਿਸਮਾਂ ਹੁੰਦੀਆਂ ਹਨ। ✔

54. 'ਮੇਰੀ ਚੁੰਨੀ ਦਾ ਰੰਗ ਪੀਲ਼ਾ', ਹੈ ਇਸ ਵਾਕ ਵਿੱਚ 'ਪੀਲ਼ਾ' ਸ਼ਬਦ ਵਿਸ਼ੇਸ਼ਣ ਹੈ। ✔

55. ਸੰਖਿਆਵਾਚਕ ਵਿਸ਼ੇਸ਼ਣ 6 ਪ੍ਰਕਾਰ ਦੇ ਹੁੰਦੇ ਹਨ। ✔

56. ਕਿਰਿਆ ਦੀਆਂ ਤਿੰਨ ਕਿਸਮਾਂ ਹੁੰਦੀਆਂ ਹਨ। ✘

57. 'ਉਹ ਖੇਡਦਾ ਹੈ' ਕਿਰਿਆ ਦੀ ਉਦਾਹਰਨ ਹੈ। ✔

58. ਅਕਰਮਕ ਕਿਰਿਆ ਵਿੱਚ ਕਰਤਾ ਅਤੇ ਕਰਮ ਹੁੰਦੇ ਹਨ। ✘

59. ਸਕਰਮਕ ਕਿਰਿਆ ਵਿੱਚ ਕੇਵਲ ਕਰਤਾ ਹੀ ਪ੍ਰਧਾਨ ਹੁੰਦਾ ਹੈ। ✘

60. 'ਉਹ ਗੀਤ ਗਾਉਂਦੇ ਹਨ', ਸਕਰਮਕ ਕਿਰਿਆ ਦੀ ਉਦਾਹਰਨ ਹੈ। ✔

61. 'ਉਹ ਦੌੜਦੇ ਹਨ', ਵਾਕ ਵਿੱਚ 'ਦੌੜਦੇ' ਸ਼ਬਦ ਕਿਰਿਆ ਦੀ ਉਦਾਹਰਨ ਹੈ।✔

62. ਕਿਰਿਆ ਦੀ ਵਿਸ਼ੇਸ਼ਤਾ ਪ੍ਰਗਟ ਕਰਨ ਵਾਲ਼ਾ ਸ਼ਬਦ ਕਿਰਿਆ-ਵਿਸ਼ੇਸ਼ਣ ਕਹਾਉਂਦਾ ਹੈ। ✔

63. ਕਿਰਿਆ-ਵਿਸ਼ੇਸ਼ਣ ਦੀਆਂ ਕਿਸਮਾਂ ਹਨ। ✔

64. ਕਾਲਵਾਚਕ ਕਿਰਿਆ-ਵਿਸ਼ੇਸ਼ਣ ਵਿੱਚ ਕੰਮ ਦੇ ਸਥਾਨ ਦਾ ਪਤਾ ਚੱਲਦਾ ਹੈ। ✘

65. ਦੋ ਵਾਕਾਂ ਨੂੰ ਜੋੜਨ ਵਾਲ਼ੇ ਸ਼ਬਦ ਯੋਜਕ ਹੁੰਦੇ ਹਨ। ✔

66. 'ਇਹ ਰਾਮ ਦੀ ਪੁਸਤਕ ਹੈ', ਵਾਕ ਵਿੱਚ 'ਦੀ' ਸ਼ਬਦ ਸੰਬੰਧਕ ਹੈ। ✔

66. ਸੰਬੰਧਕ ਤਿੰਨ ਪ੍ਰਕਾਰ ਦੇ ਹੁੰਦੇ ਹਨ। ✔

67. ਯੋਜਕ ਦੀਆਂ ਦੋ ਮੁੱਖ ਕਿਸਮਾਂ ਹਨ। ✔

68. ਖ਼ੁਸ਼ੀ, ਗ਼ਮੀ ਹੈਰਾਨੀ ਪ੍ਰਗਟ ਕਰਨ ਵਾਲ਼ੇ ਸ਼ਬਦ ਵਿਸਮਕ ਹੁੰਦੇ ਹਨ। ✔

69. ਪੁਰਖਵਾਚਕ, ਇਸਤਰੀਵਾਚਕ ਭੇਦ ਨੂੰ ਲਿੰਗ ਕਿਹਾ ਜਾਂਦਾ ਹੈ। ✔

7●. ਮੁੰਡਾ, ਘੋੜਾ, ਹਾਥੀ ਆਦਿ ਪੁਲਿੰਗ ਸ਼ਬਦ ਹਨ। ✔

71. ਕੁੜੀ, ਘੋੜੀ, ਮੁਰਗੀ ਆਦਿ ਇਸਤਰੀ-ਲਿੰਗ ਸ਼ਬਦ ਹਨ। ✔

72. ਵਚਨ ਦੋ ਪ੍ਰਕਾਰ ਦੇ ਹੁੰਦੇ ਹਨ। ✔

73. 'ਮੁੰਡੇ' ਸ਼ਬਦ ਬਹੁਵਚਨ ਦੀ ਉਦਾਹਰਨ ਹੈ। ✔

74. 'ਕਾਲ' ਸ਼ਬਦ ਤੋਂ ਭਾਵ ਸਮਾਂ ਹੁੰਦਾ ਹੈ। ✔

75. ਕਾਲ ਦੀਆਂ ਦੋ ਕਿਸਮਾਂ ਹਨ। ✘

76. 'ਸੁਰਜੀਤ ਖੇਡਦਾ ਹੈ।' ਵਰਤਮਾਨ ਕਾਲ ਦੀ ਉਦਾਹਰਨ ਹੈ। ✔

77. 'ਸ਼ਾਮ ਖੇਡਦਾ ਹੈ।' ਭੂਤ ਕਾਲ ਦੀ ਉਦਾਹਰਨ ਹੈ। ✘

78. 'ਸੁਰਜੀਤ ਖੇਡਦਾ ਸੀ।' ਭਵਿਖਤ ਕਾਲ ਦੀ ਉਦਾਹਰਨ ਹੈ। ✘

79. ਬਹੁਅਰਥਕ ਸ਼ਬਦਾਂ ਦੇ ਇੱਕ ਤੋਂ ਜ਼ਿਆਦਾ ਅਰਥ ਹੁੰਦੇ ਹਨ। ✔

8●. ਉਸਤਤ ਸ਼ਬਦ ਦਾ ਵਿਰੋਧੀ ਸ਼ਬਦ ਨਿੰਦਾ ਹੈ। ✔

81. 'ਉਚ' ਸ਼ਬਦ ਦਾ ਵਿਰੋਧੀ ਸ਼ਬਦ 'ਨੀਚ' ਹੈ। ✔

82 ਦੂਜਿਆਂ ਦਾ ਭਲਾ ਕਰਨ ਵਾਲ਼ਾ ਪਰਉਪਕਾਰੀ ਕਹਾਉਂਦਾ ਹੈ। ✔

83. ਜਿਸ ਦੀ ਉਲ਼ਾਦ ਨਾ ਹੋਵੇ, ਉਸ ਨੂੰ ਔਤਰਾ ਕਹਿੰਦੇ ਹਨ। ✔

84. ਵਿਸਰਾਮ ਚਿੰਨ੍ਹ ( :-) ਨੂੰ ਦੁਬਿੰਦੀ-ਡੈਸ਼ ਕਹਿੰਦੇ ਹਨ। ✔

85. 'ਸਪੁੱਤਰ' ਸ਼ਬਦ ਦਾ ਵਿਰੋਧੀ ਸ਼ਬਦ 'ਕਪੁੱਤਰ' ਹੈ।✔

86. 'ਤੁਹਾਡਾ ਕੀ ਨਾਮ ਹੈ?' ਵਿਸਮਕ ਵਾਕ ਹੈ। ✘

87. ਪੰਜਾਬੀ ਵਰਨ-ਮਾਲ਼ਾ ਵਿੱਚ 3● ਵਰਨ ਹੁੰਦੇ ਹਨ। ✘

88. ਪੰਜਾਬੀ ਵਰਨ-ਮਾਲ਼ਾ ਵਿੱਚ 5 ਫ਼ਾਰਸੀ ਧੁਨੀਆਂ ਹਨ। ✔

89. 'ਲ਼' ਪੰਜਾਬੀ ਦੀ ਉਲਟ ਜੀਭੀ ਧੁਨੀ ਹੈ। ✔

9●. ਵਿਆਕਰਨ ਨੂੰ ਭਾਸ਼ਾ ਦਾ ਵਿਗਿਆਨ ਕਿਹਾ ਜਾਂਦਾ ਹੈ। ✔

91. ਟਕਸਾਲੀ ਭਾਸ਼ਾ ਦੀ ਵਰਤੋਂ ਦਫ਼ਤਰੀ ਅਤੇ ਪੜ੍ਹਾਈ ਦੇ ਕਾਰਜਾਂ ਲਈ ਕੀਤੀ ਜਾਂਦੀ ਹੈ। ✔

92. ਭਾਸ਼ਾ ਦੀ ਸਭ ਤੋਂ ਛੋਟੀ ਇਕਾਈ 'ਸ਼ਬਦ' ਹੈ। ✘

93. ਨਾਸਿਕੀ ਅੱਖਰਾਂ ਦੇ ਉਚਾਰਨ ਸਮੇਂ ਅਵਾਜ਼ ਨੱਕ ਵਿੱਚੋਂ ਨਿਕਲ਼ਦੀ ਹੈ। ✔

94. ਨਿਰਾਰਥਕ ਸ਼ਬਦਾਂ ਦਾ ਕੋਈ ਅਰਥ ਨਹੀਂ ਹੁੰਦਾ। ✘

95. ੳ, ਅ, ੲ ਦੇ ਉਚਾਰਨ ਸਮੇਂ ਅਵਾਜ਼ ਬਿਨਾਂ ਰੁਕੇ ਮੂੰਹ ਵਿੱਚੋਂ ਨਿਕਲ਼ਦੀ ਹੈ। ✔

96. ਵਰਨ-ਬੋਧ ਨੂੰ ਅੱਖਰ-ਬੋਧ ਵੀ ਕਿਹਾ ਜਾਂਦਾ ਹੈ। ✔

97. ਮਾਤ-ਭਾਸ਼ਾ ਬੱਚਾ ਮਾਂ ਕੋਲ਼ੋ ਸਿੱਖਦਾ ਹੈ। ✔

98. ਦੁਆਬੀ ਅਤੇ ਮਾਝੀ ਪੰਜਾਬੀ ਦੀਆਂ ਉਪਬੋਲੀਆਂ ਹਨ। ✔

99. ਮਲਵਈ ਪੱਛਮੀ ਪੰਜਾਬ ਦੀ ਉਪਬੋਲੀ ਹੈ। ✘

## ਲੜੀ ਨੰ. 4 ਸਹੀ ਮਿਲਾਣ ਕਰੋ। (ਪ੍ਰਸ਼ਨ 13 ਤੋਂ 15 ਨਾਲ ਸੰਬੰਧਿਤ)

1. ਸਹੀ ਵਿਸਰਾਮ-ਚਿੰਨ੍ਹ ਮਿਲ਼ਾਓ :

| | |
|---|---|
| (ੳ) ਡੰਡੀ | (ਅ) ? |
| (ਅ) ਪ੍ਰਸ਼ਨਿਕ | (ਸ) ( ) |
| (ੲ) ਬਿੰਦੀ-ਕਾਮਾ | (ੳ) । |
| (ਸ) ਬ੍ਰੈਕਟ | (ੲ) ; |

2. **ਉਪਬੋਲੀ ਨਾਲ਼ ਸੰਬੰਧਿਤ ਇਲਾਕੇ ਦੀ ਪਛਾਣ ਕਰੋ :**

| | |
|---|---|
| (ੳ) ਦੁਆਬੀ | ( ੲ) ਰੋਪੜ |
| (ਅ) ਮਾਝੀ | (ਸ) ਲੁਧਿਆਣਾ |

(ੲ) ਪੁਆਧੀ (ੳ) ਸ਼ਹੀਦ ਭਗਤ ਸਿੰਘ ਨਗਰ

(ਸ) ਮਲਵਈ (ਅ) ਅੰਮ੍ਰਿਤਸਰ

3. **ਸਹੀ ਮਿਲਾਣ ਕਰੋ :**

(ੳ) ਕ,ਖ,ਗ (ਅ) ਦੰਤੀ ਵਿਅੰਜਨ

(ਅ) ਤ, ਥ, ਦ (ੳ) ਕੰਠੀ ਵਿਅੰਜਨ

(ੲ) ਪ, ਫ, ਬ (ਸ) ਤਾਲਵੀ ਵਿਅੰਜਨ

(ਸ) ਚ, ਛ,ਜ (ੲ) ਹੋਠੀ ਵਿਅੰਜਨ

4. ਭਾਸ਼ਾਵਾਂ ਲਈ ਢੁਕਵੀਂ ਲਿਪੀ ਹੈ :

(ੳ) ਪੰਜਾਬੀ (ੲ) ਦੇਵਨਾਗਰੀ

(ਅ) ਅੰਗਰੇਜ਼ੀ (ੳ) ਗੁਰਮੁਖੀ

(ੲ) ਹਿੰਦੀ (ਅ) ਰੋਮਨ

5. **ਪੰਜਾਬੀ ਦੀਆਂ ਲਗਾਂ ਦੀ ਸਹੀ ਪਛਾਣ ਕਰੋ :**

(ੳ) ਸਿਹਾਰੀ (ਸ) ੋ

(ਅ) ਔਂਕੜ (ੲ) ੇ

(ੲ) ਲਾਂ (ਅ) _

(ਸ) ਹੋੜਾ (ੳ) f

6. **ਨਾਂਵ ਦੀਆਂ ਕਿਸਮਾਂ ਦੀ ਪਛਾਣ ਕਰਕੇ ਸਹੀ ਮਿਲਾਣ ਕਰੋ :**

(ੳ) ਚੰਡੀਗੜ੍ਹ, ਬਿਆਸ (ੲ) ਆਮ ਨਾਂਵ

(ਅ) ਦੁੱਖ, ਸੁੱਖ (ਸ) ਇਕੱਠਵਾਚਕ ਨਾਂਵ

(ੲ) ਘਰ, ਸ਼ਹਿਰ (ਅ) ਭਾਵਵਾਚਕ ਨਾਂਵ

(ਸ) ਕਮੇਟ, ਫ਼ੌਜ (ੳ) ਖ਼ਾਸ ਨਾਂਵ

7. **ਸਹੀ ਮਿਲਾਣ ਕਰੋ :**

(ੳ) ਪਰਿਮਾਣਵਾਚਕ ਵਿਸ਼ੇਸ਼ਣ (ਅ) ਸੋਹਣਾ, ਪਤਲਾ

| | |
|---|---|
| (ਅ) ਗੁਣਵਾਚਕ ਵਿਸ਼ੇਸ਼ਣ | (ਸ) ਇਹ, ਔਹ |
| (ੲ) ਸੰਖਿਆਵਾਚਕ ਵਿਸ਼ੇਸ਼ਣ | (ੳ) ਜ਼ਰਾ ਕੁ, ਕਿੰਨਾ ਸਾਰਾ |
| (ਸ) ਨਿਸ਼ਚੇਵਾਕ ਵਿਸ਼ੇਸ਼ਣ | (ੲ) ਦਸ, ਹਜ਼ਾਰ |

8. **ਕਿਰਿਆ-ਵਿਸ਼ੇਸ਼ਣ ਦੀ ਕਿਸਮ ਮਿਲ਼ਾਓ :**

| | |
|---|---|
| (ੳ) ਕਿਉਂ, ਇਸ ਕਰਕੇ | (ਅ) ਸਥਾਨਵਾਚਕ |
| (ਅ) ਅੰਦਰ, ਵਿਚਕਾਰ | (ਸ) ਪ੍ਰਕਾਰਵਾਚਕ |
| (ੲ) ਕੱਲ੍ਹ, ਸਵੇਰੇ | (ੳ) ਕਾਰਨਵਾਚਕ |
| (ਸ) ਹੌਲ਼ੀ, ਛੇਤੀ | (ੲ) ਕਾਲਵਾਚਕ |

9. **ਸਹੀ ਵਿਸਮਕ ਮਿਲ਼ਾਓ :**

| | |
|---|---|
| (ੳ) ਖ਼ਬਰਦਾਰ | (ੲ) ਅਸੀਸਵਾਚਕ |
| (ਅ) ਜੀ ਆਇਆ ਨੂੰ | (ਸ) ਪ੍ਰਸੰਸਾਵਾਚਕ |
| (ੲ) ਖ਼ੁਸ਼ ਰਹੋ | (ਅ) ਸਤਿਕਾਰਵਾਚਕ |
| (ਸ) ਸ਼ਾਬਾਸ਼ | (ੳ) ਸੂਚਨਾਵਾਚਕ |

10. **ਸਹੀ ਪੁਲਿੰਗ ਮਿਲਾਓ :**

| | |
|---|---|
| (ੳ) ਹਿਰਨ | (ੲ) ਭਗਤਣੀ |
| (ਅ) ਜੇਠ | (ਸ) ਤੱਕੜੀ |
| (ੲ) ਭਗਤ | (ੳ) ਹਿਰਨੀ |
| (ਸ) ਤੱਕੜ | (ਅ) ਜਠਾਣੀ |

11. ਸਹੀ ਵਚਨ ਬਦਲੋ :

| | |
|---|---|
| (ੳ) ਛੋਟੀ ਕੁੜੀ ਖੇਡਦੀ ਹੈ | (ਅ) ਲੜਕਾ ਕੰਪਿਊਟਰ ਦੇਖਦਾ ਹੈ। |
| (ਅ) ਲੜਕੇ ਕੰਪਿਊਟਰ ਦੇਖਦੇ ਹਨ | (ਸ) ਕੁੱਤੇ ਭੌਂਕ ਰਹੇ ਹਨ। |
| (ੲ) ਮੋਰ ਪੈਲਾਂ ਪਾ ਰਹੇ ਸਨ | (ੳ) ਛੋਟੀਆਂ ਕੁੜੀਆਂ ਖੇਡਦੀਆਂ ਹਨ। |
| (ਸ) ਕੁੱਤਾ ਭੌਂਕ ਰਿਹਾ ਹੈ | (ੲ) ਮੋਰ ਪੈਲਾਂ ਪਾ ਰਿਹਾ ਸੀ। |

12. **ਸਹੀ ਮਿਲਾਣ ਕਰੋ :**

| | |
|---|---|
| (ੳ) ਕੁਰਸੀ | (ਸ) ਮੁੰਡੇ |

| | |
|---|---|
| (ਅ) ਮਰਾਸੀਆਂ | (ਏ) ਮੁਟਿਆਰਾਂ |
| (ੲ) ਮੁਟਿਆਰ | (ਅ) ਮਰਾਸੀ |
| (ਸ) ਮੁੰਡਾ | (ੳ) ਕੁਰਸੀਆਂ |

13. **ਵਾਕ ਨੂੰ ਸਹੀ ਕਾਲ ਨਾਲ਼ ਮਿਲ਼ਾਓ** :

| | |
|---|---|
| (ੳ) ਭਾਰਤ ਦੀ ਟੀਮ ਖੇਡੇਗੀ | (ਅ) ਵਰਤਮਾਨ ਕਾਲ |
| (ਅ) ਮੀਂਹ ਪੈ ਰਿਹਾ ਹੈ | (ੲ) ਭੂਤਕਾਲ |
| (ੲ) ਰਵੀ ਨੇ ਗੀਤ ਗਾਇਆ ਸੀ | (ੳ) ਭਵਿਖਤ ਕਾਲ |
| (ਸ) ਬੱਚੇ ਰੌਲ਼ਾ ਪਾ ਰਹੇ ਹਨ | (ਸ) ਵਰਤਮਾਨ ਕਾਲ |

14. **ਸਹੀ ਮਿਲਾਣ ਕਰੋ** :

| | |
|---|---|
| (ੳ) ਭੂਤਕਾਲ | (ੲ) ਸੁਰਜੀਤ ਖੇਡਦਾ ਹੈ। |
| (ਅ) ਭਵਿਖਤ ਕਾਲ | (ੳ) ਸੁਰਜੀਤ ਖੇਡਦਾ ਸੀ। |
| (ੲ) ਵਰਤਮਾਨ ਕਾਲ | (ਅ) ਸੁਰਜੀਤ ਖੇਡੇਗਾ। |

15. **ਸਮਾਨਾਰਥਕ ਸ਼ਬਦ ਮਿਲ਼ਾਓ** :

| | |
|---|---|
| (ੳ) ਉਚਿਤ | (ੲ) ਸਮਝ |
| (ਅ) ਅਨਾਥ | (ਸ) ਅਸਮਾਨ |
| (ੲ) ਅਕਲ | (ੳ) ਠੀਕ |
| (ਸ) ਅਕਾਸ਼ | (ਅ) ਯਤੀਮ |

16. **ਸਹੀ ਵਿਰੋਧਾਰਥਕ ਸ਼ਬਦ ਮਿਲ਼ਾਓ** :

| | |
|---|---|
| (ੳ) ਆਸਤਿਕ | (ਸ) ਝੂਠ |
| (ਅ) ਉੱਤਰਨਾ | (ੲ) ਉੱਧਰ |
| (ੲ) ਇੱਧਰ | (ਅ) ਚੜ੍ਹਨਾ |
| (ਸ) ਸੱਚ | (ੳ) ਨਾਸਤਿਕ |

17. **ਸਹੀ ਮਿਲਾਣ ਕਰੋ** :

| | |
|---|---|
| (ੳ) ਉੱਚਾ | (ਸ) ਦੁਨੀਆ, ਇੱਕ ਭਾਂਡਾ |
| (ਅ) ਹਾਰ | (ੳ) ਉੱਚੀ ਅਵਾਜ਼, ਮੋਚਨਾ |
| (ੲ) ਸੰਗ | (ਅ) ਫੁੱਲਾਂ ਦਾ ਹਾਰ, ਘਾਟਾ |
| (ਸ) ਜੱਗ | (ੲ) ਸਾਥ, ਸ਼ਰਮ |

18. **ਸਹੀ ਮਿਲਾਣ ਕਰੋ :**

| | |
|---|---|
| (ੳ) ਤਾਕਤ | (ਅ) ਮਾਮੂਲੀ, ਆਮ |
| (ਅ) ਸਸਤਾ | (ੲ) ਕੰਗਾਲੀ, ਥੁੜ |
| (ੲ) ਗ਼ਰੀਬੀ | (ਸ) ਸੰਝ, ਸ਼ਾਮ |
| (ਸ) ਆਥਣ | (ੳ) ਜ਼ੋਰ, ਸ਼ਕਤੀ |

19. **ਸਹੀ ਦੀ ਪਛਾਣ ਕਰੋ :**

| | |
|---|---|
| (ੳ) ਮੈਂ, ਅਸੀਂ, ਸਾਡਾ | (ਅ) ਮੱਧਮ ਪੁਰਖ |
| (ਅ) ਤੂੰ, ਤੁਹਾਡਾ, ਤੇਰਾ | (ੲ) ਅੰਨਯ ਪੁਰਖ |
| (ੲ) ਉਹ, ਇਹ, ਉਹਨਾਂ | (ੳ) ਉੱਤਮ ਪੁਰਖ |

20. **ਸਹੀ ਮਿਲਾਣ ਕਰੋ :**

| | |
|---|---|
| (ੳ) ਉਂਗਲ਼ ਕਰਨਾ | (ੲ) ਆਦਰ ਕਰਨਾ |
| (ਅ) ਉੱਚਾ ਸਾਹ ਨਾ ਕੱਢਣਾ | (ਸ) ਨਾਂਹ ਕਰਨੀ |
| (ੲ) ਅੱਖਾਂ ’ਤੇ ਬਿਠਾਉਣਾ | (ਅ) ਸਹਿਮ ਜਾਣਾ |
| (ਸ) ਸਿਰ ਮਾਰਨਾ | (ੳ) ਦੋਸ਼ ਲਗਾਉਣਾ |

21. **ਸਹੀ ਮਿਲਾਣ ਕਰੋ :**

| | |
|---|---|
| (ੳ) ਚਵਰਗ | (ਅ) ਸ਼ ਖ਼ ਗ਼ ਜ਼ ਫ਼ |
| (ਅ) ਨਵੀਨ ਵਰਗ | (ੳ) ਚ ਛ ਜ ਝ ਞ |
| (ੲ) ਪਵਰਗ | (ਸ) ਯ ਰ ਲ ਵ ੜ |
| (ਸ) ਅੰਤਿਮ ਵਰਗ | (ੲ) ਪ ਫ ਬ ਭ ਮ |

22. **ਸਹੀ ਮਿਲਾਣ ਕਰੋ :**

| | |
|---|---|
| (ੳ) ਬਿੰਦੀ | (ਅ) ੰ |
| (ਅ) ਟਿੱਪੀ | (ੳ) ਂ |
| (ੲ) ਅਧਕ | (ਸ) ੋ |
| (ਸ) ਹੋੜਾ | (ੲ) ੱ |

23. **ਸਹੀ ਮਿਲਾਣ ਕਰੋ :**

| | |
|---|---|
| (ੳ) ਮੈਂ ਹੁਸ਼ਿਆਰਪੁਰ ਵਿੱਚ ਰਹਿੰਦਾ ਹਾਂ | (ੲ) ! (ਵਿਸਮਕ ਚਿੰਨ੍ਹ) |
| (ਅ) ਤੇਰਾ ਕੀ ਨਾਂ ਹੈ | (ਸ) – (ਜੋੜਨੀ) |
| (ੲ) ਹੈਂ ! ਤੂੰ ਫ਼ੇਲ੍ਹ ਹੋ ਗਿਆ | (ਅ) ? (ਪ੍ਰਸ਼ਨਿਕ ਚਿੰਨ੍ਹ) |
| (ਸ) ਆਲ਼ੇ–ਦੁਆਲ਼ੇ | (ੳ) । (ਡੰਡੀ) |

24. **ਵਾਕ ਦਾ ਸਹੀ ਮਿਲਾਣ ਕਰੋ :**

| | |
|---|---|
| (ੳ) ਮੋਹਨ ਸੱਚ ਬੋਲਦਾ ਹੈ। | (ਸ) (ਮਿਸ਼ਰਤ ਵਾਕ) |
| (ਅ) ਕੀ ਮੈਂ ਦਿੱਲੀ ਜਾਵਾਂ? | (ੲ) (ਸੰਜੁਗਤ) |
| (ੲ) ਮਿਹਨਤੀ ਲੋਕ ਧਨ ਕਮਾਉਂਦੇ ਹਨ ਅਤੇ ਸੁੱਖ ਪਾਉਂਦੇ ਹਨ। | (ੳ) (ਸਧਾਰਨ ਵਾਕ) |
| (ਸ) ਇਹ ਸਭ ਮੰਨਦੇ ਹਨ ਕਿ ਪਰਮਾਤਮਾ ਸਰਬ–ਵਿਆਪਕ ਹੈ। | (ਅ) (ਪ੍ਰਸ਼ਨਿਕ ਵਾਕ) |

25. **ਸਹੀ ਮਿਲਾਣ ਕਰੋ :**

| | |
|---|---|
| (ੳ) ਘੋੜਾ–ਘੋੜੀ | (ੲ) ਵਚਨ |
| (ਅ) ਉੱਚਾ–ਨੀਵਾਂ | (ਸ) ਸਮਾਨਾਰਥਕ ਸ਼ਬਦ |
| (ੲ) ਚਰਖਾ–ਚਰਖੇ | (ਅ) ਵਿਰੋਧੀ ਸ਼ਬਦ |
| (ਸ) ਸੰਝ–ਸ਼ਾਮ, ਤਕਾਲ਼ਾ, ਆਥਣ | (ੳ) ਲਿੰਗ |

26. **ਸਹੀ ਸ਼ਬਦ–ਜੋੜ ਮਿਲ਼ਾਓ :**

| | |
|---|---|
| (ੳ) ਕੇਹੜਾ | (ੲ) ਰਾਣੀ |
| (ਅ) ਬਿਆਹ | (ਸ) ਪਰਮਾਤਮਾ |

(ੲ) ਰਾਨੀ (ਅ) ਵਿਆਹ

(ਸ) ਪ੍ਰਮਾਤਮਾ (ੳ) ਕਿਹੜਾ

27. **ਸਹੀ ਦੀ ਪਛਾਣ ਕਰੋ :**

(ੳ) ਹੱਡੀਆਂ ਦੀ ਮੁੱਠ ਹੋਣਾ (ਸ) ਨਾਂਹ ਵਾਚਕ

(ਅ) ਉਹ ਦਿਨ ਡੁੱਬਾ ਜਦੋਂ ਘੋੜੀ ਚੜ੍ਹਿਆ ਕੁੱਬਾ (ੲ) ਸਧਾਰਨ ਵਾਕ

(ੲ) ਇਹ ਲੱਕੜੀ ਹੈ (ਅ) ਅਖਾਣ

(ਸ) ਉਹ ਇਹ ਕੰਮ ਨਹੀਂ ਕਰੇਗਾ (ੳ) ਮੁਹਾਵਰਾ

28. **ਸਹੀ ਮਿਲ਼ਾਓ :**

(ੳ) ਸ੍ਵਰ (ਅ) ਸ ਤੋਂ ੜ ਤੱਕ

(ਅ) ਵਿਅੰਜਨ (ੳ) ਅ, ਆ, ਇ, ਈ, ਉ, ਊ, ਏ, ਐ, ਓ,ਔ

(ੲ) ਸ੍ਵਰ ਅੱਖਰ (ਸ) ਣ, ਙ, ਨ, ਮ, ਞ

(ਸ) ਅਨੁਨਾਸਿਕ ਧੁਨੀਆਂ (ੲ) ੳ, ਅ, ੲ

29. **ਸਹੀ ਉਪਬੋਲੀ ਚੁਣੋ**

(ੳ) ਕਪੂਰਥਲਾ (ਸ) ਪੁਆਧੀ

(ਅ) ਗੁਰਦਾਸਪੁਰ (ੲ) ਮਲਵਈ

(ੲ) ਮਾਨਸਾ (ੳ) ਦੁਆਬੀ

(ਸ) ਰੂਪਨਗਰ (ਅ) ਮਾਝੀ

30. **ਸਹੀ ਮਿਲਾਣ ਕਰੋ :**

(ੳ) ਦੋ ਅੱਖਰਾਂ ਦੇ ਦੇ ਮੇਲ਼ ਤੋਂ ਬਣਿਆ ਅੱਖਰ (ੲ) ਪੈਂਤੀ ਜਾਂ ਪੈਂਤੀ ਅੱਖਰੀ

(ਅ) ਪੰਜਾਬੀ ਵਿੱਚ ਪੈਰਾਂ ਵਿੱਚ ਲਿਖਣ ਵਾਲ਼ੇ ਅੱਖਰ (ਸ) 41

(ੲ) ਗੁਰਮੁਖੀ ਵਰਨ-ਮਾਲ਼ਾ ਦਾ ਪਹਿਲਾਂ ਨਾਂ ਸੀ (ੳ) ਦੁੱਤ ਅੱਖਰ ਸੰਜੁਗਤ ਅੱਖਰ

(ਸ) ਨਵੇਂ ਅੱਖਰ ਹੋਣ ਨਾਲ਼ ਗੁਰਮੁਖੀ ਅੱਖਰਾਂ ਦੀ ਕੁੱਲ ਗਿਣਤੀ (ਅ) ਹ, ਰ, ਵ

31. **ਸਹੀ ਦੀ ਪਛਾਣ ਕਰੋ :**

| | |
|---|---|
| (ੳ) 'ਲਾਂ' ਲੱਗਣ ਨਾਲ਼ ਅਵਾਜ਼ ਜੁੜ ਜਾਂਦੀ ਹੈ | (ਅ) ਐ |
| (ਅ) ਅੱਖਰਾਂ ਨਾਲ਼ ਦੁਲਾਂ ਲੱਗਣ ਨਾਲ਼ ਸੂਰ ਧੁਨੀ ਜੁੜਦੀ ਹੈ | (ਸ) ਉੱਪਰ |
| (ੲ) ਹੋੜਾ ਪਾਉਣ ਲਈ ਮੂੰਹ ਉੱਪਰੋਂ ਖੁੱਲ੍ਹਾ ਰੱਖਿਆ ਜਾਂਦਾ ਹੈ | (ੳ) ਏ |
| (ਸ) ਅੱਧਕ ਅੱਖਰਾਂ 'ਤੇ ਪਾਇਆ ਜਾਂਦਾ ਹੈ | (ੲ) ਓ |

32. **ਸਹੀ ਮਿਲਾਣ ਕਰੋ :**

| | |
|---|---|
| (ੳ) ਚੱਲ ਰਹੇ ਸਮੇਂ ਨੂੰ ਕਹਿੰਦੇ ਹਨ | (ੲ) ਭਵਿਖਤ ਕਾਲ |
| (ਅ) ਬੀਤ ਚੁੱਕੇ ਸਮੇਂ ਨੂੰ ਕਹਿੰਦੇ ਹਨ | (ੳ) ਵਰਤਮਾਨ ਕਾਲ |
| (ੲ) ਆਉਣ ਵਾਲੇ ਸਮੇਂ ਵਿੱਚ ਹੋਣ ਵਾਲ਼ੀ ਕਿਰਿਆ ਨੂੰ ਕਹਿੰਦੇ ਹਨ | (ਅ) ਭੂਤਕਾਲ |

33. **ਸਮਾਨਾਰਥਕ ਸ਼ਬਦ ਮਿਲ਼ਾਓ:**

| | |
|---|---|
| (ੳ) ਉਮੀਦ | (ੲ) ਮਾੜਾ, ਦੁਰਬਲ |
| (ਅ) ਨਿਰਮਲ | (ਸ) ਸਹਾਇਤਾ, ਹਮਾਇਤ |
| (ੲ) ਪਤਲਾ | (ਅ) ਸਾਫ਼, ਸ਼ੁੱਧ |
| (ਸ) ਮਦਦ | (ੳ) ਆਸ, ਤਾਂਘ |

34. **ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਚੁਣੋ :**

| | |
|---|---|
| (ੳ) ਜੋ ਕਦੇ ਨਾ ਥੱਕੇ | (ੲ) ਜੌੜੇ |
| (ਅ) ਜਿਹੜਾ ਨੱਕ ਵਿੱਚ ਬੋਲੇ | (ਸ) ਕੰਮਚੋਰ |
| (ੲ) ਇੱਕੋ ਵਾਰੀ ਜੰਮੇ ਦੋ ਬੱਚੇ | (ਅ) ਗੁਣਗੁਣਾ |
| (ਸ) ਜਿਹੜਾ ਕੰਮ ਤੋਂ ਜੀਅ ਚੁਰਾਏ | (ੳ) ਅਣਥੱਕ |

35. **ਸਹੀ ਨਾਲ਼ ਮਿਲਾਣ ਕਰੋ :**

| | |
|---|---|
| (ੳ) ਬੱਦਲ਼ ਵਰ੍ਹ ਕੇ ਚਲਾ ਗਿਆ | (ਅ) ਬਿੱਲੀ ਦੁੱਧ ਪੀ ਰਹੀ ਹੈ |
| (ਅ) ਬਿੱਲਾ ਦੁੱਧ ਪੀ ਰਿਹਾ ਹੈ | (ਸ) ਅਧਿਆਪਕਾ ਪਾਠ ਪੜ੍ਹਾਉਂਦੀ ਹੈ |
| (ੲ) ਕਾਲ਼ੀ ਘੋੜੀ ਦੌੜਦੀ ਹੈ | (ੳ) ਬੱਦਲੀ ਵਰ੍ਹ ਕੇ ਚਲੀ ਗਈ |
| (ਸ) ਅਧਿਆਪਕ ਪਾਠ ਪੜ੍ਹਾਉਂਦਾ ਹੈ | (ੲ) ਕਾਲਾ ਘੋੜਾ ਦੌੜਦਾ ਹੈ |

36. **ਸਹੀ ਮਿਲਾਣ ਕਰੋ :**

| | |
|---|---|
| (ੳ) ਨਾਂਵ | (ਸ) ਅਕਰਮਕ ਕਿਰਿਆ, ਸਕਰਮਕ ਕਿਰਿਆ |
| (ਅ) ਪੜਨਾਂਵ | (ੲ) ਭੂਤ ਕਾਲ, ਭਵਿਖਤ ਕਾਲ |
| (ੲ) ਕਾਲ | (ੳ) ਆਮ ਨਾਂਵ, ਖ਼ਾਸ ਨਾਂਵ |
| (ਸ) ਕਿਰਿਆ | (ਅ) ਪੁਰਖਵਾਚਕ, ਸੰਖਿਆਵਾਚਕ |

37. **ਸਹੀ ਮਿਲਾਣ ਕਰੋ :**

| | |
|---|---|
| (ੳ) ਦੋ ਵਾਕਾਂ ਜਾਂ ਵਾਕਾਂਸ਼ਾਂ ਨੂੰ ਜੋੜਨ ਵਾਲ਼ਾ | (ਅ) ਸੰਬੰਧਕ |
| (ਅ) ਨਾਂਵ ਅਤੇ ਪੜਨਾਂਵ ਦਾ ਇੱਕ-ਦੂਜੇ ਨਾਲ਼ ਸੰਬੰਧ ਜੋੜਨ ਵਾਲ਼ਾ | (ਸ) ਕਿਰਿਆ-ਵਿਸ਼ੇਸ਼ਣ |
| (ੲ) ਖ਼ੁਸ਼ੀ, ਗ਼ਮੀ ਤੇ ਹੈਰਾਨੀ ਦੇ ਭਾਵਾਂ ਨੂੰ ਪ੍ਰਗਟ ਕਰਨ ਵਾਲ਼ਾ | (ੳ) ਯੋਜਕ |
| (ਸ) ਕਿਰਿਆ ਦੀ ਵਿਸ਼ੇਸ਼ਤਾ ਪ੍ਰਗਟਾਉਣ ਵਾਲ਼ਾ | (ੲ) ਵਿਸਮਕ |

38. **ਸਹੀ ਜੋੜਿਆਂ ਨੂੰ ਮਿਲਾਓ :**

| | |
|---|---|
| (ੳ) ਸਮਾਨ ਯੋਜਕ, ਅਧੀਨ ਯੋਜਕ | (ੲ) ਕਿਰਿਆ |
| (ਅ) ਪੂਰਨ ਸੰਬੰਧਕ, ਅਪੂਰਨ ਸੰਬੰਧਕ | (ਸ) ਵਿਸ਼ੇਸ਼ਣ |
| (ੲ) ਅਕਰਮਕ ਕਿਰਿਆ, ਸਕਰਮਕ ਕਿਰਿਆ | (ੳ) ਯੋਜਕ |
| (ਸ) ਗੁਣਵਾਚਕ ਵਿਸ਼ੇਸ਼ਣ, ਪਰਿਮਾਣਵਾਚਕ ਵਿਸ਼ੇਸ਼ਣ | (ਅ) ਸੰਬੰਧਕ |

39. **ਸਹੀ ਮਿਲਾਣ ਕਰੋ :**

| | |
|---|---|
| (ੳ) ਜਿਸ ਸ਼ਬਦ ਦੇ ਇੱਕ ਤੋਂ ਵੱਧ ਅਰਥ ਹੋਣ | (ਅ) ਸਮਾਨਾਰਥਕ |
| (ਅ) ਜਿਸ ਸ਼ਬਦ ਦੇ ਅਰਥ ਇੱਕ-ਸਮਾਨ ਹੋਣ | (ਸ) ਲਿੰਗ-ਭੇਦ |
| (ੲ) ਜੋ ਇੱਕ ਅਤੇ ਬਹੁਤੀਆਂ ਚੀਜ਼ਾਂ ਦੇ ਭੇਦ ਨੂੰ ਪ੍ਰਗਟ ਕਰੇ | (ੳ) ਬਹੁਅਰਥਕ |
| (ਸ) ਸ਼ਬਦਾਂ ਦੇ ਪੁਰਖਵਾਚਕ ਅਤੇ ਇਸਤਰੀਵਾਚਕ ਭੇਦ ਕਹਾਉਂਦਾ ਹੈ | (ੲ) ਵਚਨ |

40. **ਸਹੀ ਜੋੜੇ ਮਿਲ਼ਾਓ :**

| | |
|---|---|
| (ੳ) ਅਜੋਕੀ ਪੰਜਾਬੀ ਵਿੱਚ ਜਿਨ੍ਹਾਂ ਧੁਨੀਆਂ ਨਾਲ਼ ਕੋਈ ਸ਼ਬਦ ਸ਼ੁਰੂ ਨਹੀਂ ਹੁੰਦਾ | (ਸ) ਸ੍ਵਰ ਤੇ ਵਿਅੰਜਨ |
| (ਅ) ਪੰਜਾਬੀ ਵਿੱਚ ਵਿਅੰਜਨ ਧੁਨੀਆਂ ਹਨ | (ੲ) ਧੁਨੀ |

| | |
|---|---|
| (ੲ) ਮੂੰਹ ਵਿੱਚੋਂ ਨਿਕਲਣ ਵਾਲ਼ੀ ਅਵਾਜ਼ ਹੁੰਦੀ ਹੈ | (ਅ) ਸ ਤੋਂ ੜ |
| (ਸ) ਧੁਨੀ ਦੇ ਦੋ ਭੇਦ ਹਨ | (ੳ) ਣ, ਞ, ੜ, ਲ਼, ਙ |

41. **ਸਹੀ ਮਿਲਾਣ ਕਰੋ :**

| | |
|---|---|
| (ੳ) ਵਿਆਕਰਨ ਦੇ ਮੁੱਖ ਅੰਗ ਹਨ | (ਅ) ਸ਼ਬਦ-ਬੋਧ |
| (ਅ) ਸ਼ਬਦਾਂ ਦਾ ਅਧਿਐਨ ਕੀਤਾ ਜਾਂਦਾ ਹੈ | (ੳ) ਵਰਨ-ਬੋਧ, ਸ਼ਬਦ-ਬੋਧ, ਵਾਕ-ਬੋਧ |
| (ੲ) ਧੁਨੀਆਂ ਦਾ ਅਧਿਐਨ ਕੀਤਾ ਜਾਂਦਾ ਹੈ | (ਸ) ਵਾਕ-ਬੋਧ |
| (ਸ) ਵਾਕਾਂ ਦਾ ਅਧਿਐਨ ਕੀਤਾ ਜਾਂਦਾ ਹੈ | (ੲ) ਧੁਨੀ-ਬੋਧ |

42. **ਸਹੀ ਮਿਲ਼ਾਓ**

| | |
|---|---|
| (ੳ) ਪੰਜਾਬੀ ਭਾਸ਼ਾ ਨੂੰ ਲਿਖਣ ਲਈ | (ੲ) ਵਿਸਮਿਕ |
| (ਅ) ਤੇਰਾ ਕੀ ਨਾਂ ਹੈ? | (ਸ) ਜੋੜਨੀ |
| (ੲ) ਹੈ! ਤੂੰ ਫੇਲ੍ਹ ਹੋ ਗਿਆ | (ੳ) ਗੁਰਮੁਖੀ ਲਿਪੀ |
| (ਸ) ਆਲ਼ੇ-ਦੁਆਲ਼ੇ | (ਅ) ਪ੍ਰਸ਼ਨਵਾਚਕ |

43. **ਸਹੀ ਮਿਲਾਣ ਕਰੋ :**

| | |
|---|---|
| (ੳ) ਪੰਜਾਬੀਆਂ ਦੀ ਮਾਂ-ਬੋਲੀ ਹੈ | (ੲ) ਮੌਖਿਕ ਰੂਪ |
| (ਅ) ਭਾਸ਼ਾ ਦੇ ਕਿਤਾਬਾਂ ਵਿੱਚ ਲਿਖੇ ਰੂਪ ਨੂੰ ਕਹਿੰਦੇ ਹਨ | (ਸ) ਰਾਜ-ਭਾਸ਼ਾ ਦਾ |
| (ੲ) ਮੂੰਹ ਰਾਹੀਂ ਬੋਲਿਆ ਜਾਣ ਵਾਲ਼ਾ ਭਾਸ਼ਾ ਦਾ ਰੂਪ ਹੈ | (ੳ) ਪੰਜਾਬੀ |
| (ਸ) ਪੰਜਾਬੀ ਨੂੰ ਪੰਜਾਬ ਵਿੱਚ ਦਰਜਾ ਪ੍ਰਾਪਤ ਹੈ | (ਅ) ਲਿਖਤੀ ਰੂਪ |

44. **ਸਹੀ ਨੂੰ ਮਿਲ਼ਾਓ :**

| | |
|---|---|
| (ੳ) ਭਾਸ਼ਾ ਦਾ ਸ਼ੁੱਧ ਤੇ ਮਿਆਰੀ ਰੂਪ ਸਮਝਣ ਲਈ ਜ਼ਰੂਰਤ ਹੁੰਦੀ ਹੈ | (ਅ) ਬੋਲਚਾਲ |
| (ਅ) ਭਾਸ਼ਾ ਦੇ ਨਿਯਮ ਬਹੁਤੇ ਔਖੇ ਨਹੀਂ ਹੁੰਦੇ | (ੳ) ਵਿਆਕਰਨ |
| (ੲ) ਜਿਸ ਸ਼ਬਦ ਦੇ ਅਰਥ ਹੋਣ | (ਸ) ਸ਼ੁੱਧ ਅਤੇ ਮਿਆਰੀ |
| (ਸ) ਵਿਆਕਰਨ ਦੀ ਪੜ੍ਹਾਈ ਨਾਲ਼ ਭਾਸ਼ਾ ਦਾ ਰੂਪ ਸਮਝ ਆਉਂਦਾ ਹੈ | (ੲ) ਸਾਰਥਕ |

45. **ਮਿਲਾਣ ਕਰੋ :**

| | |
|---|---|
| (ੳ) ਸਾਡੇ ਸੰਵਿਧਾਨ ਵਿੱਚ ਪ੍ਰਵਾਨਿਤ ਭਾਸ਼ਾਵਾਂ ਹਨ | (ਸ) ਦੋ |
| (ਅ) ਮਨੁੱਖ ਦੇ ਭਾਵਾਂ ਨੂੰ ਪ੍ਰਗਟਾਉਣ ਲਈ ਸਫਲ ਸਾਧਨ ਹੈ | (ੳ) 22 |
| (ੲ) ਪੰਜਾਬ ਦੀ ਰਾਜ–ਭਾਸ਼ਾ ਹੈ | (ਅ) ਭਾਸ਼ਾ (ਬੋਲੀ) |
| (ਸ) ਬੋਲੀ ਦੀਆਂ ਕਿਸਮਾਂ ਹਨ | (ੲ) ਪੰਜਾਬੀ |

46. **ਸਹੀ ਮਿਲਾਣ ਕਰੋ** :

| | |
|---|---|
| (ੳ) ਪੋਠੋਹਾਰੀ, ਮੁਲਤਾਨੀ ਬੋਲੀਆਂ ਜਾਂਦੀਆਂ ਹਨ | (ਸ) ਅਵਾਜ਼ |
| (ਅ) ਪੰਜਾਬ ਦੀ ਟਕਸਾਲੀ ਬੋਲੀ ਹੈ | (ੲ) ਪੋਠੋਹਾਰੀ |
| (ੲ) ਰਾਵਲਪਿੰਡੀ ਦੀ ਟਕਸਾਲੀ ਬੋਲੀ ਹੈ | (ਅ) ਮਾਝੀ |
| (ਸ) ਧੁਨੀ ਦਾ ਅਰਥ ਹੁੰਦਾ ਹੈ | (ੳ) ਪਾਕਿਸਤਾਨ ਵਿੱਚ |

47. **ਸਹੀ ਮਿਲ਼ਾਓ** :

| | |
|---|---|
| (ੳ) ਸ਼ਬਦ ਬਣਦੇ ਹਨ | (ਸ) ਪੈਂਤੀ |
| (ਅ) ਜਿਨ੍ਹਾਂ ਸ੍ਵਰਾਂ ਨੂੰ ਉਚਾਰਨ ਸਮੇਂ ਬਹੁਤ ਘੱਟ ਸਮਾਂ ਲੱਗਦਾ ਹੈ | (ੲ) ਨਾਸਿਕੀ |
| (ੲ) ਧੁਨੀ ਉਚਾਰਨ ਸਮੇਂ ਅਵਾਜ਼ ਨੱਕ ਰਾਹੀਂ ਨਿਕਲ਼ਦੀ ਹੈ, ਉਹ ਧੁਨੀ | (ਅ) ਹਸਵ ਜਾਂ ਲਘੂ |
| (ਸ) ਗੁਰਮੁਖੀ ਲਿਪੀ ਦਾ ਦੂਜਾ ਨਾਂ ਹੈ | (ੳ) ਧੁਨੀਆਂ ਤੋਂ |

48. **ਸਹੀ ਮਿਲਾਣ ਕਰੋ** :

| | |
|---|---|
| (ੳ) ਙ, ਞ, ਣ, ਨ, ਮ | (ਅ) ਵਿਅੰਜਨ |
| (ਅ) ਸ ਤੋਂ ੜ ਤੱਕ | (ੳ) ਨਾਸਿਕੀ |
| (ੲ) ੳ, ਅ, ੲ | (ਸ) ਲਗਾਖਰ |
| (ਸ) ਬਿੰਦੀ ( ਂ ) ਟਿੱਪੀ ( ੰ ), ਅਧਕ ( ੱ ) | (ੲ) ਸ੍ਵਰ |

49. **ਸਹੀ ਮਿਲ਼ਾਓ** :

| | |
|---|---|
| (ੳ) ਸ਼ਬਦ ਲਿਖਣ ਸਮੇਂ ਦੁਲਾਵਾਂ ਨਾਲ਼ ਅਧਕ ਪੈਂਦੀ ਹੈ | (ੲ) ਇੱਕੋ–ਜਿਹਾ |
| (ਅ) ਲੰਬਾਈ, ਚੁੜਾਈ ਵਿੱਚ ਇਹ ਅੱਖਰ ਦੂਜਿਆਂ ਤੋਂ ਭਿੰਨ ਹੈ | (ਸ) ਤਿੰਨ (3) |
| (ੲ) ਸੁੰਦਰ ਲਿਖਾਈ ਲਈ ਅੱਖਰਾਂ ਦਾ ਆਕਾਰ ਹੋਣਾ ਚਾਹੀਦਾ ਹੈ | (ੳ) ਅੰਗਰੇਜ਼ੀ ਦੇ |

(ਸ) ਗੁਰਮੁਖੀ ਵਿੱਚ ਲਗਾਖਰ ਹਨ | (ਅ) ੳ

50. **ਸਹੀ ਮਿਲਾਣ ਕਰੋ :**

| | |
|---|---|
| (ੳ) ਨਾਸਿਕੀ ਸੂਰ ਚਿੰਨ੍ਹ ਹਨ | (ਅ) ( ੱ ) ਅਧਕ |
| (ਅ) ਅੱਖਰਾਂ ਉੱਤੇ ਦਬਾਅ ਜਾਂ ਬਲ ਦਾ ਚਿੰਨ੍ਹ ਹੈ | (ਏ) ੂ |
| (ਏ) ਦੁਲੈਂਕੜ ਲਗ ਦਾ ਚਿੰਨ੍ਹ ਹੈ | (ਸ) ੳ ਅਤੇ ਅ ਨਾਲ਼ |
| (ਸ) ਬਿਹਾਰੀ ਦੇ ਸੂਰ ਅੱਖਰਾਂ ਨਾਲ਼ ਨਹੀਂ ਲੱਗਦੀ | (ੳ) ੰ , ਂ |

51. **ਲਿੰਗ ਨੂੰ ਪੁਲਿੰਗ ਨਾਲ਼ ਮਿਲ਼ਾਓ :**

| | |
|---|---|
| (ੳ) ਪਤੀ | (ਏ) ਰਾਜਾ |
| (ਅ) ਪਟਵਾਰੀ | (ਸ) ਮੋਚਣ |
| (ਏ) ਰਾਣੀ | (ੳ) ਪਤਨੀ |
| (ਸ) ਮੋਚੀ | (ਅ) ਪਟਵਾਰਨ |

52. **ਸਹੀ ਵਚਨ ਬਦਲੋ :**

| | |
|---|---|
| (ੳ) ਗੋਲੀ | (ਏ) ਵਸਤੂਆਂ |
| (ਅ) ਗਊ | (ਸ) ਘੋੜੀਆਂ |
| (ਏ) ਵਸਤੂ | (ਅ) ਗਊਆਂ |
| (ਸ) ਘੋੜੀ | (ੳ) ਗੋਲੀਆਂ |

53. **ਸਹੀ ਵਾਕ ਮਿਲ਼ਾਓ :**

| | |
|---|---|
| (ੳ) ਕਰ | (ਅ) ਹਾਲ ਦੀ ਘੜੀ ਮੈਂ ਇੱਥੇ ਹੀ ਹਾਂ। |
| (ਅ) ਹਾਲ | (ਸ) ਮੇਰੇ ਕੋਲ ਕੇਵਲ ਚਾਰ ਰੁਪਏ ਹੀ ਹਨ। |
| (ਏ) ਟਿੱਕੀ | (ੳ) ਉਸ ਦੇ ਸਿਰ ਵਿੱਚ ਬਹੁਤ ਕਰ ਹੈ। |
| (ਸ) ਚਾਰ | (ਏ) ਸੂਰਜ ਦੀ ਟਿੱਕੀ ਚੜ੍ਹ ਪਈ ਹੈ। |

54. **ਸਹੀ ਵਿਰੋਧਾਅਰਥਕ ਸ਼ਬਦ ਮਿਲਾਓ :**

(ੳ) ਦਿਨ (ਏ) ਅਕਾਸ਼

(ਅ) ਧੁੱਪ (ਸ) ਸਰਦੀ

(ਇ) ਧਰਤੀ (ਅ) ਛਾਂ

(ਸ) ਗਰਮੀ (ੳ) ਰਾਤ

55. **ਸਹੀ ਮਿਲਾਣ ਕਰੋ :**

(ੳ) ਉਹ ਥਾਂ ਜਿੱਥੇ ਪਹਿਲਵਾਨ ਘੋਲ਼ ਕਰਦੇ ਹਨ (ਇ) ਸਪੋਲ਼ੀਆ

(ਅ) ਬਹੁਤੀਆਂ ਕੌਮਾਂ ਨਾਲ਼ ਸੰਬੰਧ ਰੱਖਣ ਵਾਲ਼ਾ (ਸ) ਕਵੀ

(ਇ) ਸੱਪ ਦਾ ਬੱਚਾ (ਅ) ਕੌਮਾਂਤਰੀ

(ਸ) ਕਵਿਤਾ ਲਿਖਣ ਵਾਲ਼ਾ (ੳ) ਅਖਾੜਾ

56. **ਸਹੀ ਸਮਾਨਾਰਥਕ ਸ਼ਬਦ ਮਿਲ਼ਾਓ :**

(ੳ) ਵਰਖਾ ਜ਼ਿੰਦਗੀ (ਇ)

(ਅ) ਅਰੰਭ ਹਲਕਾ (ਸ)

(ਇ) ਜਾਨ ਸ਼ੁਰੂ (ਅ)

(ਸ) ਸਸਤਾ ਮੀਂਹ (ੳ)

57. **ਸਹੀ ਵਿਸਰਾਮ-ਚਿੰਨ੍ਹ ਮਿਲ਼ਾਓ :**

(ੳ) – (ਸ) ਬਿੰਦੀ

(ਅ) : (ੳ) ਡੈਸ਼

(ਇ) , (ਅ) ਦੁਬਿੰਦੀ

(ਸ) . (ਇ) ਕਾਮਾ

58. **ਸਹੀ ਮਿਲਾਣ ਕਰੋ :**

(ੳ) ਸਿਹਾਰੀ (ਇ) ੂ

(ਅ) ਅਧਕ (ਸ) ੇ

(ਇ) ਦੁਲੈਂਕੜ (ੳ) ਿ

(ਸ) ਲਾਂ (ਅ) ੱ

59. **ਸਹੀ ਵਰਗ ਨਾਲ਼ ਮਿਲ਼ਾਓ :**

| | |
|---|---|
| (ੳ) ਚਵਰਗ | (ਏ) ਯ ਰ ਲ ਵ ੜ |
| (ਅ) ਪਵਰਗ | (ਸ) ਸ਼ ਖ਼ ਜ਼ ਗ਼ ਫ਼ |
| (ੲ) ਅੰਤਿਮ ਵਰਗ | (ਅ) ਪ ਫ ਬ ਭ ਮ |
| (ਸ) ਨਵੀਨ ਵਰਗ | (ੳ) ਚ ਛ ਜ ਝ ਞ |

6●. **ਸਹੀ ਮਿਲਾਣ ਕਰੋ :**

| | |
|---|---|
| (ੳ) ਸ਼ਬਦਾਂ ਦਾ ਅਧਿਐਨ | (ੲ) ਅਰਥ–ਬੋਧ |
| (ਅ) ਵਾਕਾਂ ਦਾ ਅਧਿਐਨ | (ਸ) ਧੁਨੀ–ਬੋਧ |
| (ੲ) ਅਰਥਾਂ ਦਾ ਅਧਿਐਨ | (ਅ) ਵਾਕ–ਬੋਧ |
| (ਸ) ਧੁਨੀਆਂ ਦਾ ਅਧਿਐਨ | (ੳ) ਸ਼ਬਦ–ਬੋਧ |

61. **ਸਹੀ ਮਿਲ਼ਾਓ :**

| | |
|---|---|
| (ੳ) ਭਾਸ਼ਾ ਦੀ ਸਭ ਤੋਂ ਵੱਡੀ ਇਕਾਈ | (ੲ) ਲਿਪੀ |
| (ਅ) ਭਾਸ਼ਾ ਦੀ ਸਭ ਤੋਂ ਛੋਟੀ ਇਕਾਈ | (ਸ) ਗੁਰਮੁਖੀ ਲਿਪੀ |
| (ੲ) ਬੋਲੀ ਦਾ ਪਹਿਰਾਵਾ | (ੳ) ਵਾਕ |
| (ਸ) ਪੰਜਾਬੀ ਭਾਸ਼ਾ ਨੂੰ ਲਿਖਣ ਲਈ ਢੁਕਵੀਂ ਲਿਪੀ | (ਅ) ਧੁਨੀ |

62. **ਨਾਂਵ ਦੀ ਸਹੀ ਕਿਸਮ ਨਾਲ਼ ਉਦਾਹਰਨ ਨੂੰ ਮਿਲ਼ਾਓ :**

| | |
|---|---|
| (ੳ) ਮਿਠਾਸ | (ਸ) ਖ਼ਾਸ ਨਾਂਵ |
| (ਅ) ਪੱਥਰ | (ੳ) ਭਾਵਵਾਚਕ ਨਾਂਵ |
| (ੲ) ਫ਼ੌਜ | (ਅ) ਪਦਾਰਥਵਾਚਕ ਨਾਂਵ |
| (ਸ) ਅੰਮ੍ਰਿਤਸਰ | (ੲ) ਇਕੱਠਵਾਚਕ ਨਾਂਵ |

63. **ਸਹੀ ਮਿਲ਼ਾਓ :**

| | |
|---|---|
| (ੳ) ਪੰਜਾਬ ਰਾਜ ਦੀ ਭਾਸ਼ਾ | (ੲ) ਲਿਪੀ |
| (ਅ) ਭਾਸ਼ਾ ਦੀ ਸਭ ਤੋਂ ਛੋਟੀ ਇਕਾਈ | (ਸ) ਗੁਰਮੁਖੀ |

(ੲ) ਬੋਲੀ ਦਾ ਪਹਿਰਾਵਾ (ੳ) ਪੰਜਾਬੀ

(ਸ) ਪੰਜਾਬੀ ਭਾਸ਼ਾ ਨੂੰ ਲਿਖਣ ਲਈ ਢੁਕਵੀਂ ਲਿਪੀ (ਅ) ਧੁਨੀ

64. **ਸਹੀ ਮਿਲਾਓ** :

| | |
|---|---|
| (ੳ) ਸੁਰ-ਯੰਤਰੀ | (ੲ) ਤਰਤੀਬ ਵਿੱਚ ਲਿਖੇ ਲਿਪੀ ਦੇ ਸਾਰੇ ਅੱਖਰ |
| (ਅ) ਲਿਪੀ | (ਸ) ਬਿੰਦੀ ਅਤੇ ਟਿੱਪੀ |
| (ੲ) ਵਰਨ-ਮਾਲ਼ਾ | (ਅ) ਬੋਲੀ ਦਾ ਪਹਿਰਾਵਾ |
| (ਸ) ਨਾਸਿਕੀ ਸੁਰ | (ੳ) ਹ |

65. **ਸਹੀ ਮਿਲ਼ਾਓ** :

| | |
|---|---|
| (ੳ) ਲਗਾਖਰ | (ੲ) ਵਿਆਕਰਨ |
| (ਅ) ਫ਼ਾਰਸੀ ਭਾਸ਼ਾ ਦੀਆਂ ਧੁਨੀਆਂ | (ੳ) ਬਿੰਦੀ ., ਟਿੱਪੀ ੰ ਅਧਕ ੱ |
| (ੲ) ਭਾਸ਼ਾ ਦੇ ਨਿਯਮਾਂ ਨੂੰ ਸਮਝਣ ਵਾਲ਼ੀ ਵਿੱਦਿਆ | (ਸ) ਬੋਲ-ਚਾਲ ਅਤੇ ਲਿਖਤੀ ਬੋਲੀ |
| (ਸ) ਬੋਲੀ ਦੀਆਂ ਦੋ ਕਿਸਮਾਂ | (ਅ) ਸ਼ ਖ਼ ਗ਼ ਜ਼ ਫ਼ |

66. **ਸਹੀ ਮਿਲਾਣ ਕਰੋ** :

| | |
|---|---|
| (ੳ) ਬੋਲ-ਚਾਲ ਦਾ ਇਲਾਕਾਈ ਰੂਪ | (ੲ) ਪੰਜਾਬੀ |
| (ਅ) ਪੁਆਧੀ ਬੋਲੀ ਨਾਲ਼ ਸੰਬੰਧਿਤ ਜ਼ਿਲ੍ਹਾ | (ਸ) ਭਾਸ਼ਾ ਜਾਂ ਬੋਲੀ |
| (ੲ) ਪੰਜਾਬੀਆਂ ਦੀ ਮਾਂ-ਬੋਲੀ | (ੳ) ਉਪਭਾਸ਼ਾ |
| (ਸ) ਸੰਚਾਰ ਦਾ ਸਾਧਨ | (ਅ) ਰੋਪੜ |

67. **ਸਹੀ ਮਿਲ਼ਾਓ** :

| | |
|---|---|
| (ੳ) ਜਿਹੜੇ ਅੱਖਰ ਨੂੰ ਕੋਈ ਲਗ ਨਹੀਂ ਲੱਗਦੀ | (ਅ) ਪੈਂਤੀ |
| (ਅ) ਗੁਰਮੁਖੀ ਲਿਪੀ ਦਾ ਦੂਜਾ ਨਾਂ | (ਸ) . ਬਿੰਦੀ |
| (ੲ) ਅੰਗਰੇਜ਼ੀ ਦੇ ਕੁਝ ਸ਼ਬਦ ਲਿਖਣ ਲਈ ਦੁਲਾਵਾਂ ਨਾਲ਼ ਵਰਤੋਂ ਹੁੰਦੀ ਹੈ | (ੳ) ਮੁਕਤਾ |
| (ਸ) ਫ਼ਾਰਸੀ ਵਿੱਚੋਂ ਆਏ ਸ਼ਬਦਾਂ ਨੂੰ ਲਿਖਣ ਲਈ ਵਰਤੋਂ ਹੰਦੀ ਹੈ | (ੲ) ਅਧਕ |

68. **ਸਹੀ ਜੋੜੇ ਮਿਲ਼ਾਓ** :

| | |
|---|---|
| (ੳ) ਮੂੰਹ ਵਿੱਚੋਂ ਨਿਕਲ਼ਨ ਵਾਲ਼ੀ ਅਵਾਜ਼ | (ਅ) ਦੋ |
| (ਅ) ਧੁਨੀ ਦੇ ਮੁੱਖ ਵਰਗ ਹਨ | (ਸ) ਪੋਠੋਹਾਰੀ |
| (ੲ) ਸ੍ਵਰ ਧੁਨੀਆਂ ਮੁੱਖ ਤੌਰ 'ਤੇ ਹਨ | (ੳ) ਧੁਨੀ |
| (ਸ) ਕੈਮਲਪੁਰ ਦੀ ਉਪਭਾਸ਼ਾ | (ੲ) 10 ਧੁਨੀਆਂ |

**69. ਸਹੀ ਮਿਲਾਣ ਕਰੋ :**

| | |
|---|---|
| (ੳ) ਸ੍ਵਰ-ਧੁਨੀ ਨੂੰ ਅੰਕਿਤ ਕਰਨ ਵਾਲ਼ੇ ਲਿਪੀ-ਚਿੰਨ੍ਹ | (ੲ) ਤਾਲੂ ਨਾਲ਼ |
| (ਅ) ਗੁਰਮੁਖੀ ਵਿੱਚ ਸ੍ਵਰ-ਧੁਨੀਆਂ ਦੀ ਗਿਣਤੀ | (ਸ) ਪੈਂਤੀ ਜਾਂ ਪੈਂਤੀ ਅੱਖਰੀ |
| (ੲ) ਲ਼ ਅੱਖਰ ਨੂੰ ਉਚਾਰਨ ਸਮੇਂ ਜੀਭ ਮੂੰਹ ਵਿੱਚ ਛੂੰਹਦੀ ਹੈ | (ੳ) ਲਗਾਂ |
| (ਸ) ਗੁਰਮੁਖੀ ਵਰਨ-ਮਾਲ਼ਾ ਦਾ ਪਹਿਲਾਂ ਨਾਂ | (ਅ) 10 (ਦਸ) |

**70. ਸਹੀ ਮਿਲਾਣ ਕਰੋ :**

| | |
|---|---|
| (ੳ) ਗੁਰਮੁਖੀ ਦੇ ਸ ਤੋਂ ਲ਼ ਤੱਕ ਵਿਅੰਜਨ ਧੁਨੀਆਂ ਦੀ ਗਿਣਤੀ | (ਅ) 41 |
| (ਅ) ਨਵੇਂ ਅੱਖਰ ਸ਼ਾਮਲ ਹੋਣ ਨਾਲ਼ ਗੁਰਮੁਖੀ ਲਿਪੀ ਦੇ ਅੱਖਰਾਂ ਦੀ ਕੁੱਲ ਗਿਣਤੀ | (ੳ) 38 |
| (ੲ) ੳ ਤੋਂ ੜ ਤੱਕ ਗੁਰਮੁਖੀ/ਪੁਰਾਤਨ ਵਰਨ-ਮਾਲ਼ਾ ਦੇ ਕੁੱਲ ਅੱਖਰ | (ਸ) 3 |
| (ਸ) ਗੁਰਮੁਖੀ ਦੇ ਸ੍ਵਰ ਅੱਖਰਾਂ ਦੀ ਗਿਣਤੀ | (ੲ) 35 |

**71. ਸਹੀ ਮਿਲਾਣ ਕਰੋ :**

| | |
|---|---|
| (ੳ) ਮੈਂ ਕੱਲ ਸਾਰਾ ਕੰਮ ਮੁਕਾਇਆ ਸੀ | (ਸ) ਪ੍ਰਕਾਰਵਾਚਕ |
| (ਅ) ਤੂੰ ਜ਼ਰਾ ਪਰੇ ਹੋ ਕੇ ਬੈਠ | (ੳ) ਕਾਲਵਾਚਕ |
| (ੲ) ਮੇਰੇ ਕੋਲ਼ ਦਸ ਰੁਪਏ ਘਟ ਗਏ | ( ਅ) ਸਥਾਨਵਾਚਕ |
| (ਸ) ਮੈਂ ਹੌਲ਼ੀ-ਹੌਲ਼ੀ ਤੁਰਦਾ ਹਾਂ | (ੲ) ਸੰਖਿਆਵਾਚਕ |

**72. ਸਹੀ ਮਿਲਾਣ ਕਰੋ :**

| | |
|---|---|
| (ੳ) ਸਰੂਪ | (ਸ) ਛਿੰਞ |
| (ਅ) ਕੁਆਰੀ | (ੳ) ਜਿਸ ਦੀ ਸ਼ਕਲ ਦੀ ਸੋਹਣੀ ਹੋਵੇ |
| (ੲ) ਚੁਪਾਇਆ | (ਅ) ਜਿਸ ਕੁੜੀ ਦਾ ਵਿਆਹ ਨਾ ਹੋਇਆ ਹੋਵੇ |

(ਸ) ਪਹਿਲਵਾਨਾਂ ਦਾ ਘੋਲ਼ (ੲ) ਚਾਰ ਪੈਰਾਂ ਵਾਲ਼ਾ ਜਾਨਵਰ

73. **ਸਹੀ ਮਿਲਾਣ ਕਰੋ :**

| | |
|---|---|
| (ੳ) ਉਪਕਾਰ | (ੲ) ਸੁਤੰਤਰਤਾ |
| (ਅ) ਖ਼ਰਾਬ | (ਸ) ਜੁਦਾਈ |
| (ੲ) ਅਜ਼ਾਦੀ | (ੳ) ਭਲਾਈ |
| (ਸ) ਵਿਛੋੜਾ | (ਅ) ਭੈੜਾ |

74. **ਸਹੀ ਮਿਲਾਣ ਕਰੋ :**

| | |
|---|---|
| (ੳ) ਮੇਰੇ ਮੱਛਰ ਲੜ ਰਿਹਾ ਹੈ | (ੲ) ਕੜੀ |
| (ਅ) ਕੱਪੜੇ ਦੇ ਵੱਟ ਕੱਢੋ | (ਸ) ਵੱਲ |
| (ੲ) ਸੰਗਲ਼ੀ ਦੀ ਕੜੀ ਟੁੱਟ ਗਈ ਹੈ | (ੳ) ਲੜ |
| (ਸ) ਤੁਸੀਂ ਮੇਰੇ ਵੱਲ ਤੱਕੋ | (ਅ) ਵੱਟ |

75. **ਮੁਹਾਵਰੇ ਦਾ ਉਸ ਦੇ ਸਹੀ ਅਰਥ ਨਾਲ਼ ਮਿਲਾਣ ਕਰੋ :**

| | |
|---|---|
| (ੳ) ਸੱਜੀ ਬਾਂਹ | (ਅ) ਭੇਤ ਪਾ ਲੈਣਾ |
| (ਅ) ਅੰਤ ਪਾਉਣਾ | (ਸ) ਹਾਰ ਮੰਨਣੀ |
| (ੲ) ਇੱਕ ਮੁੱਠ ਹੋਣਾ | (ੳ) ਪੱਕਾ ਸਾਥੀ |
| (ਸ) ਈਨ ਮੰਨਣਾ | (ੲ) ਏਕਤਾ ਹੋ ਜਾਣੀ |

76. **ਸਹੀ ਮਿਲਾਣ ਕਰੋ :**

| | |
|---|---|
| (ੳ) ਪੰਜਾਬੀ ਵਰਨ-ਮਾਲ਼ਾ ਦੀ ਨਵੀਨ ਟੋਲੀ | (ਅ) ਪੈਂਤੀ, ਪੈਂਤੀ ਅੱਖਰੀ ਤੇ ਪੰਜਾਬੀ ਲਿਪੀ |
| (ਅ) ਗੁਰਮੁਖੀ ਲਿਪੀ ਦੇ ਪ੍ਰਚਲਿਤ ਨਾਂ | (ੳ) ਸ਼, ਖ਼, ਜ਼, ਗ਼, ਫ਼ |
| (ੲ) ਪੰਜਾਬੀ ਗੁਰਮੁਖੀ ਵਿੱਚ ਲਗਾਂ ਦੀ ਗਿਣਤੀ | (ਸ) ਸ਼ੁੱਧ ਪੰਜਾਬੀ ਬੋਲੀ ਤੇ ਲਿਪੀ |
| (ਸ) ਲਗਾਂ ਤੋਂ ਜਾਣੂ ਹੋਏ ਬਿਨਾਂ ਅਸੰਭਵ ਹੈ | (ੲ) ਦਸ |

77. **ਸਹੀ ਮਿਲਾਣ ਕਰੋ :**

| | |
|---|---|
| (ੳ) ਉਜਾੜਨਾ | (ਅ) ਅੰਨ੍ਹਾ |
| (ਅ) ਸੁਜਾਖਾ | (ੲ) ਸੱਖਣਾ |

| | |
|---|---|
| (ੲ) ਭਰਿਆ | (ਸ) ਜਾਣੂ |
| (ਸ) ਓਪਰਾ | (ੳ) ਵਸਾਉਣਾ |

**78. ਸਹੀ ਮਿਲਾਣ ਕਰੋ :**

| | |
|---|---|
| (ੳ) ਜਿਸ ਨੂੰ ਮੇਟਿਆ ਨਾ ਜਾ ਸਕੇ | (ੲ) ਸੌਂਤਰਾ |
| (ਅ) ਜੀਵਨ ਦਾ ਹਾਲ ਆਪ ਲਿਖਿਆ ਹੋਵੇ | (ਸ) ਧੁਨੀ ਬੋਧ |
| (ੲ) ਜਿਸ ਦੀ ਉਲ਼ਾਦ ਹੋਵੇ | (ੳ) ਅਮਿੱਟ |
| (ਸ) ਧੁਨੀਆਂ ਦਾ ਅਧਿਐਨ | (ਅ) ਆਤਮ-ਕਥਾ |

**79. ਸਹੀ ਅਰਥ ਨਾਲ਼ ਮਿਲ਼ਾਓ :**

| | |
|---|---|
| (ੳ) ਖ਼ੁਸ਼ਬੋ | (ਅ) ਔਰਤ |
| (ਅ) ਇਸਤਰੀ | (ਸ) ਦਲੇਰ |
| (ੲ) ਅਮਨ | (ੳ) ਮਹਿਕ |
| (ਸ) ਬਹਾਦਰ | (ੲ) ਸ਼ਾਂਤੀ |

**8●. ਸਹੀ ਵਿਸਮਕ ਨਾਲ਼ ਮਿਲ਼ਾਓ :**

| | |
|---|---|
| (ੳ) ਖ਼ਬਰਦਾਰ ! ਜੇ ਮੇਰੀ ਗੇਂਦ ਨੂੰ ਹੱਥ ਲਾਇਆ | (ਅ) ਪ੍ਰਸੰਸਾਵਾਚਕ |
| (ਅ) ਬੱਲੇ ਬੱਲੇ ! ਬਾਹਰ ਸੂਰਜ ਕਿੰਨਾ ਚੜ੍ਹ ਆਇਆ | (ਸ) ਫਿਟਕਾਰਵਾਚਕ |
| (ੲ) ਹਾਏ ਬਾਪੂ ਜੀ ! ਕੰਡਾ ਚੁੱਭ ਗਿਆ | (ੳ) ਸੂਚਨਾਵਾਚਕ |
| (ਸ) ਫਿੱਟੇਮੂੰਹ ! ਤੇਰਾ | (ੲ) ਸ਼ੋਕਵਾਚਕ |

**81. ਸਹੀ ਮਿਲਾਣ ਕਰੋ :**

| | |
|---|---|
| (ੳ) ਸਾਹਿਤਿਕ ਭਾਸ਼ਾ | (ੲ) ਦੁਆਬੀ |
| (ਅ) ਪੰਜਾਬੀਆਂ ਦੀ ਮਾਤ-ਭਾਸ਼ਾ | (ਸ) ਡੋਗਰੀ |
| (ੲ) ਸ਼. ਭ. ਸ ਨਗਰ ਜ਼ਿਲ੍ਹੇ ਦੀ ਉਪਭਾਸ਼ਾ | (ੳ) ਮਾਝੀ |
| (ਸ) ਕਾਂਗੜਾ ਅਤੇ ਜੰਮੂ ਦੇ ਖੇਤਰ ਵਿੱਚ ਉਪਭਾਸ਼ਾ | (ਅ) ਪੰਜਾਬੀ |

**82. ਸਹੀ ਮਿਲਾਣ ਕਰੋ :**

(ੳ) ਜਨਮ ਤੋਂ ਹੀ ਮਾਂ ਕੋਲ਼ੋ ਸਿੱਖੀ ਭਾਸ਼ਾ (ਏ) 22

(ਅ) ਪੰਜਾਬੀ ਬੋਲੀ ਨੂੰ ਬੋਲਣ ਵਾਲ਼ੇ ਲੋਕਾਂ ਦੀ ਗਿਣਤੀ (ਸ) ਅੱਠ

(ੲ) ਸੰਵਿਧਾਨ ਵਿੱਚ ਪ੍ਰਵਾਨਿਤ ਭਾਸ਼ਾਵਾਂ ਦੀ ਗਿਣਤੀ (ੳ) ਮਾਤ-ਭਾਸ਼ਾ

(ਸ) ਕਾਰਜ ਦੇ ਆਧਾਰ 'ਤੇ ਸ਼ਬਦ ਦੀਆਂ ਕਿਸਮਾਂ (ਅ) 11 ਕਰੋੜ ਤੋਂ ਵੱਧ

**83. ਸਹੀ ਵਿਸਰਾਮ-ਚਿੰਨ੍ਹ ਲਗਾਓ :**

(ੳ) ਮੈਂ ਹੁਸ਼ਿਆਰਪੁਰ ਵਿੱਚ ਰਹਿੰਦਾ ਹਾਂ (ੲ) !

(ਅ) ਤੇਰਾ ਕੀ ਨਾਂ ਹੈ (ਸ) ,

(ੲ) ਹੈਂ ਤੂੰ ਫੇਲ੍ਹ ਹੋ ਗਿਐਂ (ੳ) ।

(ਸ) ਹਨੇਰਾ ਹੋ ਗਿਆ ਹੈ, ਜਲਦੀ ਘਰ ਪਹੁੰਚੋ (ਅ) ?

**84. ਸਹੀ ਮਿਲਾਣ ਕਰੋ :**

(ੳ) ਗਿੱਟੇ ਝਾੜਨੇ (ਅ) ਗੱਪਾਂ ਮਾਰਨੀਆਂ

(ਅ) ਤਾਰੇ ਤੋੜਨੇ (ਸ) ਮੌਕਾ ਲੱਗਣਾ

(ੲ) ਜਵਾਬ ਹੋਣਾ (ੳ) ਬਹੁਤ ਮਾਰਨਾ

(ਸ) ਦਾਅ ਲੱਗਣਾ (ੲ) ਇਨਕਾਰ ਹੋਣਾ

**85. ਸਹੀ ਨਾਲ਼ ਮਿਲਾਣ ਕਰੋ :**

(ੳ) ਕੁੜੀ ਘੋੜੇ ਨੂੰ ਭਜਾਈ ਜਾ ਰਹੀ ਹੈ (ੲ) ਸ਼ੇਰਨੀ ਲੂੰਬੜ ਦੀ ਮਾਮੀ ਬਣ ਗਈ

(ਅ) ਮੋਰ ਨੇ ਕਿਰਲੀ ਖਾ ਲਈ (ੳ) ਮੁੰਡਾ ਘੋੜੀ ਨੂੰ ਭਜਾਈ ਜਾ ਰਿਹਾ ਹੈ

(ੲ) ਸ਼ੇਰ ਲੂੰਬੜੀ ਦਾ ਮਾਮਾ ਬਣ ਗਿਆ (ਸ) ਬਿੱਲਾ ਦੁੱਧ ਪੀ ਰਿਹਾ ਹੈ

(ਸ) ਬਿੱਲੀ ਦੁੱਧ ਪੀ ਰਹੀ ਹੈ (ਅ) ਮੋਰਨੀ ਨੇ ਕਿਰਲਾ ਖਾ ਲਿਆ

**86. ਸਹੀ ਮਿਲਾਣ ਕਰੋ :**

(ੳ) ਕਿਤਾਬ (ਅ) ਮੁਰਗ਼ਾ

(ਅ) ਮੁਰਗ਼ੇ (ਸ) ਪੀਂਘਾਂ

(ੲ) ਬੱਕਰੀ (ੳ) ਕਿਤਾਬਾਂ

(ਸ) ਪੀਂਘ (ੲ) ਬੱਕਰੀਆਂ

87. **ਸਹੀ ਮਿਲਾਣ ਕਰੋ :**

| | |
|---|---|
| (ੳ) ਵਰਤੋਂ, ਲਾਭ, ਫ਼ਾਇਦਾ | (ਅ) ਛੋਟਾ |
| (ਅ) ਅਲਪ, ਨਿੱਕਾ, ਲਘੂ | (ਸ) ਤਨ |
| (ੲ) ਕੌਲ, ਵਚਨ, ਪ੍ਰਣ | (ੳ) ਉਪਯੋਗ |
| (ਸ) ਜਿਸਮ, ਬਦਨ, ਸਰੀਰ | (ੲ) ਇਕਰਾਰ |

88. **ਸਹੀ ਮਿਲਾਣ ਕਰੋ :**

| | |
|---|---|
| (ੳ) ਭਾਰਤ ਦੀ ਟੀਮ ਖੇਡੇਗੀ | (ਅ) ਵਰਤਮਾਨ ਕਾਲ |
| (ਅ) ਅਧਿਆਪਕਾ ਪੜ੍ਹਾ ਰਹੀ ਹੈ | (ਸ) ਭਵਿੱਖਤ ਕਾਲ |
| (ੲ) ਉਹਨਾਂ ਨੇ ਦਰਿਆ ਪਾਰ ਕਰ ਲਿਆ ਸੀ | (ੳ) ਭਵਿਖਤ ਕਾਲ |
| (ਸ) ਵਰਖਾ ਹੋਵੇਗੀ | (ੲ) ਭੂਤ ਕਾਲ |

89. **ਸਹੀ ਮਿਲਾਣ ਕਰੋ :**

| | |
|---|---|
| (ੳ) ਘਰ | (ੲ) ਬਿਹਾਰੀ |
| (ਅ) ਅੱਜ | (ੳ) ਮੁਕਤਾ |
| (ੲ) ਕੀ | (ਸ) ਦੁਲੈਂਕੜ |
| (ਸ) ਊਠ | (ਅ) ਅਧਕ |

9●. **ਸਹੀ ਮਿਲਾਣ ਕਰੋ :**

| | |
|---|---|
| (ੳ) ਜਿਹੜੇ ਅੱਖਰ ਨੂੰ ਕੋਈ ਲਗ ਨਹੀਂ ਲੱਗਦੀ | (ੲ) ਸੂਰ |
| (ਅ) ਉਹ ਅੱਖਰ ਜਿਸ ਨਾਲ਼ ਹੋੜਾ ਲਾਉਣ 'ਤੇ ਮੂੰਹ ਖੁੱਲ੍ਹਾ ਰਹਿੰਦਾ ਹੈ | (ਸ) 35 |
| (ੲ) ੳ, ਅ, ੲ ਗੁਰਮੁਖੀ ਦੇ ਹਨ | (ਅ) ੳ |
| (ਸ) ਪੰਜਾਬੀ ਭਾਸ਼ਾ ਦੇ ਪੁਰਾਣੇ ਅੱਖਰਾਂ ਦੀ ਗਿਣਤੀ | (ੳ) ਮੁਕਤਾ |

91. **ਸਹੀ ਮਿਲਾਣ ਕਰੋ :**

(ੳ) ਚ (ਅ) ਦੰਤੀ

(ਅ) ਤ — (ੳ) ਤਾਲਵੀ ਵਿਅੰਜਨ

(ੲ) ਟ — (ਸ) ਸੁਰ ਯੰਤਰੀ

(ਸ) ਹ — (ੲ) ਉਲਟ ਜੀਭੀ

92. **ਸਹੀ ਮਿਲਾਣ ਕਰੋ :**

(ੳ) ਅ, ਇ, ਉ — (ਸ) ਵਿਅੰਜਨ

(ਅ) ਆ, ਈ, ਊ — (ੲ) ਸ੍ਵਰ

(ੲ) ੳ, ਅ, ੲ — (ਅ) ਦੀਰਘ

(ਸ) ਸ ਤੋਂ ੜ — (ੳ) ਹ੍ਰਸਵ ਜਾਂ ਲਘੂ

93. **ਸਹੀ ਮਿਲਾਣ ਕਰੋ :**

(ੳ) ਸਾਗ — (ਅ) ਸੌਂਦਾ

(ਅ) ਸੌਦਾ — (ਸ) ਤਕੜੀ

(ੲ) ਘਟ — (ੳ) ਸਾਂਗ

(ਸ) ਤੱਕੜੀ — (ੲ) ਘੱਟ

94. **ਸਹੀ ਮਿਲਾਣ ਕਰੋ :**

(ੳ) ਇੱਕਵਚਨ — (ਅ) ਮਾਦਾ

(ਅ) ਨਰ — (ੲ) ਭੱਜਣਾ

(ੲ) ਦੌੜਨਾ — (ਸ) ਉੱਤੇ

(ਸ) ਉੱਪਰ — (ੳ) ਬਹੁਵਚਨ

95. **ਸਹੀ ਮਿਲਾਣ ਕਰੋ :**

(ੳ) ਲਾਂ — (ੲ) ਆ

(ਅ) ਹੋੜਾ — (ਸ) ਈ

(ੲ) ਕੰਨਾ — (ਅ) ਓ

(ਸ) ਬਿਹਾਰੀ — (ੳ) ਏ

**ਲੜੀ ਨੰ. 5 (ਪ੍ਰਸ਼ਨ ਨੰ. 16 ਦੇ ਆਧਾਰ 'ਤੇ)** **8 ਅੰਕ**

## ਲੇਖ ਰਚਨਾ

### 1. ਸ੍ਰੀ ਗੁਰੂ ਨਾਨਕ ਦੇਵ ਜੀ

ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖ ਧਰਮ______ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ______ ਈ: ਨੂੰ ਰਾਏ ਭੋਏ ਦੀ ਤਲਵੰਡੀ ਪਾਕਿਸਤਾਨ ਵਿਖੇ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿਤਾ ਜੀ ਦਾ ਨਾਮ ______ ਅਤੇ ਮਾਤਾ ਜੀ ਦਾ ਨਾਮ ______ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਭੈਣ ਦਾ ਨਾਮ ______ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਬੀਬੀ ______ ਨਾਲ਼ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਦੋ ਪੁੱਤਰਾਂ ਨੇ ਜਨਮ ਲਿਆ ਜਿਨ੍ਹਾਂ ਦੇ ਨਾਮ ਬਾਬਾ______ ਅਤੇ ਬਾਬਾ ______ ਸਨ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੌਲਤ ਖ਼ਾਂ ਲੋਧੀ ਦੇ ______ ਖ਼ਾਨੇ ਵਿੱਚ ਨੌਕਰੀ ਵੀ ਕੀਤੀ। ਸ੍ਰੀ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਵਿਖੇ ______ ਨਦੀ ਵਿੱਚ ਇਸ਼ਨਾਨ ਕਰਨ ਗਏ ਅਤੇ ______ ਦਿਨ ਅਲੋਪ ਰਹੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਾਰ ______ ਕੀਤੀਆਂ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ______ਸਾਹਿਬ ਦੀ ਰਚਨਾ ਵੀ ਕੀਤੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਅੰਤਲਾ ਸਮਾਂ ______ ਵਿੱਚ ਬਿਤਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ______ ਜੀ ਨੂੰ ਆਪਣੀ ਗੱਦੀ ਦਾ ______ ਚੁਣਿਆ ਅਤੇ ਉਹਨਾਂ ਨੂੰ ______ ਨਾਮ ਦਿੱਤਾ। ਸ੍ਰੀ ਗੁਰੂ ਨਾਨਕ ਦੇਵ ਜੀ ______ ਈ: ਨੂੰ ਜੋਤੀ-ਜੋਤ ਸਮਾ ਗਏ।

ਉੱਤਰ : - ਮੋਢੀ, 15 ਅਪਰੈਲ, 1469, ਮਹਿਤਾ ਕਾਲੂ, ਤ੍ਰਿਪਤਾ ਦੇਵੀ, ਨਾਨਕੀ, ਸੁਲੱਖਣੀ, ਸ੍ਰੀ ਚੰਦ, ਲੱਖਮੀ ਦਾਸ, ਮੋਦੀ, ਵੇਈਂ, ਤਿੰਨ, ਉਦਾਸੀਆਂ, ਇੱਕ, ਕਣ-ਕਣ, 'ਜਪੁਜੀ', ਕਰਤਾਰਪੁਰ, ਭਾਈ ਲਹਿਣਾ, ਵਾਰਸ, ਗੁਰੂ ਅੰਗਦ ਦੇਵ ਜੀ, 22 ਸਤੰਬਰ, 1539।

### 2. ਸ੍ਰੀ ਗੁਰੂ ਤੇਗ਼ ਬਹਾਦਰ ਜੀ

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਜਨਮ ______ ਈ: ਨੂੰ ਅੰਮ੍ਰਿਤਸਰ ਵਿੱਚ ਹੋਇਆ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਪਿਤਾ ਦਾ ਨਾਮ ______ ਅਤੇ ਮਾਤਾ ਜੀ ਦਾ ਨਾਮ ______ ਸੀ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਵਿਆਹ 1634 ਈ: ਵਿੱਚ______ ਜੀ ਨਾਲ਼ ਹੋਇਆ। ਸ੍ਰੀ ਗੁਰੂ ਹਰਗੋਬਿੰਦ ਰਾਏ ਜੀ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਸ੍ਰੀ ਗੁਰੂ ਤੇਗ਼ ਬਹਾਦਰ ਜੀ ______ਵਿਖੇ ਆ ਕੇ ਰਹਿਣ ਲੱਗ ਪਏ। ਬਾਬਾ ਬਕਾਲਾ ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ______ ਸਾਲ ਭੋਰੇ ਵਿੱਚ ਬੈਠ ਕੇ ਪ੍ਰਭੂ ਦਾ ਸਿਮਰਨ ਕਰਦੇ ਰਹੇ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਕਹਿਲੂਰ ਦੇ ਰਾਜੇ ਤੋਂ ਜ਼ਮੀਨ ਖ਼ਰੀਦ ਕੇ ______ਨਾਂ ਦੇ ਨਗਰ ਦੀ ਸਥਾਪਨਾ ਕੀਤੀ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਘਰ ਇੱਕ ਪੁੱਤਰ ਨੇ ਜਨਮ ਲਿਆ ਜਿਸ ਦਾ ਨਾਮ ______ ਰੱਖਿਆ ਗਿਆ। ਹਿੰਦੂ ਧਰਮ ਦੀ ਰੱਖਿਆ ਲਈ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ______ ਈ: ਨੂੰ ਆਪਣੀ ਸ਼ਹਾਦਤ ਦੇ ਕੇ ਹਿੰਦੂ ਧਰਮ ਦੀ ਰੱਖਿਆ ਕੀਤੀ। ਇਸ ਸ਼ਹੀਦੀ ਦੇ ਕਾਰਨ ਆਪ ਜੀ ਨੂੰ ______ਵੀ ਕਿਹਾ ਜਾਂਦਾ ਹੈ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ______ ਸਲੋਕ ਅਤੇ ______ਸ਼ਬਦ ਦਰਜ ਹਨ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਹੀ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਸਪੁੱਤਰ ______ ਜੀ ਨੇ ______ਪੰਥ ਦੀ ਸਾਜਨਾ ਕੀਤੀ।

ਉੱਤਰ : – ●1 ਅਪ੍ਰੈਲ, 1621, ਸ੍ਰ ਗੁਰੂ ਹਰਗੋਬਿੰਦ ਸਾਹਿਬ, ਨਾਨਕੀ, ਮਾਤਾ ਗੁਜਰੀ, ਬਾਬਾ ਬਕਾਲਾ, 2●, ਸ੍ਰੀ ਅਨੰਦਪੁਰ ਸਾਹਿਬ, ਗੋਬਿੰਦ ਰਾਏ, 11 ਨਵੰਬਰ, 1675, ਹਿੰਦ ਦੀ ਚਾਦਰ, 59, 57, ਗੋਬਿੰਦ ਰਾਏ, ਖ਼ਾਲਸਾ।

## 3. ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ______ਈ: ਨੂੰ ______ਵਿਖੇ ਹੋਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਦਾ ਨਾਮ ______ਅਤੇ ਮਾਤਾ ਜੀ ਦਾ ਨਾਮ ______ਹੈ। 1672 ਈ: ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਟਨਾ ਸ਼ਹਿਰ ਨੂੰ ਛੱਡ ਕੇ ______ਸਾਹਿਬ ਵਿਖੇ ਆ ਗਏ। ਇੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਸਤਰ-ਵਿੱਦਿਆ ਦੇ ਨਾਲ਼-ਨਾਲ਼ ______ਵਿੱਦਿਆ ਵੀ ਹਾਸਲ ਕੀਤੀ। ●9 ਸਾਲ ਦੀ ਉਮਰ ਵਿੱਚ ਪਿਤਾ ਜੀ ਦੀ ਸ਼ਹੀਦੀ ਤੋਂ ਬਾਅਦ ਆਪ ਸਿੱਖ ਧਰਮ ______ਗੁਰੂ ਬਣੇ। 1699 ਈ: ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ______ ਵਾਲੇ ਦਿਨ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਪਹਾੜੀ ਰਾਜਿਆਂ ਅਤੇ ______ਨਾਲ਼ ਕਈ ਲੜਾਈਆਂ ਲੜਨੀਆਂ ਪਈਆਂ। ਇਹਨਾਂ ਲੜਾਈਆਂ ਵਿੱਚ ਸ੍ਰੀ ਗੁਰੂ ਗੋਬਿੰਦ ਜੀ ਨੂੰ ______ ਛੱਡਣਾ ਪਿਆ। ਇਹਨਾਂ ਲੜਾਈਆਂ ਦੇ ਦੌਰਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਪਰਿਵਾਰ ਤੋਂ ______ਨਦੀ ਦੇ ਕਿਨਾਰੇ ’ਤੇ ਵਿਛੜ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਸਰਹਿੰਦ ਦੇ ਨਵਾਬ ______ਨੇ ਨੀਂਹਾਂ ਵਿੱਚ ਚਿਣਵਾ ਦਿੱਤੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਚਮਕੌਰ ਦੀ ਲੜਾਈ ਵਿੱਚ ______ਹੋ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੀਨਾ ਕਾਂਗੜਾ ਨਾਂ ਦੇ ਸਥਾਨ ’ਤੇ ਮੁਗ਼ਲ ਬਾਦਸ਼ਾਹ ______ ਨੂੰ ______ਨਾਮ ਦਾ ਪੱਤਰ ਲਿਖਿਆ। ਉਸ ਤੋਂ ਉਪਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ______ ਨੂੰ ਜੋਤੀ-ਜੋਤ ਸਮਾ ਗਏ।

**ਉੱਤਰ** :- 22 ਦਸੰਬਰ 1666, ਪਟਨਾ, ਸ੍ਰੀ ਗੁਰੂ ਤੇਗ਼ ਬਹਾਦਰ ਜੀ, ਗੁਜਰੀ, ਸ੍ਰੀ ਅਨੰਦਪੁਰ ਸਾਹਿਬ, ਧਾਰਮਿਕ, ਦਸਵੇਂ, ਵਿਸਾਖੀ, ਮੁਗ਼ਲਾਂ, ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ, ਸਰਸਾ, ਵਜ਼ੀਰ ਖਾਂ, ਸ਼ਹੀਦ, ਔਰੰਗਜ਼ੇਬ, ਜ਼ਫ਼ਰਨਾਮਾ, ●7 ਅਕਤੂਬਰ, 17●8 ।

## 4. ਮਹਾਤਮਾ ਗਾਂਧੀ

ਮਹਾਤਮਾ ਗਾਂਧੀ ਜੀ ਦਾ ਜਨਮ ______ ਈ: ਨੂੰ ______ ਗੁਜਰਾਤ ਵਿੱਚ ਹੋਇਆ। ਮਹਾਤਮਾ ਗਾਂਧੀ ਜੀ ਦੇ ਪਿਤਾ ਦਾ ਨਾਮ ______ ਸੀ। ਮਹਾਤਮਾ ਗਾਂਧੀ ਜੀ ਦੇ ਪਿਤਾ ਪਹਿਲਾ ਪੋਰਬੰਦਰ ਅਤੇ ਫਿਰ ਰਾਜਕੋਟ ਰਿਆਸਤ ਦੇ ਰਹੇ। ਮਹਾਤਮਾ ਗਾਂਧੀ ਜੀ ਨੇ ਵਿੱਚ ਆਪਣੀ ਦਸਵੀਂ ਦੀ ਪੜ੍ਹਾਈ ਪੂਰੀ ਕੀਤੀ। ਕਾਲਜ ਵਿੱਚ ਦਾਖ਼ਲ ਹੋ ਕੇ ਮਹਾਤਮਾ ਗਾਂਧੀ ਜੀ ਨੇ ਆਪਣੀ ______ ਦੀ ਪੜ੍ਹਾਈ ਪੂਰੀ ਕੀਤੀ। ਮਹਾਤਮਾ ਗਾਂਧੀ ਜੀ ਬੈਰਿਸਟਰੀ ਦੀ ਪੜ੍ਹਾਈ ਪੂਰੀ ਕਰਨ ਲਈ ______ ਈ: ਵਿੱਚ ______ ਚਲੇ ਗਏ।

1893 ਈ: ਵਿੱਚ ਮਹਾਤਮਾ ਗਾਂਧੀ ਜੀ ਇੱਕ ਮੁਕੱਦਮੇ ਦੇ ਸੰਬੰਧ ਵਿੱਚ ______ ਚਲੇ ਗਏ। ਮਹਾਤਮਾ ਗਾਂਧੀ ਜੀ ਨੇ ਦੱਖਣੀ ਅਫ਼ਰੀਕਾ ਵਿੱਚ ਭਾਰਤੀਆਂ ਨੂੰ ਇੱਕ-ਮੁੱਠ ਕਰ ਕੇ ______ਵਿਰੁੱਧ ਸ਼ਾਂਤਮਈ ______ ਕੀਤਾ ਜਿਸ ਵਿੱਚ ਮਹਾਤਮਾ ਗਾਂਧੀ ਜੀ ਨੇ ਸਫਲਤਾ ਹਾਸਲ ਕੀਤੀ।

1916 ਈ: ਵਿੱਚ ਮਹਾਤਮਾ ਗਾਂਧੀ ਜੀ ਦੱਖਣੀ ਅਫ਼ਰੀਕਾ ਤੋਂ ______ ਪਰਤੇ। ਭਾਰਤ ਪਰਤ ਕੇ ਮਹਾਤਮਾ ਗਾਂਧੀ ਜੀ ਨੇ ਭਾਰਤ ਵਿੱਚ ਅੰਗਰੇਜ਼ਾਂ ਵਿਰੁੱਧ ______ ਸੰਘਰਸ਼ ਸ਼ੁਰੂ ਕਰ ਦਿੱਤਾ। ਮਹਾਤਮਾ ਗਾਂਧੀ ਜੀ ਦੀ ਅਗਵਾਈ ਹੇਠ ______ ਈ: ਵਿੱਚ ਕਾਂਗਰਸ ਪਾਰਟੀ ਨੇ ______ਦੀ ਮੰਗ ਕੀਤੀ। ਮਹਾਤਮਾ ਗਾਂਧੀ ਜੀ ਨੇ 1942

ਈ: ਵਿੱਚ ਅੰਗਰੇਜ਼ਾਂ ਵਿਰੁੱਧ ਅੰਦੋਲਨ ਸ਼ੁਰੂ ਕਰ ਦਿੱਤਾ। ਮਹਾਤਮਾ ਗਾਂਧੀ ਜੀ ______1948 ਈ: ਨੂੰ ਜਦੋਂ ਬਿਰਲਾ ਮੰਦਰ ਤੋਂ ਪ੍ਰਾਰਥਨਾ ਕਰ ਕੇ ਵਾਪਸ ਜਾ ਰਹੇ ਸਨ ਤਾਂ ਨੱਥੂ ਰਾਮ ਗੌਡਸੇ ਜੀ ਨੇ ਮਹਾਤਮਾ ਗਾਂਧੀ ਜੀ 'ਤੇ ਗੋਲ਼ੀਆਂ ਚਲਾ ਦਿੱਤੀਆਂ ਜਿਸ ਨਾਲ਼ ਮਹਾਤਮਾ ਗਾਂਧੀ ਜੀ ਦੀ ਮੌਤ ਹੋ ਗਈ।

**ਉੱਤਰ** : – ●2 ਅਕਤੂਬਰ, 1869, ਪੋਰਬੰਦਰ (ਕਾਲੀਆਵਾੜ), ਮੋਹਨ ਦਾਸ ਕਰਮ ਚੰਦ ਗਾਂਧੀ, ਦੀਵਾਨ, 1887 ਈ:, ਬੀ. ਏ. ਇੰਗਲੈਂਡ, ਦੱਖਣੀ ਅਫ਼ਰੀਕਾ, ਅੰਗਰੇਜ਼ਾਂ, ਸ਼ਾਂਤਮਈ, 193●, ਪੂਰਨ ਅਜ਼ਾਦੀ, ਭਾਰਤ ਛੱਡੋ, 3● ਜਨਵਰੀ।

## 5. ਡਾ : ਭੀਮ ਰਾਓ ਅੰਬੇਦਕਰ

ਡਾ: ਭੀਮ ਰਾਓ ਅੰਬੇਦਕਰ ਜੀ ਦਾ ਜਨਮ ______ ਈ: ਨੂੰ ਬੜੌਦਾ ਰਿਆਸਤ ਦੀ ਛਾਉਣੀ ਮਹੂ (ਮੱਧ ਪ੍ਰਦੇਸ਼) ਵਿੱਚ ਹੋਇਆ। ਡਾ. ਭੀਮ ਰਾਓ ਅੰਬੇਦਕਰ ਜੀ ਦੇ ਪਿਤਾ ਜੀ ਦਾ ਨਾਮ ______ ਅਤੇ ਮਾਤਾ ਜੀ ਦਾ ਨਾਮ ______ ਸੀ। ਡਾ. ਭੀਮ ਰਾਓ ਅੰਬੇਦਕਰ ਜੀ ਨੇ ______ ਈ: ਵਿੱਚ ਆਪਣੀ ਦਸਵੀਂ ਦੀ ਪੜ੍ਹਾਈ ਪੂਰੀ ਕਰ ਲਈ। ਸਤਾਰਾਂ ਸਾਲ ਦੀ ਉਮਰ ਵਿੱਚ ਡਾ. ਭੀਮ ਰਾਓ ਅੰਬੇਦਕਰ ਜੀ ਦਾ ਵਿਆਹ ______ ਨਾਲ਼ ਹੋਇਆ। ਡਾ. ਭੀਮ ਰਾਓ ਅੰਬੇਦਕਰ ਜੀ ਨੇ 1912 ਈ: ਵਿੱਚ ਆਪਣੀ ______ਦੀ ਪੜ੍ਹਾਈ ਪੂਰੀ ਕਰ ਲਈ। ਡਾ. ਭੀਮ ਰਾਓ ਅੰਬੇਦਕਰ ਜੀ ਨੇ ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਤੋਂ ______ ਅਤੇ ਫਿਰ ______ਦੀ ਡਿਗਰੀ ਪ੍ਰਾਪਤ ਕੀਤੀ। ਇਸ ਤੋਂ ਬਾਅਦ ਡਾ: ਭੀਮ ਰਾਓ ਅੰਬੇਦਕਰ ਜੀ ਲੰਡਨ ਆ ਗਏ ਅਤੇ ਉੱਥੇ ______ ਅਤੇ ਕਨੂੰਨ ਦੀ ਪੜ੍ਹਾਈ ਪੂਰੀ ਕੀਤੀ। ਵਜ਼ੀਫ਼ੇ ਦੀ ਮਿਆਦ ਪੂਰੀ ਹੋਣ ਕਰਕੇ ਆਪ ਭਾਰਤ ਵਾਪਸ ਆ ਗਏ ਅਤੇ ਮਹਾਰਾਜਾ ਬੜੌਦਾ ਦੀ ਰਿਆਸਤ ਵਿੱਚ ਆਪ ______ਦੇ ਅਹੁਦੇ 'ਤੇ ਨਿਯੁਕਤ ਹੋ ਗਏ। ਗ਼ਰੀਬ ਸਮਾਜ ਦੀ ਭਲਾਈ ਲਈ ਕੰਮ ਕਰਨ ਕਰਕੇ ਡਾ. ਭੀਮ ਰਾਓ ਅੰਬੇਦਕਰ ਜੀ ਦੇ ਅਹੁਦੇ 'ਤੇ ਨਿਯੁਕਤ ਹੋ ਗਏ। ਗ਼ਰੀਬ ਸਮਾਜ ਦੀ ਭਲਾਈ ਲਈ ਕੰਮ ਕਰਨ ਕਰਕੇ ਡਾ. ਭੀਮ ਰਾਓ ਅੰਬੇਦਕਰ ਜੀ 1927 ਈ: ਵਿੱਚ ______ਦੇ ਮੈਂਬਰ ਚੁਣੇ ਗਏ। ਡਾ. ਭੀਮ ਰਾਓ ਅੰਬੇਦਕਰ ਜੀ ਨੇ ਦਿਨ-ਰਾਤ ਮਿਹਨਤ ਕਰਕੇ ਭਾਰਤ ਦਾ ______ ਤਿਆਰ ਕੀਤਾ। ਡਾ. ਭੀਮ ਰਾਓ ਅੰਬੇਦਕਰ ਜੀ ਧਰਮ ਦੀ ਸ਼ਰਨ ਵਿੱਚ ਚਲੇ ਗਏ। ______ਨੂੰ ਡਾ. ਭੀਮ ਰਾਓ ਅੰਬੇਦਕਰ ਜੀ ਅਕਾਲ ਚਲਾਣਾ ਕਰ ਗਏ। ਡਾ. ਭੀਮ ਰਾਓ ਅੰਬੇਦਕਰ ਜੀ ਦੇ ਸੌ ਸਾਲਾ ਜਨਮ ਦਿਨ ਉੱਤੇ ਭਾਰਤ ਸਰਕਾਰ ਨੇ ਉਹਨਾਂ ਨੂੰ ਦੇਸ ਦਾ ਸਰਬ ਉੱਚ ਸਨਮਾਨ ______ ਦੀ ਉਪਾਧੀ ਦੇ ਕੇ ਸਨਮਾਨਿਤ ਕੀਤਾ।

**ਉੱਤਰ** : – 14 ਅਪ੍ਰੈਲ, 1891, ਸ੍ਰੀ ਰਾਮ ਜੀ ਮਲੋਜੀ, ਸ੍ਰੀਮਤੀ ਭੀਮਾਬਾਈ, 19●7, ਰਾਮਾ ਬਾਈ, ਬੀ. ਏ. ਐੱਮ. ਏ., ਪੀ-ਐੱਚ. ਡੀ., ਅਰਥ-ਸ਼ਾਸਤਰ, ਮਿਲਟਰੀ ਸਕੱਤਰ, ਬੰਬਈ ਵਿਧਾਨ ਪਰਿਸ਼ਦ, ਸੰਵਿਧਾਨ, ਕਨੂੰਨ ਮੰਤਰੀ, ਬੁੱਧ, ●6 ਦਸੰਬਰ, 1956, ਭਾਰਤ ਰਤਨ।

## 6. ਪੰਡਤ ਜਵਾਹਰ ਲਾਲ ਨਹਿਰੂ

ਪੰਡਤ ਜਵਾਹਰ ਲਾਲ ਨਹਿਰੂ ਦਾ ਜਨਮ ______ ਈ: ਨੂੰ ਅਲਾਹਾਬਦ ਵਿੱਚ ਉੱਘੇ ਵਕੀਲ ਪੰਡਤ ______ ਘਰ ਹੋਇਆ। ਪੰਡਤ ਜਵਾਹਰ ਲਾਲ ਨਹਿਰੂ ਜੀ ਨੇ ਮੁਢਲੀ ਪੜ੍ਹਾਈ ______ ਵਿੱਚ ਹੀ ਹਾਸਲ ਕੀਤੀ। ਉਚੇਰੀ ਪੜ੍ਹਾਈ ਲਈ ਪੰਡਤ ਜਵਾਹਰ ਲਾਲ ਨਹਿਰੂ ______ਚਲੇ ਗਏ। 192● ਈ: ਵਿੱਚ ਮਹਾਤਮਾ ਗਾਂਧੀ ਵੱਲੋਂ ਚਲਾਈ ______ਲਹਿਰ ਵਿੱਚ ਪੰਡਤ ਜਵਾਹਰ ਲਾਲ ਨਹਿਰੂ ਨੇ ਹਿੱਸਾ ਲਿਆ। ______ਵਿੱਚ ਪੰਡਤ ਜਵਾਹਰ ਲਾਲ ਨਹਿਰੂ ਕਾਂਗਰਸ ਪਾਰਟੀ ਦੇ ਪ੍ਰਧਾਨ ਚੁਣੇ ਗਏ। 15 ਅਗਸਤ, 1947 ਨੂੰ ਜਦੋਂ ਭਾਰਤ ਅਜ਼ਾਦ ਹੋਇਆ ਤਾਂ

ਪੰਡਤ ਜਵਾਹਰ ਲਾਲ ਨਹਿਰੂ ਜੀ ਦੇਸ ਦੇ ______ ਚੁਣੇ ਗਏ। ਬੱਚੇ ਪੰਡਤ ਜਵਾਹਰ ਲਾਲ ਨਹਿਰੂ ਜੀ ਨੂੰ ______ ਵੀ ਕਹਿ ਕੇ ਬੁਲਾਉਂਦੇ ਹਨ। ਪੰਡਤ ਜਵਾਹਰ ਲਾਲ ਨਹਿਰੂ ਜੀ ਦਾ ਜਨਮ-ਦਿਨ ਹਰ ਸਾਲ 14 ਨਵੰਬਰ ਨੂੰ ______ ਦਿਵਸ ਦੇ ਤੌਰ 'ਤੇ ਵੀ ਮਨਾਇਆ ਜਾਂਦਾ ਹੈ। ਪੰਡਤ ਜਵਾਹਰ ਲਾਲ ਨਹਿਰੂ ਜੀ ______ ਨੂੰ ਅਕਾਲ ਚਲਾਣਾ ਕਰ ਗਏ।

**ਉੱਤਰ** :- 14 ਨਵੰਬਰ, 1989, ਮੋਤੀ ਲਾਲ ਨਹਿਰੂ, ਘਰ, ਇੰਗਲੈਂਡ, ਨਾਮਿਲਵਰਤਣ, 193●, ਪਹਿਲੇ ਪ੍ਰਧਾਨ ਮੰਤਰੀ, ਚਾਚਾ ਨਹਿਰੂ, ਬਾਲ, 27 ਮਈ, 1964 ।

## 7. ਸ਼ਹੀਦ ਭਗਤ ਸਿੰਘ

ਸ਼ਹੀਦ ਭਗਤ ਸਿੰਘ ਜੀ ਦਾ ਜਨਮ ______ਚੱਕ ਨੰ. 1●5, ਜ਼ਿਲ੍ਹਾ ਲਾਇਲਪੁਰ ਅੱਜ-ਕੱਲ, ਪਾਕਿਸਤਾਨ ਵਿੱਚ ਹੋਇਆ। ਸ਼ਹੀਦ ਭਗਤ ਸਿੰਘ ਜੀ ਦੇ ਪਿਤਾ ਦਾ ਨਾਮ ______ ਅਤੇ ਮਾਤਾ ਦਾ ਨਾਮ ______ ਸੀ। ਸ਼ਹੀਦ ਭਗਤ ਸਿੰਘ ਜੀ ਦਾ ਜੱਦੀ ਪਿੰਡ ______ ਸੀ। ਬਚਪਨ ਵਿੱਚ ਜ਼ਲ੍ਹਿਆਂ ਵਾਲ਼ੇ ਬਾਗ਼ ਦੀ ਦੁਖਦਾਈ ਘਟਨਾ ਨੇ ਸ਼ਹੀਦ ਭਗਤ ਸਿੰਘ ਜੀ ਦੇ ਮਨ ਉੱਪਰ ਬਹੁਤ ______ਅਸਰ ਪਾਇਆ। 1925 ਈ: ਵਿੱਚ ਸ਼ਹੀਦ ਭਗਤ ਸਿੰਘ ਜੀ ਨੇ ਸੁਖਦੇਵ, ਭਗਵਤੀ ਚਰਨ ਅਤੇ ਧਨਵੰਤਰੀ ਆਦਿ ਨਾਲ਼ ਮਿਲ਼ ਕੇ ______ ਬਣਾਈ ਅਤੇ ਅੰਗਰੇਜ਼ਾਂ ਦੇ ਵਿਰੁੱਧ ______ਅਰੰਭ ਕਰ ਦਿੱਤਾ। ਲਾਲਾ ਲਾਜਪਤ ਰਾਏ ਦੇ ਕਾਤਲ ਮਿਸਟਰ ਸਕਾਟ ਨੂੰ ਮਾਰਨ ਦੀ ਸ਼ਹੀਦ ਭਗਤ ਸਿੰਘ ਜੀ ਨੇ ਆਪਣੇ ਸਾਥੀਆਂ ਨਾਲ਼ ਯੋਜਨਾ ਬਣਾਈ ਪਰ ਉਸ ਦੀ ਥਾਂ 'ਤੇ ______ਮਾਰਿਆ ਗਿਆ। ਸ਼ਹੀਦ ਭਗਤ ਸਿੰਘ ਜੀ ਨੇ ਆਪਣੇ ਸਾਥੀ ਬੀ. ਕੇ ਦੱਤ ਨਾਲ਼ ਮਿਲ਼ ਕੇ ਦਿੱਲੀ ਅਸੈਂਬਲੀ ਵਿੱਚ ______ ਅਤੇ ਆਪਣੀ ______ ਦੇ ਦਿੱਤੀ। ਵੱਖ-ਵੱਖ ਮੁਕੱਦਮਿਆਂ ਦੀ ਸੁਣਵਾਈ ਕਰਦੇ ਹੋਏ ਅਦਾਲਤ ਨੇ ______ਨੂੰ ਸ਼ਹੀਦ ਭਗਤ ਸਿੰਘ ਜੀ, ਸੁਖਦੇਵ ਅਤੇ ਰਾਜਗੁਰੂ ਨੂੰ ______ਦੀ ਸਜ਼ਾ ਸੁਣਾਈ। ਸ਼ਹੀਦ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ______ ਨੂੰ ਫਾਂਸੀ ਦੇ ਦਿੱਤੀ ਗਈ।

**ਉੱਤਰ** : - 28 ਸਤੰਬਰ, 19●7, ਕਿਸ਼ਨ ਸਿੰਘ, ਵਿਦਿਆਵਤੀ, ਖਟਕੜ ਕਲਾਂ, ਡੂੰਘਾ, 'ਨੌਜਵਾਨ ਭਾਰਤ ਸਭਾ', ਸੰਘ, ਸਾਂਡਰਸ, ਬੰਬ ਸੁੱਟੇ, ਗਰਿਫ਼ਤਾਰੀ, ਫ਼ਾਂਸੀ, 23 ਮਾਰਚ, 1931

## 8. ਵਿਸਾਖੀ ਦਾ ਅੱਖੀ ਡਿੱਠਾ ਮੇਲਾ

ਵਿਸਾਖੀ ਦਾ ਮੇਲਾ ਹਰ ਸਾਲ ______ਨੂੰ ਮਨਾਇਆ ਜਾਂਦਾ ਹੈ। ਇਹ ਤਿਉਹਾਰ ______ ਦੀ ਫ਼ਸਲ ਪੱਕਣ ਦੀ ______ਵਿੱਚ ਮਨਾਇਆ ਜਾਂਦਾ ਹੈ। ਐਤਕੀਂ ਮੈਂ ਵੀ ਆਪਣੇ ਪਿਤਾ ਜੀ ਨਾਲ਼ ______ ਦੇਖਣ ਲਈ ਗਿਆ। ਬਹੁਤ ਸਾਰੇ ______ਮੇਲਾ ਦੇਖਣ ਜਾ ਰਹੇ ਸਨ। ਮੇਰੇ ਪਿਤਾ ਜੀ ਨੇ ਦੱਸਿਆ ਕਿ ਇਸ ਦਿਨ ਦਸਵੇਂ ਪਾਤਸ਼ਾਹ ______ਨੇ ਅਨੰਦਪੁਰ ਸਾਹਿਬ ਵਿਖੇ ______ਦੀ ਸਥਾਪਨਾ ਕੀਤੀ ਸੀ। ਇਸੇ ਹੀ ਦਿਨ ______ ਈ: ਨੂੰ ਜਨਰਲ ਡਾਇਰ ਨੇ ______ਬਾਗ਼ ਵਿੱਚ ______'ਤੇ ਗੋਲੀਆਂ ਚਲਾ ਕੇ ਉਹਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਮੇਲੇ ਵਿੱਚ ਕਾਫ਼ੀ ______ ਭੜੱਕਾ ਸੀ। ਮੇਲੇ ਵਿੱਚ ਬਹੁਤ ਸਾਰੀਆਂ ______ਲੱਗੀਆਂ ਹੋਈਆਂ ਸਨ। ਮੇਲੇ ਵਿੱਚ ਅਸੀਂ ਜਲੇਬੀਆਂ ਖਾਧੀਆਂ। ਮੇਲੇ ਵਿੱਚ ਅਸੀਂ ______ ਵਿੱਚ ਝੂਟੇ ਲਏ। ਫਿਰ ਅਸੀਂ ______ ਦਾ ਖੇਲ ਦੇਖਿਆ। ਫਿਰ ਅਸੀਂ ______ਦਾ ਮੈਚ ਦੇਖਿਆ। ਜਿਉਂ-ਜਿਉਂ ਦਿਨ ਬੀਤ ਰਿਹਾ ਸੀ ਮੇਲੇ ਵਿੱਚ ______ ਵਧ ਰਹੀ ਸੀ। ਏਨੇ ਨੂੰ ਸੂਰਜ ______ਲੱਗਾ। ਮੇਲੇ ਵਿੱਚੋਂ ਅਸੀਂ ਘਰਦਿਆਂ ਲਈ ______, ______ ਅਤੇ ਛੋਟੇ ਭੈਣ-ਭਰਾਵਾਂ ਲਈ ______ ਖ਼ਰੀਦੇ ਅਤੇ ਘਰ ਵਾਪਸ ਆ ਗਏ।

**ਉੱਤਰ** :- 13 ਅਪਰੈਲ, ਹਾੜ੍ਹੀ, ਖ਼ੁਸ਼ੀ, ਵਿਸਾਖੀ ਦਾ ਮੇਲਾ, ਲੋਕ, ਦੇਖਣ, ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਖ਼ਾਲਸਾ ਪੰਥ, 1919 ਜਲ੍ਹਿਆਂਵਾਲ਼ੇ, ਨਿਰਦੋਸ਼ ਲੋਕਾਂ, ਭੀੜ, ਦੁਕਾਨਾਂ, ਤੱਤੀਆਂ-ਤੱਤੀਆਂ, ਪੰਘੂੜੇ, ਜਾਦੂਗਰ, ਕਬੱਡੀ ਅਤੇ ਫ਼ੁਟਬਾਲ, ਭੀੜ, ਛਿਪਣ, ਜਲੇਬੀਆਂ, ਪਕੌੜੇ, ਖਿਡੌਣੇ।

### 9. ਦਿਵਾਲ਼ੀ

ਭਾਰਤ ______ਦਾ ਦੇਸ ਹੈ। ਦਿਵਾਲ਼ੀ ਵੀ ਭਾਰਤ ਵਿੱਚ ਹਰ ਸਾਲ ______ ਨਾਲ਼ ਮਨਾਇਆ ਜਾਣ ਵਾਲ਼ਾ ______ਹੈ। ਦਿਵਾਲ਼ੀ ਨੂੰ ਸਭ ______, ਫ਼ਿਰਕੇ ਅਤੇ ______ ਦੇ ਲੋਕ ਬਿਨਾਂ ਕਿਸੇ ______ ਦੇ ਮਨਾਉਂਦੇ ਹਨ। ਦਿਵਾਲ਼ੀ ਤੋਂ ਕੁਝ ਦਿਨ ਪਹਿਲਾਂ ਲੋਕ ਆਪਣੇ ਘਰਾਂ ਦੀ ______ ਕਰਦੇ ਹਨ। ਦਿਵਾਲ਼ੀ ਵਾਲ਼ੇ ਦਿਨ ਭਗਵਾਨ ਸ੍ਰੀ ਰਾਮ ਚੰਦਰ ਜੀ ______ ਸਾਲ ਦਾ ਬਨਵਾਸ ਕੱਟ ਕੇ ਆਪਣੇ ਘਰ ______ ਪਰਤੇ ਸਨ। ਬਜ਼ਾਰਾਂ ਵਿੱਚ ______ , ______ ਦੀਆਂ ਦੁਕਾਨਾਂ ਲੱਗਦੀਆਂ ਹਨ। ਬੱਚੇ ______ਖ਼ਰੀਦਦੇ ਹਨ। ਦਿਵਾਲ਼ੀ ਦੀ ਰਾਤ ਨੂੰ ਲੋਕ ਆਪਣੇ ਘਰਾਂ ਨੂੰ ______ਨਾਲ਼ ਅਤੇ ਬਿਜਲੀ ਨਾਲ਼ ਚੱਲਣ ਵਾਲ਼ੀਆਂ ______ ਨਾਲ਼ ਆਪਣੇ ਘਰਾਂ ਨੂੰ ______ ਹਨ। ਦਿਵਾਲ਼ੀ ਦੀ ਰਾਤ ਨੂੰ ਲੋਕ ਮਾਤਾ ਦੀ ਪੂਜਾ ਵੀ ਕਰਦੇ ਹਨ। ਲੋਕ ਇੱਕ-ਦੂਜੇ ਨੂੰ ______ ਅਤੇ ______ ਵੀ ਵੰਡਦੇ ਹਨ। ਕੁੱਝ ਲੋਕ ਦਿਵਾਲ਼ੀ ਵਾਲ਼ੇ ਦਿਨ ______ ਪੀਂਦੇ ਹਨ ਅਤੇ ______ ਖੇਡਦੇ ਹਨ। ਕੁੱਝ ਲੋਕ ______ ਦੀ ਰਾਤ ਨੂੰ ______ ਵੀ ਕਰਦੇ ਹਨ। ਧਰਤੀ ਦੇ ਲਗਾਤਾਰ ਵਧ ਰਹੇ ਤਾਪਮਾਨ ਨੂੰ ਦੇਖਦੇ ਹੋਏ ਸਾਨੂੰ ______ ਰਹਿਤ ਦਿਵਾਲ਼ੀ ਮਨਾਉਣੀ ਚਾਹੀਦੀ ਹੈ। ਸਾਨੂੰ ______ਤੋਂ ਦੂਰ ਰਹਿਣਾ ਚਾਹੀਦਾ ਹੈ। ਸਾਨੂੰ ਅੰਧ-ਵਿਸ਼ਵਾਸਾਂ ਵਿੱਚ ______ਨਹੀਂ ਕਰਨਾ ਚਾਹੀਦਾ। ਸਾਨੂੰ ______ਨਹੀਂ ਪੀਣੀ ਚਾਹੀਦੀ ਅਤੇ ______ ਵੀ ਨਹੀਂ ਖੇਡਣਾ ਚਾਹੀਦਾ। ਸਾਨੂੰ ਮਿਲ਼-ਜੁਲ਼ ਕੇ ______ ਨਾਲ਼ ਇਸ ਤਿਉਹਾਰ ਨੂੰ ਮਨਾਉਣਾ ਚਾਹੀਦਾ ਹੈ।

**ਉੱਤਰ** : - ਤਿਉਹਾਰਾਂ, ਬੜੀ ਧੂਮ-ਧਾਮ, ਤਿਉਹਾਰ, ਧਰਮਾਂ, ਜਾਤਾਂ, ਭੇਦ-ਭਾਵ, ਸਫ਼ਾਈ, 14, ਅਯੁੱਧਿਆ ਵਾਪਸ, ਮਿਠਿਆਈਆਂ, ਪਟਾਕਿਆਂ, ਪਟਾਕੇ, ਦੀਵਿਆਂ, ਰੰਗ-ਬਰੰਗੀਆਂ ਲੜੀਆਂ, ਸਜਾਉਂਦੇ, ਲੱਛਮੀ, ਮਿਠਿਆਈਆਂ, ਤੋਹਫ਼ੇ, ਸ਼ਰਾਬ, ਜੂਆ, ਦਿਵਾਲ਼ੀ, ਜਾਦੂ-ਟੂਣੇ, ਪ੍ਰਦੂਸ਼ਣ, ਨਸ਼ਿਆਂ, ਵਿਸ਼ਵਾਸ, ਸ਼ਰਾਬ, ਜੂਆ, ਪਿਆਰ ਅਤੇ ਮੁਹੱਬਤ।

### 10. ਸਮੇਂ ਦੀ ਕਦਰ

ਸਮਾਂ ਬਹੁਤ ______ ਹੈ। ਸਾਨੂੰ ______ ਦੀ ______ ਕਰਨੀ ਚਾਹੀਦੀ ਹੈ। ਬੀਤਿਆ ______ ਕਦੇ ਵੀ ਹੱਥ ਨਹੀਂ ਆਉਂਦਾ। ਅਸੀਂ ਲੋਕ ______ ਦੀ ਕਦਰ ਨਹੀਂ ਕਰਦੇ। ਅਸੀਂ ਆਪਣਾ ਸਮਾਂ ______ ਹੀ ਗਵਾਉਂਦੇ ਰਹਿੰਦੇ ਹਾਂ। ਸਾਡਾ ਕਿਸੇ ਵੀ ਕੰਮ ਦਾ ਕੋਈ ______ ਸਮਾਂ ਨਹੀਂ ਹੈ। ਜੇਕਰ ਅਸੀਂ ਸਮੇਂ ਦੀ ਕਦਰ ਨਹੀਂ ਕਰਾਂਗੇ ਤਾਂ ਸਮਾਂ ______ਕਦਰ ਨਹੀਂ ਕਰੇਗਾ। ਸੋਚ ਕੇ ਦੇਖੋ ਸਮਾਂ ਨਸ਼ਟ ਕਰਨ ਦੇ ਕੀ-ਕੀ ______ਹਨ। ਸਮਾਂ ਨਸ਼ਟ ਕਰ ਕੇ ਅਸੀਂ ਆਪਣੇ-ਆਪ ਨੂੰ ______ ਦੇ ਰਹੇ ਹਾਂ। ਸਾਡਾ ਕੋਈ ਵੀ ਕੰਮ ਸਮੇਂ ਸਿਰ ______ ਨਹੀਂ ਚੜ੍ਹਦਾ। ਇਸ ਲਈ ਜਦੋਂ ਸਮਾਂ ______ਜਾਂਦਾ ਹੈ ਤਾਂ ਸਾਨੂੰ ______ਪੈਂਦਾ ਹੈ। ਸਾਨੂੰ ਆਪਣਾ ਸਾਰਾ ਕੰਮ ______ ਸਿਰ ਕਰਨਾ ਚਾਹੀਦਾ ਹੈ। ਸਿਆਣਿਆਂ ਨੇ ਸੱਚ ਹੀ ਕਿਹਾ ਹੈ ਕਿ ਵੇਲ਼ੇ ______ਦੇ ਕੁਵੇਲ਼ੇ ਦੀਆਂ______।

**ਉੱਤਰ** : - ਕੀਮਤੀ, ਸਮੇਂ, ਕਦਰ, ਸਮਾਂ, ਸਮੇਂ, ਵਿਅਰਥ, ਨਿਸ਼ਚਿਤ, ਸਾਡੀ, ਨੁਕਸਾਨ, ਧੋਖਾ, ਨੇਪਰੇ, ਲੰਘ, ਪਛਤਾਉਣਾ, ਸਮੇਂ, ਕੰਮ, ਨਮਾਜ਼, ਟੱਕਰਾਂ।

**ਲੜੀ ਨੰ. 6 (ਪ੍ਰਸ਼ਨ ਨੰ. 17 ਦੇ ਆਧਾਰ 'ਤੇ)** **7 (2+4+1) ਅੰਕ**

**ਪ੍ਰਸ਼ਨ 1. ਤੁਹਾਡਾ ਮੋਬਾਈਲ ਫ਼ੋਨ ਗੁੰਮ ਹੋ ਗਿਆ ਹੈ, ਇਸ ਦੀ ਰਿਪੋਰਟ ਲਿਖਣ ਲਈ ਥਾਣੇ ਦੇ ਐੱਸ. ਐੱਚ. ਓ. ਨੂੰ ਇੱਕ ਪੱਤਰ ਲਿਖੋ।**

ਪਿੰਡ_________,
ਡਾਕਘਰ ______,
ਜ਼ਿਲ੍ਹਾ _______ ।
24 ਅਪ੍ਰੈਲ, 2●18

ਸੇਵਾ ਵਿਖੇ

ਐੱਸ. ਐੱਚ. ਓ. ਸਾਹਿਬ,
ਥਾਣਾ ਬਲ਼ਾਚੌਰ।

**ਵਿਸ਼ਾ :- ਮੋਬਾਈਲ ਫ਼ੋਨ ਦੇ ਗੁਆਚ ਜਾਣ ਸੰਬੰਧੀ।**

ਸ੍ਰੀ ਮਾਨ ਜੀ,

ਬੇਨਤੀ ਹੈ ਕਿ ਮੇਰਾ ਮੋਬਾਈਲ ਫ਼ੋਨ ਮੋਟਰੋਲਾ ਜਿਸ ਵਿੱਚ ਬੀ. ਐੱਸ. ਐੱਨ. ਐੱਲ. ਕੰਪਨੀ ਦਾ ਸਿਮ ਕਾਰਡ ਹੈ, ਜਿਸ ਦਾ ਨੰ. ---------ਹੈ ਗ਼ੁੰਮ ਹੋ ਗਿਆ ਹੈ। ਇਸ ਦੀ ਰਿਪੋਰਟ ਲਿਖ ਕੇ ਕਾਰਵਾਈ ਕੀਤੀ ਜਾਵੇ ਜੀ।

ਧੰਨਵਾਦ ਸਹਿਤ,

ਆਪ ਦਾ ਵਿਸ਼ਵਾਸਪਾਤਰ,
ਨਾਮ_____________।

2. **ਤੁਹਾਡਾ ਛੋਟਾ ਭਰਾ ਨਸ਼ਿਆਂ ਦਾ ਸੇਵਨ ਕਰਨ ਲੱਗ ਪਿਆ ਹੈ ਉਸ ਨੂੰ ਨਸ਼ਿਆਂ ਤੋਂ ਰੋਕਣ ਲਈ ਪੱਤਰ ਲਿਖੋ।**

ਪ੍ਰੀਖਿਆ ਭਵਨ,
ਸਥਾਨ : ______।
24 ਅਪ੍ਰੈਲ, 2●18

ਪਿਆਰੇ ਮਨਜੀਤ

ਸ਼ੁੱਭ ਇੱਛਾਵਾਂ।

ਮੈਨੂੰ ਪਤਾ ਲੱਗਾ ਹੈ ਕਿ ਅੱਜ-ਕੱਲ੍ਹ ਤੇਰਾ ਧਿਆਨ ਪੜ੍ਹਾਈ ਵਿੱਚ ਨਹੀਂ ਹੈ। ਤੇਰੀ ਸੰਗਤ ਵਿਹਲੜ ਅਤੇ ਨਸ਼ਈ ਦੋਸਤਾਂ ਨਾਲ਼ ਵਧਦੀ ਜਾ ਰਹੀ ਹੈ। ਮੈਂ ਤੈਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਸਮਾਂ ਜੀਵਨ ਨੂੰ ਬਣਾਉਣ ਜਾਂ ਬਰਬਾਦ ਕਰਨ ਦਾ ਹੁੰਦਾ ਹੈ। ਆਪਣਾ ਸਰੀਰ ਨਸ਼ਿਆਂ ਤੋਂ ਬਚਾਉਣ ਲਈ ਅਤੇ ਭਵਿਖ ਸੁੰਦਰ ਬਣਾਉਣ ਲਈ ਮਾੜੀ ਸੰਗਤ ਛੱਡ ਕੇ ਖ਼ੂਬ ਪੜ੍ਹਾਈ ਕਰ। ਮੈਂ ਤੇਰੇ ਤੋਂ ਹਮੇਸ਼ਾਂ ਚੰਗੀ ਆਸ ਰੱਖਦਾ ਹਾਂ।

ਤੇਰਾ ਵੱਡਾ ਵੀਰ,
ਨਾਮ_____________।

ਟਿਕਟ
ਪਤਾ______।

**3. ਤੁਹਾਡਾ ਛੋਟਾ ਭਰਾ ਟੈਲੀਵੀਜ਼ਨ ਬਹੁਤ ਦੇਖਦਾ ਹੈ। ਉਸ ਨੂੰ ਇੱਕ ਚਿੱਠੀ ਰਾਹੀਂ ਪੜ੍ਹਾਈ ਕਰਨ ਦੀ ਪ੍ਰੇਰਨਾ ਦਿਓ।**

ਪਰੀਖਿਆ ਭਵਨ,
-------ਸਕੂਲ,
ਸਥਾਨ------।
ਮਿਤੀ-------।

ਪਿਆਰੇ ਛੋਟੇ ਵੀਰ,

ਸ਼ੁੱਭ ਇੱਛਾਵਾਂ।

ਮੈਨੂੰ ਅੱਜ ਹੀ ਮਾਤਾ ਜੀ ਦੀ ਚਿੱਠੀ ਤੋਂ ਪਤਾ ਲੱਗਾ ਕਿ ਤੂੰ ਪੜ੍ਹਾਈ ਵੱਲ ਬਿਲਕੁਲ ਧਿਆਨ ਨਹੀਂ ਦਿੰਦਾ, ਸਗੋਂ ਹਰ ਰੋਜ਼ ਕਈ-ਕਈ ਘੰਟੇ ਬੈਠਾ ਟੈਲੀਵੀਜ਼ਨ ਦੇਖਦਾ ਰਹਿੰਦਾ ਹੈਂ। ਇਸ ਤਰ੍ਹਾਂ ਕਰਕੇ ਤੂੰ ਸਭ ਤੋਂ ਵੱਡਾ ਨੁਕਸਾਨ ਆਪਣੇ ਕੀਮਤੀ ਸਮੇਂ ਦਾ ਕਰ ਰਿਹਾ ਹੈਂ, ਦੂਜਾ ਅੱਖਾਂ ਦੀ ਰੋਸ਼ਨੀ 'ਤੇ ਫ਼ਰਕ ਪੈਂਦਾ ਹੈ, ਪੜ੍ਹਾਈ ਦਾ ਨੁਕਸਾਨ ਹੁੰਦਾ ਹੈ। ਇਸ ਲਈ ਟੈਲੀਵੀਜ਼ਨ ਵੱਲੋਂ ਧਿਆਨ ਹਟਾ ਕੇ, ਪੜ੍ਹਾਈ ਕਰ।

ਤੇਰਾ ਵੱਡਾ
ਨਾਮ---------।

**4. ਆਪਣੇ ਛੋਟੇ ਭਰਾ ਨੂੰ ਪੜ੍ਹਾਈ ਦੇ ਨਾਲ਼-ਨਾਲ਼ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਨਾ ਦਿਓ।**

ਪਰੀਖਿਆ ਭਵਨ,
ਸ਼ਹਿਰ-----।
ਮਿਤੀ------

ਪਿਆਰੇ ਛੋਟੇ ਵੀਰ,

ਸ਼ੁੱਭ ਇਛਾਵਾਂ।

ਮੈਨੂੰ ਪਿਤਾ ਜੀ ਦੀ ਚਿੱਠੀ ਤੋਂ ਪਤਾ ਲੱਗਾ ਹੈ ਕਿ ਤੂੰ ਸਾਰਾ-ਸਾਰਾ ਦਿਨ ਪੜ੍ਹਾਈ ਵਿੱਚ ਰੁੱਝਿਆ ਰਹਿੰਦਾ ਹੈਂ ਅਤੇ ਆਪਣੀ ਸਿਹਤ ਵੱਲ ਬਿਲਕੁਲ ਧਿਆਨ ਨਹੀਂ ਦਿੰਦਾ। ਮੈਂ ਤੈਨੂੰ ਦੱਸਣਾ ਚਾਹੁੰਦਾ ਹਾਂ ਕਿ ਜੇਕਰ ਚੰਗੀ ਸਿਹਤ ਹੋਵੇਗੀ ਤਾਂ ਹੀ ਅਸੀਂ ਚੰਗੀ ਪੜ੍ਹਾਈ ਕਰ ਸਕਾਂਗੇ। ਇਸ ਲਈ ਪੜ੍ਹਾਈ ਦੇ ਨਾਲ਼-ਨਾਲ਼ ਖੇਡਾਂ ਵਿੱਚ ਭਾਗ ਲੈ ਕੇ ਸਿਹਤ ਵੀ ਚੰਗੀ ਬਣਾ।

ਤੇਰਾ ਵੱਡਾ ਭਰਾ,
ਨਾਮ--------।

**5. ਤੁਹਾਡਾ ਨਾਮ ਦੀਪਿੰਦਰ ਹੈ। ਤੁਹਾਡੇ ਭਰਾ ਰੁਪਿੰਦਰ ਨੇ ਦਸਵੀਂ ਦਾ ਇਮਤਿਹਾਨ ਦੇਣਾ ਹੈ। ਨਕਲ ਦੀਆਂ ਬੁਰਾਈਆਂ ਦੱਸਦੇ ਹੋਏ, ਉਸ ਨੂੰ ਨਕਲ ਤੋਂ ਪਰਹੇਜ਼ ਕਰਨ ਲਈ ਪੱਤਰ ਲਿਖੋ।**

ਪਰੀਖਿਆ ਭਵਨ,
-------ਸਕੂਲ,
------ਸ਼ਹਿਰ।
ਮਿਤੀ------।

ਪਿਆਰੇ ਰੁਪਿੰਦਰ,

ਸ਼ੁੱਭ ਇੱਛਾਵਾਂ।

ਮੈਨੂੰ ਪਤਾ ਲੱਗਾ ਹੈ ਕਿ ਤੇਰਾ ਦਸਵੀਂ ਦਾ ਇਮਤਿਹਾਨ ਹੋਣ ਜਾ ਰਿਹਾ ਹੈ। ਮੈਂ ਤੈਨੂੰ ਇੱਕ ਗੱਲ ਜ਼ਰੂਰ ਕਹਿਣੀ ਚਾਹਾਂਗਾ ਕਿ ਇਮਤਿਹਾਨ ਵਿੱਚ ਤੈਨੂੰ ਨਕਲ ਉੱਤੇ ਆਸ ਨਹੀਂ ਰੱਖਣੀ ਚਾਹੀਦੀ ਕਿਉਂਕਿ ਇਸ ਨਾਲ਼ ਪੜ੍ਹਾਈ ਦੀ ਨੀਂਹ ਕੱਚੀ ਰਹਿ ਜਾਂਦੀ ਹੈ। ਨਕਲ ਨਾਲ਼ ਵਿਅਕਤੀ ਦੀ ਸੂਝ-ਬੂਝ ਕੰਮ ਨਹੀਂ ਕਰਦੀ। ਇਸ ਲਈ ਮੈਨੂੰ ਆਸ ਹੈ ਕਿ ਤੂੰ ਇਸ ਬੁਰਾਈ ਤੋਂ ਦੂਰ ਰਹਿ ਕੇ ਪੇਪਰ ਦੇਵੇਂਗਾ।

ਆਪ ਦਾ ਵੱਡਾ ਵੀਰ।

ਨਾਮ--------।

ਮਿਤੀ :

**6. ਆਪਣੇ ਸਕੂਲ ਦੇ ਮੁੱਖ ਅਧਿਆਪਕ ਨੂੰ ਆਪਣੀ ਭੈਣ ਦੇ ਵਿਆਹ 'ਤੇ ਇੱਕ ਹਫ਼ਤੇ ਦੀਆਂ ਛੁੱਟੀਆਂ ਲੈਣ ਲਈ ਬੇਨਤੀ ਪੱਤਰ ਲਿਖੋ।**

ਸੇਵਾ ਵਿਖੇ

ਮੁੱਖ ਅਧਿਆਪਕ ਜੀ,
---------ਸਕੂਲ,
ਸਥਾਨ-------।

ਸ੍ਰੀਮਾਨ ਜੀ

ਸਨਿਮਰ ਬੇਨਤੀ ਹੈ ਕਿ ਮੇਰੀ ਭੈਣ ਦਾ ਵਿਆਹ ਅਗਲੇ ਹਫ਼ਤੇ ਰੱਖਿਆ ਹੋਇਆ ਹੈ। ਘਰ ਵਿੱਚ ਮੇਰੇ ਮਾਤਾ ਜੀ ਇਕੱਲੇ ਹੀ ਹਨ। ਮੇਰੇ ਪਿਤਾ ਜੀ ਬਾਹਰ ਕੰਮ ਕਰਦੇ ਹਨ। ਵਿਆਹ ਦੇ ਕਾਰਜ ਕਰਨ ਲਈ ਮੈਨੂੰ ਇੱਕ ਹਫ਼ਤੇ ਦੀਆਂ ਛੁੱਟੀਆਂ ਦੇਣ ਦੀ ਕਿਰਪਾਲਤਾ ਕੀਤੀ ਜਾਵੇ ਜੀ।

ਧੰਨਵਾਦ ਸਹਿਤ,

ਆਪ ਜੀ ਦਾ ਵਿਸ਼ਵਾਸਪਾਤਰ,

ਨਾਮ---------------।

ਮਿਤੀ :

**7. ਤੁਸੀਂ ਆਪਣੇ ਲਈ ਸੰਗਮ ਕੰਪਿਊਟਰਜ਼ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਤੋਂ ਇੱਕ ਕੰਪਿਊਟਰ ਖ਼ਰੀਦਿਆ ਸੀ ਜੋਕਿ ਨੁਕਸਦਾਰ ਹੈ, ਇਸ ਬਾਰੇ ਉਕਤ ਫਰਮ ਨੂੰ ਇੱਕ ਪੱਤਰ ਲਿਖੋ।**

ਪਿੰਡ__________,
ਡਾਕਘਰ_______,
ਜ਼ਿਲ੍ਹਾ ________।
ਮਿਤੀ ________।

ਮੈਨੇਜਰ,
ਸੰਗਮ ਕੰਪਿਊਟਰਜ਼,
ਸਾਹਿਬਜ਼ਾਦਾ ਅਜੀਤ ਸਿੰਘ ਨਗਰ।

**ਵਿਸ਼ਾ :-ਨਵੇਂ ਕੰਪਿਊਟਰ ਵਿੱਚ ਖ਼ਰਾਬੀ ਹੋਣ ਬਾਰੇ।**

ਸ੍ਰੀਮਾਨ ਜੀ,

ਬੇਨਤੀ ਹੈ ਕਿ ਮੈਂ 4 ਅਪ੍ਰੈਲ, 2018 ਨੂੰ ਆਪ ਦੀ ਫ਼ਰਮ ਤੋਂ ਇੱਕ ਕੰਪਿਊਟਰ ਖ਼ਰੀਦਿਆ ਸੀ ਜਿਸ ਦੇ ਬਿੱਲ ਦੀ ਕਾਪੀ ਪੱਤਰ ਦੇ ਨਾਲ਼ ਭੇਜ ਰਿਹਾ ਹਾਂ। ਇਸ ਕੰਪਿਊਟਰ ਵਿੱਚ ਕੋਈ ਨੁਕਸ ਪ੍ਰਤੀਤ ਹੁੰਦਾ ਹੈ। ਕਿਰਪਾ ਕਰਕੇ ਇਸ ਨੂੰ ਠੀਕ ਕੀਤਾ ਜਾਵੇ ਜਾਂ ਬਦਲ ਦਿੱਤਾ ਜਾਵੇ।

ਧੰਨਵਾਦ ਸਹਿਤ,

ਆਪ ਦਾ ਵਿਸ਼ਵਾਸਪਾਤਰ,
ਨਾਮ____________।
ਮੋਬਾਈਲ ਨੰ._______।

**8. ਮਲਹੋਤਰਾ ਬੁੱਕ ਡੀਪੂ ਜਲੰਧਰ ਦੇ ਮੈਨੇਜਰ ਨੂੰ ਆਪਣੀ ਯੋਗਤਾ ਦੱਸਦੇ ਹੋਏ ਪੁਸਤਕਾਂ ਮੰਗਵਾਉਣ ਲਈ ਪੱਤਰ ਲਿਖੋ।**

ਮਕਾਨ ਨੰ.____________,
ਕਲੋਨੀ______________,
________________ ਸ਼ਹਿਰ।
24 ਅਪ੍ਰੈਲ, 2018.

ਮੈਨੇਜਰ ਸਾਹਿਬ,
ਮਲਹੋਤਰਾ ਬੁੱਕ ਡੀਪੂ,
ਜਲੰਧਰ।

**ਵਿਸ਼ਾ : ਪੁਸਤਕਾਂ ਮੰਗਵਾਉਣ ਸੰਬੰਧੀ।**

ਸ੍ਰੀਮਾਨ ਜੀ,

ਬੇਨਤੀ ਹੈ ਕਿ ਮੈਂ 12ਵੀਂ ਪਾਸ ਵਿਦਿਆਰਥੀ ਹਾਂ, ਮੈਂ ਦੋ ਪੇਪਰ ਦੇਣੇ ਹਨ। ਮੈਨੂੰ ਚੰਗੀਆਂ ਪੁਸਤਕਾਂ ਦਿੱਤੇ ਪਤੇ 'ਤੇ ਭੇਜਣ ਦੀ ਖੇਚਲ਼ ਕਰੋ। ਜਿਸ ਦੀ ਕੀਮਤ 3000 ਹਜ਼ਾਰ ਤੱਕ ਹੋਵੇ।

ਧੰਨਵਾਦ ਸਹਿਤ,

ਆਪ ਦਾ ਵਿਸ਼ਵਾਸਪਾਤਰ,

ਨਾਮ____________।

ਮੋਬਾਈਲ ਨੰ._______।

**9. ਤੁਹਾਡਾ ਸਾਈਕਲ ਚੋਰੀ ਹੋ ਗਿਆ ਹੈ, ਵੇਰਵੇ ਦਿੰਦੇ ਹੋਏ ਰਿਪੋਰਟ ਦਰਜ ਕਰਵਾਉਣ ਲਈ ਨੇੜੇ ਦੇ ਥਾਣੇ ਨੂੰ ਬੇਨਤੀ-ਪੱਤਰ ਲਿਖੋ।**

ਸੇਵਾ ਵਿਖੇ

ਐੱਸ. ਐੱਚ. ਓ. ਸਾਹਿਬ,

ਥਾਣਾ ਬਲਾਚੌਰ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਮੈਂ ਅੱਜ ਮਿਤੀ 24/4/2018 ਨੂੰ ਪੰਜਾਬ ਨੈਸ਼ਨਲ ਬੈਂਕ ਅੱਗੇ ਸਾਈਕਲ ਨੂੰ ਤਾਲ਼ਾ ਲਾ ਕੇ ਬੈਂਕ ਅੰਦਰ ਗਿਆ। ਪੈਸੇ ਕਢਵਾਉਣ ਤੋਂ ਬਾਅਦ ਮੈਂ ਦੇਖਿਆ ਕਿ ਮੇਰਾ ਸਾਈਕਲ ਗੁੰਮ ਹੋ ਗਿਆ ਸੀ। ਮੇਰੇ ਹੀਰੋ ਸਾਈਕਲ ਦਾ ਨੰਬਰ ਏ-3340 ਹੈ। ਇਹ ਕਾਲ਼ੇ ਰੰਗ ਦਾ ਹੈ। ਇਸ ਦੀ ਉਚਾਈ 22 ਇੰਚ ਹੈ। ਇਸ ਦੇ ਚੈਨ-ਕਵਰ 'ਤੇ ਮੇਰਾ ਨਾਂ ਲਿਖਿਆ ਹੋਇਆ ਹੈ। ਸਾਈਕਲ ਦੀ ਸੂਚਨਾ ਦੇਣ ਵਾਲ਼ੇ ਨੂੰ ਮੈਂ 100 ਰੁਪਏ ਇਨਾਮ ਦੇਣ ਲਈ ਤਿਆਰ ਹਾਂ। ਕਿਰਪਾ ਕਰਕੇ ਰਿਪੋਰਟ ਦਰਜ ਕਰਕੇ ਕਾਰਵਾਈ ਕੀਤੀ ਜਾਵੇ।

ਧੰਨਵਾਦ ਸਹਿਤ,

ਆਪ ਦਾ ਵਿਸ਼ਵਾਸਪਾਤਰ,

ਨਾਮ____________।

ਮੋਬਾਈਲ ਨੰ._______।

**10. ਆਪਣੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਨੌਕਰੀ ਲਈ ਇੱਕ ਪ੍ਰਾਰਥਨਾ-ਪੱਤਰ ਲਿਖੋ।**

ਸੇਵਾ ਵਿਖੇ

ਡਿਪਟੀ ਕਮਿਸ਼ਨਰ,

ਜ਼ਿਲ੍ਹਾ _______।

ਵਿਸ਼ਾ :- ਸੁਵਿਧਾ ਕੇਂਦਰ ਵਿੱਚ ਨੌਕਰੀ ਲੈਣ ਸੰਬੰਧੀ।

ਸ੍ਰੀਮਾਨ ਜੀ,

ਮੈਨੂੰ ਮਿਤੀ 24/04/2018 ਦੇ ਅਜੀਤ ਅਖ਼ਬਾਰ ਤੋਂ ਪਤਾ ਲੱਗਾ ਹੈ ਕਿ ਸੁਵਿਧਾ ਕੇਂਦਰ ਵਿੱਚ ਇੱਕ ਕਲਕਰ ਦੀ ਜ਼ਰੂਰਤ ਹੈ। ਮੈਂ ਬੀ. ਏ. ਪਾਸ ਹਾਂ। ਮੈਂ ਟਾਈਪਿੰਗ ਜਾਣਦਾ ਹਾਂ। ਕਿਰਪਾ ਕਰਕੇ ਮੈਨੂੰ ਨੌਕਰੀ ਦਿੱਤੀ ਜਾਵੇ ਜੀ।

ਧੰਨਵਾਦ ਸਹਿਤ,

ਆਪ ਦਾ ਵਿਸ਼ਵਾਸਪਾਤਰ,

ਨਾਮ ____________।

ਮੋਬਾਈਲ ਨੰ.________।

**11. ਤੁਹਾਡੇ ਚਾਚਾ ਜੀ ਨੇ ਜਨਮ-ਦਿਨ 'ਤੇ ਤੁਹਾਨੂੰ ਇੱਕ ਤੋਹਫ਼ਾ ਭੇਜਿਆ ਹੈ। ਇੱਕ ਪੱਤਰ ਰਾਹੀਂ ਉਹਨਾਂ ਦਾ ਧੰਨਵਾਦ ਕਰੋ।**

ਪਰੀਖਿਆ ਭਵਨ,

ਸਕੂਲ ________।

ਸਥਾਨ________।

16 ਮਈ, 2018.

ਸਤਿਕਾਰਯੋਗ ਚਾਚਾ ਜੀ,

ਸਤਿ ਸ੍ਰੀ ਅਕਾਲ।

ਮੈਨੂੰ ਆਪ ਜੀ ਵੱਲੋਂ ਭੇਜੀ ਹੋਈ ਗੁੱਟ-ਘੜੀ ਮਿਲ਼ ਗਈ ਹੈ। ਮੇਰੇ ਜਨਮ ਦਿਨ 'ਤੇ ਇਹ ਤੋਹਫ਼ਾ ਭੇਜ ਕੇ ਤੁਸੀਂ ਮੈਨੂੰ ਬਹੁਤ ਖ਼ੁਸ਼ ਕੀਤਾ ਹੈ ਕਿਉਂਕਿ ਇਸ ਦੀ ਮੈਨੂੰ ਬਹੁਤ ਜ਼ਰੂਰਤ ਸੀ। ਹੁਣ ਮੈਂ ਸਮੇਂ ਦੀ ਵੰਡ ਕਰਕੇ ਵਧੀਆ ਢੰਗ ਨਾਲ਼ ਆਪਣੀ ਪੜ੍ਹਾਈ ਕਰਾਂਗਾ। ਇਸ ਤਰ੍ਹਾਂ ਸਮੇਂ ਦੀ ਕਦਰ ਕਰਕੇ ਮੈਂ ਕਾਮਯਾਬ ਹੋਵਾਂਗਾ। ਮੈਂ ਇਸ ਤੋਹਫ਼ੇ ਲਈ ਆਪ ਜੀ ਦਾ ਧੰਨਵਾਦੀ ਹਾਂ।

ਆਪ ਦਾ ਭਤੀਜਾ,

ਰਵੀ।

ਪਤਾ___________।

**12. ਆਪਣੇ ਸਭ ਤੋਂ ਚੰਗੇ ਅਧਿਆਪਕ ਨੂੰ ਆਪਣੇ ਘਰ ਦੀ ਸਥਿਤੀ ਦੱਸਦੇ ਹੋਏ ਰਾਏ ਲਓ ਕਿ ਤੁਹਾਨੂੰ ਦਸਵੀਂ ਪਾਸ ਕਰਨ ਤੋਂ ਬਾਅਦ ਕੀ ਕਰਨਾ ਚਾਹੀਦਾ ਹੈ।**

ਪਿੰਡ__________,

ਡਾਕ :_________,

ਜ਼ਿਲ੍ਹਾ_________।

16 ਮਈ, 2018.

ਸਤਿਕਾਰਯੋਗ ਅਧਿਆਪਕ ਸਾਹਿਬ,

ਨਮਸਤੇ।

ਮੈਂ ਆਪ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਆਪ ਜੀ ਦੁਆਰਾ ਕਰਵਾਈ ਗਈ ਸਖ਼ਤ ਮਿਹਨਤ ਸਦਕਾ ਮੈਂ ਦਸਵੀਂ ਵਿੱਚੋਂ ਫ਼ਸਟ ਡਿਵੀਜ਼ਨ ਵਿੱਚ ਪਾਸ ਹੋਇਆ ਹਾਂ। ਮੈਂ ਇੱਕ ਗਰੀਬ ਪਰਿਵਾਰ ਨਾਲ਼ ਸੰਬੰਧ ਰੱਖਦਾ ਹਾਂ। ਮੇਰੇ ਪਿਤਾ ਜੀ ਮਜ਼ਦੂਰ ਹਨ। ਮੈਂ ਅੱਗੇ ਪੜ੍ਹਾਈ ਕਰਨ ਦੀ ਤੀਬਰ ਇੱਛਾ ਰੱਖਦਾ ਹਾਂ। ਕਿਰਪਾ ਕਰਕੇ ਮੇਰੀ ਅੱਗੇ ਵੱਧਣ ਲਈ ਯੋਗ ਅਗਵਾਈ ਕਰੋ ਤਾਂਕਿ ਮੈਂ ਜ਼ਿੰਦਗੀ ਵਿੱਚ ਅੱਗੇ ਵਧ ਸਕਾਂ।

ਧੰਨਵਾਦ ਸਹਿਤ,

ਆਪ ਜੀ ਦਾ ਆਗਿਆਕਾਰੀ,

ਨਾਮ ___________।

ਪਤਾ__________।

**13. ਆਪਣੇ ਪਿੰਡ ਦੇ ਸਰਪੰਚ ਨੂੰ ਆਪਣੀ ਗਲ਼ੀ ਵਿੱਚ ਫ਼ਰਸ਼ ਲਗਵਾਉਣ ਲਈ ਇੱਕ ਬਿਨੈ-ਪੱਤਰ ਲਿਖੋ।**

ਸੇਵਾ ਵਿਖੇ

ਸਰਪੰਚ ਸਾਹਿਬ,
ਪਿੰਡ ਥੋਪੀਆ।

ਸ੍ਰੀਮਾਨ ਜੀ,

ਸਨਿਮਰ ਬੇਨਤੀ ਹੈ ਕਿ ਆਪ ਜੀ ਦੀ ਯੋਗ ਅਗਵਾਈ ਵਿੱਚ ਪਿੰਡ ਦੀਆਂ ਗਲ਼ੀਆਂ ਪੱਕੀਆਂ ਕਰਨ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਲਗ-ਪਗ ਸਾਰੇ ਪਿੰਡ ਦੀਆਂ ਗਲ਼ੀਆਂ ਵਿੱਚ ਇੰਟਰਲਾਕ ਇੱਟਾਂ ਲੱਗ ਚੁੱਕੀਆਂ ਹਨ। ਪਰ ਸਾਡੇ ਮੁਹੱਲੇ ਦੀ ਗਲ਼ੀ ਵਿੱਚ ਟੋਏ ਤੇ ਚਿੱਕੜ ਕਾਰਨ ਮੱਛਰ ਦੀ ਭਰਮਾਰ ਹੈ ਜਿਸ ਨਾਲ਼ ਬਿਮਾਰੀਆਂ ਫ਼ੈਲਣ ਦਾ ਡਰ ਹੈ। ਇਸ ਕਰਕੇ ਸਾਡੀ ਇਸ ਗਲ਼ੀ ਨੂੰ ਵੀ ਛੇਤੀ ਤੋਂ ਛੇਤੀ ਪੱਕਾ ਕੀਤਾ ਜਾਵੇ।

ਧੰਨਵਾਦ ਸਹਿਤ,

ਆਪ ਜੀ ਦਾ ਵਿਸ਼ਵਾਸਪਾਤਰ,

ਨਾਮ ___________।

**ਲੜੀ ਨੰ. 7. ਪ੍ਰਸ਼ਨ ਨੰ. 18 ਨਾਲ਼ ਸੰਬੰਧਿਤ ਪ੍ਰਸ਼ਨ**

**ਵਿਸ਼ੇਸ਼ ਲੋੜਾਂ ਵਾਲ਼ੇ ਬੱਚਿਆਂ ਲਈ ਪੰਜਾਬੀ ਪੇਪਰ-ਬੀ : ਕਲਾਸ ਦਸਵੀਂ**

1. ਨਾਂਵ ਦੀ ਪਰਿਭਾਸ਼ਾ ਉਦਾਹਰਨਾਂ ਸਹਿਤ ਦੱਸੋ।

   **ਉੱਤਰ** :-ਜਿਹੜੇ ਸ਼ਬਦ ਕਿਸੇ ਵਸਤੂ, ਮਨੁੱਖ ਜਾਂ ਥਾਂ ਨੂੰ ਪ੍ਰਗਟ ਕਰਦੇ ਹਨ, ਨੂੰ ਨਾਂਵ ਕਹਿੰਦੇ ਹਨ, ਜਿਵੇਂ :- ਵਿਦਿਆਰਥੀ, ਸੁਰਜੀਤ ਸਿੰਘ, ਜਮਾਤ, ਅੰਮ੍ਰਿਤਸਰ, ਮਿਠਾਸ ਆਦਿ।

2. ਨਾਂਵ ਦੀਆਂ ਕਿੰਨੀਆਂ ਕਿਸਮਾਂ ਹਨ?

**ਉੱਤਰ** :-ਪੰਜ ਕਿਸਮਾਂ : ਆਮ ਨਾਂਵ, ਖ਼ਾਸ ਨਾਂਵ, ਇਕੱਠਵਾਚਕ ਨਾਂਵ, ਵਸਤੂਵਾਚਕ ਨਾਂਵ, ਭਾਵਵਾਚਕ ਨਾਂਵ।

3. ਆਮ ਨਾਂਵ ਜਾਂ ਜਾਤੀਵਾਚਕ ਨਾਂਵ ਤੋਂ ਕੀ ਭਾਵ ਹੈ?

ਉੱਤਰ :-ਜਿਹੜੇ ਸ਼ਬਦ ਸਮੁੱਚੀ ਜਾਤੀ, ਸ਼੍ਰੇਣੀ ਜਾਂ ਜਿਣਸ ਆਦਿ ਲਈ ਵਰਤੇ ਜਾਣ, ਉਹਨਾਂ ਨੂੰ ਜਾਤੀਵਾਚਕ ਨਾਂਵ ਆਖਦੇ ਹਨ, ਜਿਵੇਂ :- ਕਪਤਾਨ, ਮੁੰਡਾ, ਕੁੜੀ, ਵਿਦਿਆਰਥੀ, ਪਿੰਡ ਆਦਿ।

4. ਖ਼ਾਸ ਨਾਂਵ ਤੋਂ ਕੀ ਭਾਵ ਹੈ? ਉਦਾਹਰਨ ਸਹਿਤ ਸਪਸ਼ਟ ਕਰੋ।

ਉੱਤਰ :-ਜਿਹੜੇ ਸ਼ਬਦ ਕਿਸੇ ਖ਼ਾਸ ਪੁਰਸ਼, ਇਸਤਰੀ ਜਾਂ ਥਾਂ ਨੂੰ ਪ੍ਰਗਟ ਕਰਦੇ ਹਨ, ਉਹਨਾਂ ਨੂੰ ਖ਼ਾਸ ਨਾਂਵ ਜਾਂ ਨਿੱਜ ਵਾਚਕ ਨਾਂਵ ਵੀ ਕਹਿੰਦੇ ਹਨ, ਜਿਵੇਂ :-ਜਲੰਧਰ, ਚੰਡੀਗੜ੍ਹ, ਗੁਰਮੀਤ ਸਿੰਘ, ਸੂਰਜ, ਚੰਦ ਆਦਿ।

5. ਇਕੱਠਵਾਚਕ ਨਾਂਵ ਜਾਂ ਸਮੂਹਵਾਚਕ ਨਾਂਵ ਕਿਸ ਨੂੰ ਕਹਿੰਦੇ ਹਨ?

ਉੱਤਰ :-ਜਿਹੜੇ ਸ਼ਬਦ ਗਿਣਨਯੋਗ ਵਸਤੂਆਂ ਦੇ ਇਕੱਠ ਜਾਂ ਸਮੂਹ ਲਈ ਵਰਤੇ ਜਾਣ, ਜਿਵੇਂ :-ਟੀਮ, ਫ਼ੌਜ, ਜਮਾਤ, ਕਤਾਰ ਆਦਿ।

6. ਵਸਤੂਵਾਚਕ (ਪਦਾਰਥਵਾਚਕ) ਨਾਂਵ ਕਿਸ ਨੂੰ ਕਹਿੰਦੇ ਹਨ?

ਉੱਤਰ :-ਜਿਹੜੇ ਸ਼ਬਦ ਤੋਲੀਆਂ ਜਾਂ ਮਿਣੀਆਂ ਜਾ ਸਕਣ ਵਾਲ਼ੀਆਂ ਵਸਤੂਆਂ ਲਈ ਵਰਤੇ ਜਾਣ, ਜਿਵੇਂ :- ਪਾਣੀ, ਰੇਤ, ਮਿੱਟੀ, ਤੇਲ ਆਦਿ।

7. ਭਾਵਵਾਚਕ ਨਾਂਵ ਕਿਸ ਨੂੰ ਕਹਿੰਦੇ ਹਨ?

ਉੱਤਰ : -ਜਿਹੜੇ ਸ਼ਬਦ ਉਹਨਾਂ ਵਸਤੂਆਂ ਲਈ ਵਰਤੇ ਜਾਣ ਜੋ ਨਾ ਦੇਖੀਆਂ ਜਾ ਸਕਣ ਅਤੇ ਨਾ ਫੜੀਆਂ ਜਾ ਸਕਣ ਕੇਵਲ ਅਨੁਭਵ ਕੀਤੀਆਂ ਜਾ ਸਕਣ (ਭਾਵਨਾਵਾਂ ਲਈ), ਜਿਵੇਂ : - ਮਿਠਾਸ, ਹਾਸਾ, ਕੁੜੱਤਣ, ਪੜ੍ਹਾਈ, ਦੁੱਖ, ਸੁੱਖ, ਬਿਮਾਰੀ, ਜਵਾਨੀ, ਪਿਆਰ, ਸੇਵਾ, ਸੱਚ, ਝੂਠ, ਪਾਪ, ਪੁੰਨ ਆਦਿ।

8. ਪੜਨਾਂਵ ਕਿਸ ਨੂੰ ਕਹਿੰਦੇ ਹਨ?

ਉੱਤਰ :-ਵਾਕ ਵਿੱਚ ਜਿਹੜਾ ਸ਼ਬਦ ਕਿਸੇ ਨਾਂਵ ਦੀ ਥਾਂ ਵਰਤਿਆ ਜਾਵੇ, ਉਸ ਨੂੰ ਪੜਨਾਂਵ ਕਹਿੰਦੇ ਹਨ, ਜਿਵੇਂ :- ਮੈਂ, ਅਸੀਂ, ਸਾਡਾ, ਤੂੰ ਤੁਸੀਂ, ਤੁਹਾਡਾ, ਇਹ, ਉਹ ਆਪ ਆਦਿ।

9. ਪੜਨਾਂਵ ਦੀਆਂ ਕਿਸਮਾਂ ਦੱਸੋ।

ਉੱਤਰ :-ਪੁਰਖਵਾਚਕ ਪੜਨਾਂਵ ਨਿੱਜਵਾਚਕ ਪੜਨਾਂਵ, ਸੰਬੰਧਵਾਚਕ ਪੜਨਾਂਵ, ਪ੍ਰਸ਼ਨਵਾਚਕ ਪੜਨਾਂਵ, ਨਿਸ਼ਚੇਵਾਚਕ ਪੜਨਾਂਵ, ਅਨਿਸਚੇਵਾਚਕ ਪੜਨਾਂਵ।

1●. ਪੁਰਖਵਾਚਕ ਪੜਨਾਂਵ ਤੋਂ ਕੀ ਭਾਵ ਹੈ?

ਉੱਤਰ :-ਜਿਹੜੇ ਸ਼ਬਦ ਕਿਸੇ ਪੁਰਖ ਦੀ ਥਾਂ ਵਰਤੇ ਜਾਣ, ਉਹਨਾਂ ਨੂੰ ਪੁਰਖਵਾਚਕ ਪੜਨਾਂਵ ਕਹਿੰਦੇ ਹਨ, ਜਿਵੇਂ:- ਅਸੀਂ, ਤੂੰ ਤੁਸੀਂ,ਉਹ ਆਦਿ।

11. ਪੁਰਖਵਾਚਕ ਪੜਨਾਂਵ ਦੀਆਂ ਕਿਸਮਾਂ ਦੱਸੋ।

ਉੱਤਰ : ਇਸ ਦੀਆਂ ਤਿੰਨ ਕਿਸਮਾਂ ਹਨ ਉੱਤਮ ਪੁਰਖ, ਮੱਧਮ ਪੁਰਖ, ਅਨਯ ਪੁਰਖ।

12. ਉੱਤਮ ਪੁਰਖ ਤੋਂ ਕੀ ਭਾਵ ਹੈ?

ਉੱਤਰ :-ਵਾਕ ਵਿੱਚ ਗੱਲ ਕਰਨ ਵਾਲ਼ੇ ਨੂੰ ਉੱਤਮ ਪੁਰਖ ਆਖਿਆ ਜਾਂਦਾ ਹੈ, ਜਿਵੇਂ :-ਮੈਂ, ਮੇਰਾ, ਮੇਰੇ, ਮੈਥੋਂ, ਅਸੀਂ, ਸਾਡਾ, ਸਾਨੂੰ, ਸਾਡੀਆਂ, ਸਾਥੋਂ ਆਦਿ।

13. ਮੱਧਮ ਪੁਰਖ ਤੋਂ ਕੀ ਭਾਵ ਹੈ?

ਉੱਤਰ :-ਵਾਕ ਵਿੱਚ ਜਿਸ ਨਾਲ਼ ਗੱਲ ਕੀਤੀ ਜਾਵੇ, ਨੂੰ ਮੱਧਮ ਪੁਰਖ ਆਖਿਆ ਜਾਂਦਾ ਹੈ ਜਿਵੇਂ :-ਤੂੰ, ਤੁਸੀਂ, ਤੁਹਾਡਾ, ਤੁਹਾਡੀ, ਤੈਨੂੰ, ਤੁਹਾਨੂੰ, ਤੇਰਾ, ਤੇਰੇ, ਤੁਹਾਥੋਂ ਆਦਿ।

14. ਅਨਯ ਪੁਰਖ ਤੋਂ ਕੀ ਭਾਵ ਹੈ?

ਉੱਤਰ :-ਵਾਕ ਵਿੱਚ ਜਿਸ ਬਾਰੇ ਗੱਲ ਕੀਤੀ ਜਾਵੇ, ਨੂੰ ਅਨਯ ਪੁਰਖ ਕਿਹਾ ਜਾਂਦਾ ਹੈ ਜਿਵੇਂ ਉਹ, ਇਹ, ਉਸ, ਉਹਨਾਂ, ਇਹਨਾਂ ਆਦਿ।

15. ਨਿੱਜਵਾਚਕ ਪੜਨਾਂਵ ਤੋਂ ਕੀ ਭਾਵ ਹੈ?

ਉੱਤਰ :-ਜਿਹੜਾ ਪੜਨਾਂਵ ਕਰਤਾ ਦੀ ਥਾਂ 'ਤੇ ਵਰਤਿਆ ਜਾਵੇ ਜਾਂ ਕਰਤਾ ਦੇ ਨਾਲ਼ ਆ ਕੇ ਉਸ ਦੀ ਵਿਸ਼ੇਤਾ ਦੱਸੇ ਜਿਵੇਂ (ੳ) ਮੁੰਡੇ ਆਪਸ ਵਿੱਚ ਲੜਦੇ ਹਨ (ਆਪਸ ਸ਼ਬਦ ਮੁੰਡਿਆਂ ਦੀ ਥਾਂ 'ਤੇ ਵਰਤਿਆ ਗਿਆ ਹੈ ਇਸ ਲਈ ਨਿੱਜਵਾਚਕ ਪੜਨਾਂਵ ਹੈ। (ਅ) ਮੈਂ ਖ਼ੁਦ ਆਪ ਉੱਥੇ ਗਿਆ ਵਾਕ ਵਿੱਚ ਖ਼ੁਦ (ਆਪ) ਪੜਨਾਂਵ ਮੈਂ ਦੀ ਵਿਸ਼ੇਸ਼ਤਾ ਪ੍ਰਗਟ ਕਰਦਾ ਹੈ। ਇਸ ਲਈ ਨਿੱਜਵਾਚਕ ਪੜਨਾਂਵ ਹੈ।

16. 'ਆਪ' ਸ਼ਬਦ ਪੁਰਖਵਾਚਕ ਪੜਨਾਂਵ ਕਦੋਂ ਬਣਦਾ ਹੈ?

ਉੱਤਰ :- ਜਦੋਂ ਅਸੀਂ ਆਦਰ ਵਜੋਂ ਤੂੰ ਦੀ ਥਾਂ ਤੁਸੀਂ ਜਾਂ ਆਪ ਦੀ ਵਰਤੋਂ ਕਰਦੇ ਹਾਂ ਤਾਂ 'ਆਪ' ਸ਼ਬਦ ਪੁਰਖਵਾਚਕ ਪੜਨਾਂਵ ਬਣ ਜਾਂਦਾ ਹੈ।

17. ਸੰਬੰਧਵਾਚਕ ਪੜਨਾਂਵ ਤੋਂ ਕੀ ਭਾਵ ਹੈ?

**ਉੱਤਰ :-** ਜਿਹੜਾ ਸ਼ਬਦ ਪੜਨਾਂਵ ਹੁੰਦਾ ਹੋਇਆ ਯੋਜਕ ਵਾਂਗ ਵਾਕਾਂ ਨੂੰ ਜੋੜਨ ਦਾ ਕੰਮ ਕਰੇ, ਜਿਵੇਂ :-ਰਾਮ ਉਸੇ ਵਿਦਿਆਰਥੀ ਦਾ ਨਾਂ ਹੈ ਜਿਹੜਾ ਬਹੁਤ ਹੁਸ਼ਿਆਰ ਹੈ ('ਜਿਹੜਾ' ਸ਼ਬਦ ਯੋਜਕ ਦਾ ਕੰਮ ਕਰਦਾ ਹੈ) ਇਸ ਲਈ ਸੰਬੰਧਵਾਚਕ ਪੜਨਾਂਵ ਹੈ। ਉਹ ਲੋਕ ਜੋ ਆਪਸ ਵਿੱਚ ਪਿਆਰ ਕਰਦੇ ਹਨ, ਸੁਖੀ ਵਸਦੇ ਹਨ। ('ਜੋ' ਸ਼ਬਦ ਯੋਜਕ ਦਾ ਕੰਮ ਕਰਦਾ ਹੈ)।

18. ਅਸੰਬੰਧਵਾਚਕ ਪੜਨਾਂਵ ਤੋਂ ਕੀ ਭਾਵ ਹੈ?

ਉੱਤਰ :-ਜੋ ਪੜਨਾਂਵ ਵਾਕਾਂ ਨੂੰ ਆਪਸ ਵਿੱਚ ਨਾ ਜੋੜੇ ਜਿਵੇਂ ਜੋ ਘੜਿਆ, ਸੋ ਭੱਜ ਸੀ (ਵਾਕ ਵਿੱਚ 'ਸੋ' ਸ਼ਬਦ ਵਾਕਾਂ ਨੂੰ ਆਪਸ ਵਿੱਚ ਨਹੀਂ ਜੋੜਦਾ ਇਸ ਲਈ ਅਸੰਬੰਧਵਾਚਕ ਪੜਨਾਂਵ ਹੈ।

19. ਪ੍ਰਸ਼ਨਵਾਚਕ ਪੜਨਾਂਵ ਤੋਂ ਕੀ ਭਾਵ ਹੈ?

ਉੱਤਰ :-ਜਿਹੜੇ ਸ਼ਬਦ ਪੜਨਾਂਵ ਵੀ ਹੋਣ ਅਤੇ ਪ੍ਰਸ਼ਨ ਵੀ ਪੁੱਛਣ, ਜਿਵੇਂ : ਇੱਥੋਂ ਕੀ ਲੈਣਾ ਹੈ? (ਵਾਕ ਵਿੱਚ 'ਕੀ' ਸ਼ਬਦ ਪ੍ਰਸ਼ਨਵਾਚਕ ਪੜਨਾਂਵ ਹੈ) ਅ) ਸਲੇਟ ਕਿਸ ਨੇ ਤੋੜੀ ਹੈ? (ਵਾਕ ਵਿੱਚ 'ਕਿਸ' ਸ਼ਬਦ ਪ੍ਰਸ਼ਨਵਾਚਕ ਪੜਨਾਂਵ ਹੈ।

20. ਨਿਸਚੇਵਾਚਕ ਪੜਨਾਂਵ ਤੋਂ ਕੀ ਭਾਵ ਹੈ?

ਉੱਤਰ :-ਜਿਹੜੇ ਸ਼ਬਦ ਕਿਸੇ ਦਿਸਦੀ ਚੀਜ਼ ਵੱਲ ਇਸ਼ਾਰਾ ਕਰਕੇ ਉਸ ਦੇ ਨਾਂ ਦੀ ਥਾਂ ਵਰਤੇ ਜਾਣ, ਜਿਵੇਂ :-ਉਹ ਗੀਤ ਗਾ ਰਹੀਆਂ ਹਨ। ('ਉਹ' ਸ਼ਬਦ ਨਿਸ਼ਚੇਵਾਚਕ ਪੜਨਾਂਵ ਹੈ) ਅ) ਇਹ ਕਿਸਦਾ ਹੈ? ('ਇਹ' ਸ਼ਬਦ ਨਿਸਚੇਵਾਚਕ ਪੜਨਾਂਵ ਹੈ।

21. ਅਨਿਸਚੇਵਾਚਕ ਪੜਨਾਂਵ ਤੋਂ ਕੀ ਭਾਵ ਹੈ?

ਉੱਤਰ :-ਜੋ ਪੜਨਾਂਵ ਕਿਸੇ ਬਾਰੇ ਅੰਦਾਜ਼ਾ ਹੀ ਦੱਸੇ ਪਰ ਗਿਣਤੀ ਨਾ ਦੱਸੇ, ਜਿਵੇਂ :-ਸਾਰੇ ਗੀਤ ਗਾ ਰਹੇ ਹਨ। (ਇਸ ਵਾਕ 'ਚ 'ਸਾਰੇ' ਸ਼ਬਦ ਅਨਿਸਚੇਵਾਚਕ ਪੜਨਾਂਵ ਹੈ) ਅ) ਇੱਥੇ ਕੋਈ ਕਿਸੇ ਦੀ ਪਰਵਾਹ ਨਹੀਂ ਕਰਦਾ (ਵਾਕ ਵਿੱਚ 'ਕੋਈ', ਅਤੇ 'ਕਿਸੇ' ਸ਼ਬਦ ਅਨਿਸਚੇਵਾਚਕ ਪੜਨਾਂਵ ਹਨ।

22. ਵਿਸ਼ੇਸ਼ਣ ਤੋਂ ਕੀ ਭਾਵ ਹੈ।

ਉੱਤਰ :-ਜੋ ਸ਼ਬਦ ਕਿਸੇ ਨਾਂ ਜਾਂ ਪੜਨਾਂਵ ਦੀ ਵਿਸ਼ੇਸ਼ਤਾ ਦੱਸੇ, ਜਿਵੇਂ:-ਕਾਲ਼, ਗੋਰਾ, ਚੰਗਾ, ਬੁਰਾ, ਤਿੰਨ, ਚਾਰ, ਵੀਹ ਆਦਿ।

23. ਵਿਸ਼ੇਸ਼ਣ ਦੀਆਂ ਕਿਸਮਾਂ ਦੱਸੋ।

ਉੱਤਰ :-ਪੰਜ ਕਿਸਮਾਂ-ਗੁਣਵਾਚਕ ਵਿਸ਼ੇਸ਼ਸਣ, ਸੰਖਿਆਵਾਚਕ ਵਿਸ਼ੇਸ਼ਣ, ਪਰਿਮਾਣਵਾਚਕ ਵਿਸ਼ੇਸ਼ਣ, ਨਿਸਚੇਵਾਚਕ ਵਿਸ਼ੇਸ਼, ਪੜਨਾਂਵੀ ਵਿਸ਼ੇਸ਼ਣ।

24. ਗੁਣਵਾਚਕ ਵਿਸ਼ੇਸ਼ਣ ਤੋਂ ਕੀ ਭਾਵ ਹੈ?

ਉੱਤਰ :-ਜਿਹੜੇ ਸ਼ਬਦ ਨਾਂਵ ਜਾਂ ਪੜਨਾਂਵ ਸ਼ਬਦਾਂ ਦੇ ਗੁਣ-ਔਗੁਣ ਦੱਸਣ, ਜਿਵੇਂ :-ਸੋਹਣਾ, ਮੋਟਾ, ਮਿੱਠਾ, ਫਿੱਕਾ, ਬਹਾਦਰ, ਡਰਪੋਕ ਆਦਿ।

25. ਗੁਣਵਾਚਕ ਵਿਸ਼ੇਸ਼ਣ ਦੀਆਂ ਅਵਸਥਾਵਾਂ ਦੱਸੋ।

ਉੱਤਰ : ਤਿੰਨ।

26. ਸੰਖਿਆਵਾਚਕ ਵਿਸ਼ੇਸ਼ਣ ਤੋਂ ਕੀ ਭਾਵ ਹੈ?

ਉੱਤਰ :-ਜਿਹੜੇ ਸ਼ਬਦ ਨਾਂਵ ਜਾਂ ਪੜਨਾਂਵ ਦੀ ਗਿਣਤੀ ਦੱਸਣ, ਜਿਵੇਂ :-ਦਸ, ਵੀਹ, ਇੱਕ, ਚਾਰ, ਥੋੜ੍ਹੇ, ਬਹੁਤੇ ਆਦਿ।

27. ਸੰਖਿਆਵਾਚਕ ਵਿਸ਼ੇਸ਼ਣ ਦੀਆਂ ਕਿਸਮਾਂ ਦੱਸੋ।

ਉੱਤਰ :-ਸਧਾਰਨ, ਕ੍ਰਮ-ਵਾਚਕ, ਸਮੁੱਚਤਾ ਬੋਧਕ ਕਸਰੀ, ਨਿਖੇੜਵਾਚੀ, ਅਨਿਸ਼ਚਿਤ।

28. ਸਧਾਰਨ ਸੰਖਿਅਕ ਵਿਸ਼ੇਸ਼ਣ ਕੀ ਹੁੰਦੇ ਹਨ?

ਉੱਤਰ :-ਜੋ ਨਾਂਵ ਜਾਂ ਪੜਨਾਂਵ ਦੀ ਪੂਰੀ-ਪੂਰੀ ਗਿਣਤੀ ਦੱਸੇ ਜਿਵੇਂ ਦਸ, ਪੰਦਰਾਂ, ਵੀਹ ਆਦਿ।

29. ਕਰਮਵਾਚੀ ਸੰਖਿਅਕ ਵਿਸ਼ੇਸ਼ਣ ਤੋਂ ਕੀ ਭਾਵ ਹੈ?

ਉੱਤਰ :-ਜਿਹੜੇ ਨਾਂਵ ਜਾਂ ਪੜਨਾਂਵ ਦੀ ਯੋਗਤਾ ਜਾਂ ਦਰਜਾ ਦੱਸੇ, ਜਿਵੇਂ :-ਪਹਿਲਾ, ਦੂਜਾ, ਤੀਜਾ, ਵੀਹਵਾਂ ਆਦਿ।

3●. ਸਮੁੱਚਤਾ ਬੋਧਕ ਸੰਖਿਅਕ ਵਿਸ਼ੇਸ਼ਣ ਤੋਂ ਕੀ ਭਾਵ ਹੈ?

ਉੱਤਰ :-ਜਿਹੜੇ ਆਪਣੇ ਵਿਸ਼ੇਸ਼ ਨਾਂਵ ਜਾਂ ਪੜਨਾਂਵ ਦੀ ਗਿਣਤੀ ਪ੍ਰਗਟ ਕਰਨ ਜਿਵੇਂ ਦੋਵੇਂ, ਚਾਰੇ, ਵੀਹ ਦੇ ਵੀਹ ਆਦਿ।

31. ਕਸਰੀ ਸੰਖਿਅਕ ਵਿਸ਼ੇਸ਼ਣ ਤੋਂ ਕੀ ਭਾਵ ਹੈ?

**ਉੱਤਰ** :-ਜਿਹੜੇ ਆਪਣੇ ਵਿਸ਼ੇਸ਼ ਦੇ ਹਿੱਸਿਆਂ ਦੀ ਗਿਣਤੀ ਦੱਸਣ, ਜਿਵੇਂ :-ਅੱਧਾ, ਪੌਣਾ, ਡੇਢ, ਢਾਈ ਆਦਿ।

32. ਨਿਖੇੜਵਾਚੀ ਸੰਖਿਅਕ ਵਿਸ਼ੇਸ਼ਣ ਤੋਂ ਕੀ ਭਾਵ ਹੈ?

ਉੱਤਰ : -ਜੋ ਬਹੁਤਿਆਂ ਵਿੱਚੋਂ ਕੁਝ ਨੂੰ ਨੂੰ ਨਿਖੇੜ ਕੇ ਦੱਸਣ, ਜਿਵੇਂ :-ਅੱਧਾ, ਪੌਣਾ, ਡੇਢ, ਢਾਈ ਆਦਿ।

33. ਅਨਿਸ਼ਚਿਤ ਸੰਖਿਆ ਵਿਸ਼ੇਸ਼ਣ ਤੋਂ ਕੀ ਭਾਵ ਹੈ?

ਉੱਤਰ :- ਜੋ ਨਾਵਾਂ ਅਤੇ ਪੜਨਾਂਵਾਂ ਦੀ ਗਿਣਤੀ ਬਾਰੇ ਅੰਦਾਜ਼ਾ ਹੀ ਦੱਸਣ, ਜਿਵੇਂ :--ਕੁਝ, ਕਈ, ਕਿੰਨੇ, ਆਦਿ।

34. ਪਰਿਮਾਣਵਾਚਕ ਵਿਸ਼ੇਸ਼ਣ ਤੋਂ ਕੀ ਭਾਵ ਹੈ?

ਉੱਤਰ :-ਜੋ ਮਿਣਤੀ ਜਾਂ ਤੋਲ ਦੱਸਣ, ਜਿਵੇਂ ਜਰਾ ਕ, ਸੇਰ ਕੁ, ਕੁਝ, ਕੁਝ ਕੁ, ਕਿੰਨਾ ਸਾਰਾ, ਬਹੁਤ ਕੁਝ ਆਦਿ।

35. ਪਰਿਮਾਣਵਾਚਕ ਵਿਸ਼ੇਸ਼ਣ ਦੀਆਂ ਕਿਸਮਾਂ ਦੱਸੋ।

ਉੱਤਰ :-ਨਿਸ਼ਚਿਤ ਪਰਿਮਾਣਵਾਚਕ ਵਿਸ਼ੇਸ਼ਣ, ਅਨਿਸ਼ਚਿਤ ਪਰਿਮਾਣ ਵਾਚਕ ਵਿਸ਼ੇਸ਼ਣ।

36. ਨਿਸ਼ਚਿਤ ਪਰਿਮਾਣਵਾਚਕ ਵਿਸ਼ੇਸ਼ਣ ਤੋਂ ਕੀ ਭਾਵ ਹੈ?

ਉੱਤਰ :-ਜਿਹੜੇ ਪੂਰੀ-ਪੂਰੀ ਮਿਣਤੀ ਜਾਂ ਤੋਲ ਬਾਰੇ ਦੱਸਣ, ਜਿਵੇਂ : -ਪੰਜ ਕਿਲੋ, ਪੰਜ ਮੀਟਰ, ਇੱਕ ਗਿੱਠ ਆਦਿ।

37. ਅਨਿਸ਼ਚਿਤ ਪਰਿਮਾਣ ਵਾਚਕ ਵਿਸ਼ੇਸ਼ਣ ਤੋਂ ਕੀ ਭਾਵ ਹੈ?

ਉੱਤਰ :-ਜੋ ਪੂਰੀ-ਪੂਰੀ ਮਿਣਤੀ ਜਾਂ ਤੋਲ ਨਾ ਦੱਸਣ, ਜਿਵੇਂ :-ਥੋੜ੍ਹਾ, ਬਹੁਤਾ, ਸਾਰਾ, ਬਹੁਤ ਸਾਰਾ, ਬਥੇਰਾ ਆਦਿ।

38. ਨਿਸਚੇਵਾਚਕ ਵਿਸ਼ੇਸ਼ਣ ਤੋਂ ਕੀ ਭਾਵ ਹੈ?

ਉੱਤਰ :-ਦੋ (ਨਿਕਟਵਰਤੀ ਅਤੇ ਦੂਰਵਰਤੀ)।

4●. ਨਿਕਟਵਰਤੀ ਨਿਸਚੇਵਾਚਕ ਵਿਸ਼ੇਸ਼ਣ ਤੋਂ ਕੀ ਭਾਵ ਹੈ?

ਉੱਤਰ :-ਜਿਹੜੇ ਕਿਸੇ ਨੇੜੇ ਦੀ ਵਸਤੂ ਵੱਲ ਇਸ਼ਾਰਾ ਕਰਕੇ ਆਮ ਤੋਂ ਖ਼ਾਸ ਬਣਾਉਣ, ਜਿਵੇਂ :-ਇਹ, ਐਹ, ਆਹ ਆਦਿ।

41. ਦੂਰਵਰਤੀ ਨਿਸਚੇਵਾਚਕ ਵਿਸ਼ੇਸ਼ਣ ਤੋਂ ਕੀ ਭਾਵ ਹੈ?

ਉੱਤਰ :-ਜਿਹੜੇ ਕਿਸੇ ਦੂਰ ਦੀ ਵਸਤੂ ਵੱਲ ਇਸ਼ਾਰਾ ਕਰਕੇ ਆਮ ਤੋਂ ਖ਼ਾਸ ਬਣਾਉਣ, ਜਿਵੇਂ :-ਉਹ, ਅਹੁ ਆਦਿ।

42. ਪੜਨਾਂਵੀ ਵਿਸ਼ੇਸ਼ਣ ਤੋਂ ਕੀ ਭਾਵ ਹੈ?

ਉੱਤਰ :-ਜਿਹੜਾ ਸ਼ਬਦ ਅਸਲ ਵਿੱਚ ਪੜਨਾਂਵ ਹੋਵੇ ਪਰ ਨਾਂਵ ਸ਼ਬਦ ਦੇ ਨਾਲ਼ ਆ ਕੇ ਵਿਸ਼ੇਸ਼ਣ ਦਾ ਕੰਮ ਕਰੇ, ਜਿਵੇਂ:-ਕੌਣ ਕੁੜੀ ('ਕੌਣ' ਸ਼ਬਦ ਪੜਨਾਂਵੀਂ ਵਿਸ਼ੇਸ਼ਣ ਹੈ। ਅ) ਜਿਹੜੀ ਇਸਤਰੀ ('ਜਿਹੜੀ' ਸ਼ਬਦ ਪੜਨਾਂਵੀ ਵਿਸ਼ੇਸ਼ਣ ਹੈ)। ੲ) ਜੋ ਆਦਮੀ ('ਜੋ' ਸ਼ਬਦ ਪੜਨਾਂਵੀਂ ਵਿਸ਼ੇਸ਼ਣ ਹੈ)।

43. ਪੜਨਾਂਵੀਂ ਵਿਸ਼ੇਸ਼ਣ ਦੀਆਂ ਕਿਸਮਾਂ ਦੱਸੋ।

ਉੱਤਰ : ਦੋ (ਮੂਲ ਰੂਪ, ਉਤਪੰਨ ਰੂਪ)।

44. ਮੂਲ ਰੂਪ ਪੜਨਾਂਵੀਂ ਵਿਸ਼ੇਸ਼ਣ ਕੀ ਹੈ?

ਉੱਤਰ :-ਜਿਹੜੇ ਪੜਨਾਂਵ ਮੂਲ ਰੂਪ ਵਿੱਚ ਹੀ ਵਿਸ਼ੇਸ਼ਣ ਹੋਣ, ਜਿਵੇਂ :-ਕੌਣ, ਕੀ, ਕਿਹੜਾ, ਜਿਹੜਾ, ਜੋ ਆਦਿ।

45. ਉਤਪੰਨ ਰੂਪ ਪੜਨਾਂਵੀ ਵਿਸ਼ੇਸ਼ਣ ਤੋਂ ਕੀ ਭਾਵ ਹੈ?

ਉੱਤਰ : -ਕਿਸੇ ਪੜਨਾਂਵ ਤੋਂ ਬਣ ਕੇ ਵਿਸ਼ੇਸ਼ਣ ਦਾ ਕੰਮ ਦੇਣ ਵਾਲ਼ੇ ਸ਼ਬਦਾਂ ਨੂੰ ਉਤਪੰਨ ਰੂਪ ਪੜਨਾਂਵੀਂ ਵਿਸ਼ੇਸ਼ਣ ਕਹਿੰਦੇ ਹਨ, ਜਿਵੇਂ :-ਕਿੰਨੀ ਮਠਿਆਈ (ਕਿੰਨੀ ਸ਼ਬਦ ਉਤਪੰਨ ਰੂਪ ਹੈ) ਅ) ਮੇਰਾ ਘਰ ('ਮੇਰਾ' ਸ਼ਬਦ ਉਤਪੰਨ ਰੂਪ ਹੈ।

46. ਕਿਰਿਆ ਕਿਸ ਨੂੰ ਕਹਿੰਦੇ ਹਨ?

ਉੱਤਰ :-ਜਿਹੜੇ ਸ਼ਬਦਾਂ ਤੋਂ ਕੰਮ ਦੇ ਹੋਣ ਦਾ ਕਾਲ ਸਹਿਤ ਪਤਾ ਲੱਗੇ, ਜਿਵੇਂ :-ਉਹ ਗਿਆ ਹੈ ('ਗਿਆ' ਸ਼ਬਦ ਕਿਰਿਆ ਹੈ) ਅ) ਉਹ ਗੀਤ ਗਾਉਂਦੇ ਹਨ। ('ਗਾਉਂਦੇ' ਸ਼ਬਦ ਕਿਰਿਆ ਹੈ)।

47. ਕਿਰਿਆ ਦੀ ਵੰਡ ਕਿੰਨੇ ਪ੍ਰਕਾਰ ਨਾਲ਼ ਕੀਤੀ ਜਾ ਸਕਦੀ ਹੈ?

ਉੱਤਰ :-ਚਾਰ ਪ੍ਰਕਾਰ ਨਾਲ਼।

48. ਪਹਿਲੀ ਪ੍ਰਕਾਰ ਦੀ ਕਿਰਿਆ ਦੀ ਵੰਡ ਕਰੋ।

ਉੱਤਰ : ਅਕਰਮਕ ਕਿਰਿਆ, ਸਕਰਮਕ ਕਿਰਿਆ।

49. ਅਕਰਮਕ ਕਿਰਿਆ ਤੋਂ ਕੀ ਭਾਵ ਹੈ?

ਉੱਤਰ :-ਜਿਸ ਦੇ ਨਾਲ਼ ਕਰਮ ਦੀ ਲੋੜ ਨਾ ਹੋਵੇ, 'ਜਿਵੇਂ ਹਵਾ ਚੱਲਦੀ ਹੈ।' (ਇਸ ਵਾਕ ਵਿੱਚ 'ਕਰਮ' ਨਹੀਂ ਹੈ)।

5●. ਸਕਰਮਕ ਕਿਰਿਆ ਤੋਂ ਕੀ ਭਾਵ ਹੈ?

ਉੱਤਰ : ਜਿਸ ਵਿੱਚ ਕਰਮ ਦੀ ਜ਼ਰੂਰਤ ਹੁੰਦੀ ਹੈ। ਜਿਵੇਂ ਅਕਾਲੀ ਫੂਲਾ ਸਿੰਘ ਨੇ ਘੋੜਾ ਦਰਿਆ ਵਿੱਚ ਠੇਲ੍ਹ ਦਿੱਤਾ ('ਘੋੜਾ' ਸ਼ਬਦ ਕਰਮ ਹੈ)। ਅ) ਉਸ ਨੇ ਅਰਦਾਸਾ ਸੋਧਿਆ ('ਅਰਦਾਸ' ਕਰਮ ਹੈ)।

51. ਦੂਜੀ ਪ੍ਰਕਾਰ ਦੀ ਕਿਰਿਆ ਦੀ ਵੰਡ ਕਰੋ।

ਉੱਤਰ :- ਸਧਾਰਨ ਕਿਰਿਆ, ਪ੍ਰੇਰਨਾਰਥਕ ਕਿਰਿਆ, ਦੂਹਰੀ ਪ੍ਰੇਰਨਾਰਥਕ ਕਿਰਿਆ।

52. ਸਧਾਰਨ ਕਿਰਿਆ ਤੋਂ ਕੀ ਭਾਵ ਹੈ?

ਉੱਤਰ :-ਜਿਸ ਵਿੱਚ ਕਰਮ ਕਰਨ ਵਾਲ਼ਾ ਕਰਤਾ ਆਪ ਹੋਵੇ। ਜਿਵੇਂ ਜੱਗੇ ਨੂੰ ਰੋਹ ਚੜ੍ਹ ਗਿਆ ('ਚੜ੍ਹ ਗਿਆ' ਸਧਾਰਨ ਕਿਰਿਆ ਹੈ)। ਅ) ਦੋਵੇਂ ਜਣੇ ਚੱਲ ਪਏ ('ਚੱਲ ਪਏ' ਸਧਾਰਨ ਕਿਰਿਆ ਹੈ)।

53. ਪ੍ਰੇਰਨਾਰਥਕ ਕਿਰਿਆ ਤੋਂ ਕੀ ਭਾਵ ਹੈ?

ਉੱਤਰ : ਜਿਸ ਵਿੱਚ ਕਰਮ ਕਰਨ ਵਾਲ਼ਾ ਕਰਤਾ ਆਪ ਹੋਵੇ। ਜਿਵੇਂ ਜੱਗੇ ਨੂੰ ਰੋਹ ਚੜ੍ਹ ਗਿਆ ('ਚੜ੍ਹ ਗਿਆ' ਸਧਾਰਨ ਕਿਰਿਆ ਹੈ)। ਅ) ਦੋਵੇਂ ਜਣੇ ਚੱਲ ਪਏ ('ਚੱਲ ਪਏ' ਸਧਾਰਨ ਕਰਿਆ ਹੈ)।

54. ਦੂਹਰੀ ਪ੍ਰੇਰਨਾਰਥਕ ਕਿਰਿਆ ਜਿਸ ਵਿੱਚ ਕਰਤਾ ਕਿਸੇ ਦੂਜੇ ਵਿਅਕਤੀ ਨੂੰ ਪ੍ਰੇਰਨਾ ਦੇ ਕੇ ਕਰਮ ਕਿਸੇ ਤੀਜੇ ਵਿਅਕਤੀ ਤੋਂ ਕਰਵਾਉਂਦਾ ਹੈ। ਜਿਵੇਂ ਬੇਟਾ, ਮੈਨੂੰ ਤਾਂ ਲਿਖਣਾ ਆਉਂਦਾ ਨਹੀਂ ਮੇਰੀ ਬੁਢਾਪਾ ਪੈਨਸ਼ਨ ਦਾ ਫ਼ਾਰਮ ਕਿਸੇ ਪੜ੍ਹੇ ਲਿਖੇ ਤੋਂ ਭਰਵਾ ਦਿਓ। ('ਭਰਵਾ ਦਿਓ' ਸ਼ਬਦ ਦੂਹਰੀ ਪ੍ਰੇਰਨਾਰਥਕ ਸ਼ਬਦ ਹੈ)।

55. ਤੀਜੀ ਪ੍ਰਕਾਰ ਦੀ ਕਿਰਿਆ ਦੀ ਵੰਡ ਕਰੋ।

ਉੱਤਰ : ਇਕਹਿਰੀ ਕਿਰਿਆ ਅਤੇ ਸੰਜੁਗਤ ਕਿਰਿਆ।

56. ਇਕਹਿਰੀ ਕਿਰਿਆ ਤੋਂ ਕੀ ਭਾਵ ਹੈ?

ਉੱਤਰ : - ਜਦੋਂ ਕਿਰਿਆ ਇੱਕ ਸ਼ਬਦ ਦੀ ਹੋਵੇ ਜਿਵੇਂ ਉਸ ਨੇ ਉਸਾਰੀ ਆਪਣੀ ਨਿਗਰਾਨੀ ਹੇਠ ਕਰਵਾਈ ('ਨਿਗਰਾਨੀ' ਸ਼ਬਦ ਇਕਹਿਰੀ ਕਿਰਿਆ ਹੈ)।

57. ਸੰਯੁਕਤ ਕਿਰਿਆ ਤੋਂ ਕੀ ਭਾਵ ਹੈ?

ਉੱਤਰ :-ਜਦੋਂ ਕਿਰਿਆ ਇੱਕ ਤੋਂ ਵੱਧ ਸ਼ਬਦਾਂ ਦੇ ਸੰਯੋਗ ਤੋਂ ਬਣੇ, ਜਿਵੇਂ:-ਸਾਰੇ ਵਿਦਿਆਰਥੀ ਕੰਮ ਕਰਨ ਲੱਗੇ ਹੋਏ ਹਨ ('ਕਰਨ ਲੱਗੇ ਹੋਏ' ਸੰਜੁਗਤ ਕਿਰਿਆ ਹੈ।)

58. ਚੌਥੀ ਪ੍ਰਕਾਰ ਦੀ ਕਿਰਿਆ ਦੀ ਵੰਡ ਕਰੋ।

ਉੱਤਰ :-ਮੂਲ ਕਿਰਿਆ ਤੇ ਸਹਾਇਕ ਕਿਰਿਆ।

59. ਕਿਰਿਆ-ਵਿਸ਼ੇਸ਼ਣ ਕੀ ਹੁੰਦਾ ਹੈ?

ਉੱਤਰ :-ਜੋ ਸ਼ਬਦ ਕਿਰਿਆ ਦੀ ਵਿਸ਼ੇਸ਼ਤਾ ਦੱਸੇ, ਅਰਥਾਤ ਕਿਰਿਆ ਦਾ ਢੰਗ, ਸਮਾਂ ਜਾਂ ਸਥਾਨ ਪ੍ਰਗਟ ਕਰੇ, ਜਿਵੇਂ:-ੳ. ਸ਼ੀਲਾ ਤੇਜ਼ ਤੁਰਦੀ ਹੈ। ('ਤੇਜ਼' ਸ਼ਬਦ ਕਿਰਿਆ-ਵਿਸ਼ੇਸ਼ਣ ਹੈ)

ਅ. ਬੱਚੇ ਕੋਠੇ ਉੱਪਰ ਖੇਡਦੇ ਹਨ। ('ਉੱਪਰ' ਸ਼ਬਦ ਕਿਰਿਆ-ਵਿਸ਼ੇਸ਼ਣ ਹੈ)

ੲ. ਇਹ ਕੁੜੀ ਬਹੁਤ ਨੱਚਦੀ ਹੈ। ('ਬਹੁਤ' ਸ਼ਬਦ ਕਿਰਿਆ-ਵਿਸ਼ੇਸ਼ਣ ਹੈ)

6●. ਕਿਰਿਆ-ਵਿਸ਼ੇਸ਼ਣ ਦੀਆਂ ਕਿਸਮਾਂ ਦੱਸੋ।

ਉੱਤਰ :- ਕਿਰਿਆ ਵਿਸ਼ੇਸ਼ਣ ਅੱਠ ਕਿਸਮਾਂ ਹਨ:- ਕਾਲਵਾਚਕ, ਸਥਾਨਵਾਚਕ, ਪਰਿਮਾਣਵਾਚਕ, ਪ੍ਰਕਾਰਵਾਚਕ, ਕਾਰਨਵਾਚਕ, ਸੰਖਿਆਵਾਚਕ, ਤਾਕੀਦਵਾਚਕ, ਨਿਰਨਾਵਾਚਕ।

61. ਕਾਲਵਾਚਕ ਕਿਰਿਆ-ਵਿਸ਼ੇਸ਼ਣ ਤੋਂ ਕੀ ਭਾਵ ਹੈ?

ਉੱਤਰ :- ਜੋ ਕਿਰਿਆ ਦੇ ਕੰਮ ਦੇ ਹੋਣ ਦਾ ਸਮਾਂ ਦੱਸੇ, ਜਿਵੇਂ:- ਅੱਜ, ਕੱਲ੍ਹ, ਜਦੋਂ, ਕਦੋਂ, ਉਦੋਂ, ਹੁਣ, ਸਵੇਰੇ, ਸ਼ਾਮ ਆਦਿ।

62. ਸਥਾਨਵਾਚਕ ਕਿਰਿਆ-ਵਿਸ਼ੇਸ਼ਣ ਤੋਂ ਕੀ ਭਾਵ ਹੈ?

ਉੱਤਰ :-ਜਿਨ੍ਹਾਂ ਤੋਂ ਕਿਰਿਆ ਦੇ ਕੰਮ ਦਾ ਸਥਾਨ ਪਤਾ ਲੱਗੇ, ਜਿਵੇਂ :-ਉੱਪਰ, ਥੱਲੇ, ਵਿਚਕਾਰ, ਅੰਦਰ, ਬਾਹਰ, ਇੱਥੇ, ਉੱਥੇ।

(ਅ) ਉਹ ਕੋਠੇ ਦੇ ਉੱਪਰ, ਨਾਲ਼ੇ ਵਿਹੜੇ ਵਿੱਚ ਖੇਡਦੇ ਹਨ (‘ਨਾਲੇ’ ਸ਼ਬਦ ਯੋਜਕ ਹੈ)

ਇਸੇ ਤਰ੍ਹਾਂ ‘ਕਿ’, , ‘ਕਿਉਂਕਿ’, ‘ਤੇ’ ਸਗੋਂ, ਦੋ-ਦੋ ਵਾਕਾਂ ਨੂੰ ਜੋੜਦੇ ਹਨ। ਇਹ ਸਾਰੇ ਯੋਜਕ ਹਨ।

63. ਯੋਜਕ ਦੀਆਂ ਕਿਸਮਾਂ ਦੱਸੋ?

ਉੱਤਰ :-ਯੋਜਕ ਦੀਆਂ ਦੋ ਕਿਸਮਾਂ :-ਸਮਾਨ ਯੋਜਕ, ਅਧੀਨ ਯੋਜਕ।

64. ਸਮਾਨ ਯੋਜਕ ਕੀ ਹੁੰਦੇ ਹਨ?

ਉੱਤਰ :-ਜਿਹੜੇ ਦੋ ਬਰਾਬਰ ਦੇ ਵਾਕਾਂ ਨੂੰ ਜੋੜਨ ਅਤੇ ਸੰਯੁਕਤ ਵਾਕ ਬਣਾਉਣ, ਜਿਵੇਂ :

(ੳ) ਚਾਹ ਵੀ ਪੀਓ ਤੇ ਰੋਟੀ ਵੀ ਖਾਓ (ਇਸ ਵਿੱਚ ‘ਤੇ’ ਸਮਾਨ ਯੋਜਕ ਹੈ।)

(ਅ) ਉਹ ਨਾ ਕੇਵਲ ਗ਼ਰੀਬ ਹੀ ਹੈ, ਸਗੋਂ ਸਮਝਦਾਰ ਵੀ ਹੈ। (‘ਸਗੋਂ’ ਸ਼ਬਦ ਸਮਾਨ ਯੋਜਕ ਹੈ।)

(ੲ) ਉਹ ਕਮਜ਼ੋਰ ਹੈ ਪ੍ਰੰਤੂ ਡਰਪੋਕ ਨਹੀਂ। (‘ਪਰੰਤੂ’ ਸ਼ਬਦ ਸਮਾਨ ਯੋਜਕ ਹੈ)।

65. ਅਧੀਨ ਯੋਜਕ ਕਿਸ ਨੂੰ ਕਹਿੰਦੇ ਹਨ?

ਉੱਤਰ :-ਜਿਹੜੇ ਸ਼ਬਦ ਪ੍ਰਧਾਨ ਉਪਵਾਕ ਅਤੇ ਅਧੀਨ ਉਪਵਾਕ ਨੂੰ ਆਪਸ ਵਿੱਚ ਜੋੜਨ, ਉਹ ਸ਼ਬਦ ਅਧੀਨ ਯੋਜਕ ਕਹਾਉਂਦੇ ਹਨ;

(ੳ) ਮੈਂ ਜਾਣਦਾ ਹਾਂ ਕਿ ਤੂੰ ਕਿੰਨਾ ਸਮਝਦਾਰ ਹੈਂ। (‘ਕਿ’ ਸ਼ਬਦ ਅਧੀਨ ਯੋਜਕ ਹੈ)।

(ਅ) ਉਹ ਸਕੂਲ ਨਹੀਂ ਆਇਆ ਕਿਉਂਕਿ ਉਹ ਬਿਮਾਰ ਸੀ। (‘ਕਿਉਂਕਿ’ ਸ਼ਬਦ ਅਧੀਨ ਯੋਜਕ ਹੈ।)

66. ਬਣਤਰ ਜਾਂ ਰੂਪ ਦੇ ਆਧਾਰ ’ਤੇ ਯੋਜਕਾਂ ਦੀਆਂ ਕਿਸਮਾਂ ਦੱਸੋ।

ਉੱਤਰ : -ਤਿੰਨ ਕਿਸਮਾਂ :-ਇਕਹਿਰੇ, ਸੰਜੁਗਤ, ਟੁੱਟਵੇਂ ਜਾਂ ਸਹਿ-ਸੰਬੰਧਕੀ ਯੋਜਕ।

67. ਇਕਹਿਰੇ ਯੋਜਕ ਕੀ ਹੁੰਦੇ ਹਨ?

ਉੱਤਰ :- ਇਹ ਯੋਜਕ ਇੱਕ ਸ਼ਬਦ ਤੋਂ ਬਣੇ ਹੁੰਦੇ ਹਨ, ਜਿਵੇਂ :-ਤੇ, ਅਤੇ, ਪਰ, ਕਿ ਜਾਂ ਭਾਵੇਂ ਆਦਿ।

68. ਸੰਯੁਕਤ ਯੋਜਕ ਕੀ ਹੁੰਦੇ ਹਨ?

ਉੱਤਰ : - ਇਹ ਯੋਜਕ ਇੱਕ ਤੋਂ ਵੱਧ ਸ਼ਬਦਾਂ ਦੇ ਬਣੇ ਹੁੰਦੇ ਹਨ, ਜਿਵੇਂ :-ਤਾਂਕਿ, ਤਾਂਜੋ, ਤਦੇ ਤਾਂ, ਕਿਉਂਕਿ, ਇਸੇ ਕਰਕੇ ਆਦਿ।

69. ਵਿਸਮਕ ਕੀ ਹੁੰਦੇ ਹਨ?

ਉੱਤਰ :-ਜੋ ਸ਼ਬਦ ਮਨ ਦੀ ਖ਼ੁਸ਼ੀ, ਗ਼ਮੀ, ਹੈਰਾਨੀ ਆਦਿ ਭਾਵਾਂ ਨੂੰ ਪ੍ਰਗਟ ਕਰਨ, ਜਿਵੇਂ: ਵਾਹ-ਵਾਹ, ਅਸ਼ਕੇ,ਬੱਲੇ-ਬੱਲੇ, ਉਫ, ਆਹ, ਸ਼ਾਬਾਸ਼, ਨਹੀਂ ਰੀਸਾਂ ਆਦਿ।

7●. ਸੰਬੰਧਕ ਕਿਸ ਨੂੰ ਕਹਿੰਦੇ ਹਨ?

ਉੱਤਰ :- ਜੋ ਵਾਕ ਵਿੱਚ ਨਾਂਵ ਅਤੇ ਪੜਨਾਂਵ ਦਾ ਆਪਸ ਵਿੱਚ ਅਤੇ ਦੂਜੇ ਸ਼ਬਦਾਂ ਨਾਲ ਸੰਬੰਧ ਜੋੜਨ । ਜਿਵੇ: (ੳ) ਇਹ ਸੁਰਿੰਦਰ ਦੀ ਪੁਸਤਕ ਹੈ। ('ਦੀ'ਸ਼ਬਦ ਸੰਬੰਧਕ ਹੈ)

(ਅ) ਰਾਮ ਨੇ ਸ਼ਾਮ ਨੂੰ ਚਪੇੜਾਂ ਨਾਲ ਮਾਰਿਆ। ('ਨੇ', 'ਨਾਲ' ਸ਼ਬਦ ਸੰਬੰਧਕ ਹਨ)

**ਲੜੀ ਨੰ.8 ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਲਗ-ਪਗ ਇੱਕ ਤਿਹਾਈ ਸ਼ਬਦਾਂ ਵਿੱਚ ਲਿਖੋ ਅਤੇ ਢੁੱਕਵਾਂ ਸਿਰਲੇਖ ਵੀ ਦਿਓ :- 5+1=6**

1. ਚੰਗੀਆਂ ਪੁਸਤਕਾਂ ਮਨੁੱਖ ਲਈ ਵਰਦਾਨ ਹਨ। ਜਦੋਂ ਦੁੱਖਾਂ-ਮੁਸੀਬਤਾਂ ਦੇ ਕਾਲ਼ੇ ਬੱਦਲ਼ ਸਾਡੇ ਜੀਵਨ ਨੂੰ ਹਨੇਰੀ ਬੁੱਕਲ਼ ਵਿੱਚ ਲਪੇਟ ਲੈਂਦੇ ਹਨ ਅਤੇ ਸਾਡੇ ਸੰਗੀ-ਸਾਥੀ ਤੇ ਮਿੱਤਰ-ਦੋਸਤ ਸਾਥ ਛੱਡ ਜਾਂਦੇ ਹਨ ਤਾਂ ਇਹ ਪੁਸਤਕਾਂ ਆਪਣੇ ਮਿੱਠੇ ਅਤੇ ਸਿਆਣੇ ਬੋਲਾਂ ਨਾਲ਼ ਸਾਡਾ ਹੌਸਲਾ ਵਧਾਉਂਦੀਆਂ ਹਨ, ਸਾਨੂੰ ਢਾਰਸ ਦਿੰਦੀਆਂ ਹਨ ਅਤੇ ਸਾਡੇ ਗਿਆਨ ਵਿੱਚ ਵਾਧਾ ਕਰਦੀਆਂ ਹਨ। ਇਹ ਸਾਨੂੰ ਦ੍ਰਿੜ੍ਹਤਾ ਨਾਲ਼ ਜਿਊਣ ਦੀ ਜਾਂਚ ਦੱਸਦੀਆਂ ਹਨ। ਮਨੁੱਖ ਦੀ ਹਜ਼ਾਰਾਂ ਵਰ੍ਹਿਆਂ ਦੀ ਸਿਆਣਪ ਅਤੇ ਤਜਰਬਿਆਂ ਦਾ ਨਿਚੋੜ ਇਹਨਾਂ ਵਿੱਚ ਛਪਿਆ ਹੁੰਦਾ ਹੈ। ਇਹਨਾਂ ਦੇ ਬੂਹੇ ਹਰ ਛੋਟੇ-ਵੱਡੇ, ਉੱਚੇ-ਨੀਵੇਂ, ਅਮੀਰ-ਗ਼ਰੀਬ ਲਈ ਸਦਾ ਖੁੱਲ੍ਹੇ ਰਹਿੰਦੇ ਹਨ। ਇਹ ਸਾਨੂੰ ਇੱਕ ਅਜਿਹੀ ਦੌਲਤ ਨਾਲ਼ ਮਾਲਾ-ਮਾਲ ਕਰਦੀਆਂ ਹਨ ਜਿਸ ਨੂੰ ਚੋਰ ਚੁਰਾ ਨਹੀਂ ਸਕਦਾ, ਪਾਣੀ ਰੋੜ੍ਹ ਨਹੀਂ ਸਕਦਾ, ਅੱਗ ਸਾੜ ਨਹੀਂ ਸਕਦੀ। ਚੰਗੀਆਂ ਪੁਸਤਕਾਂ ਮਨੁੱਖ ਦੀਆਂ ਸੱਚੀਆਂ ਦੋਸਤ ਹੁੰਦੀਆਂ ਹਨ-ਉਹ ਦੋਸਤ ਜੋ ਕਦੇ ਬੁਰਾ ਨਹੀਂ ਸੋਚ ਸਕਦਾ ਅਤੇ ਕਦੇ ਧੋਖਾ ਨਹੀਂ ਦਿੰਦਾ। ਵੱਡੇ ਭਾਗਾਂ ਵਾਲ਼ੇ ਹਨ ਉਹ ਲੋਕ ਜਿਨ੍ਹਾਂ ਨੂੰ ਉੱਤਮ ਪੁਸਤਕਾਂ ਪੜ੍ਹਨ ਦਾ ਸ਼ੌਂਕ ਹੈ।

**ਉੱਤਰ : - ਚੰਗੀਆਂ ਪੁਸਤਕਾਂ**

**ਸੰਖੇਪ ਰਚਨਾ : -** ਔਖੇ ਸਮੇਂ ਵਿੱਚ ਚੰਗੀਆਂ ਪੁਸਤਕਾਂ ਸਾਡਾ ਸਦਾ ਸਾਥ ਨਿਭਾਉਂਦੀਆਂ ਹਨ ਅਤੇ ਸਾਡੀ ਅਗਵਾਈ ਕਰਦੀਆਂ ਹਨ। ਹੁਣ ਤੱਕ ਦਾ ਇਕੱਠਾ ਕੀਤਾ ਗਿਆ ਗਿਆਨ ਇਹਨਾਂ ਪੁਸਤਕਾਂ ਵਿੱਚੋਂ ਹੀ ਪ੍ਰਾਪਤ ਹੁੰਦਾ ਹੈ ਅਤੇ ਇਹ ਗਿਆਨ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਸਭ ਨੂੰ ਪ੍ਰਦਾਨ ਕਰਨ ਲਈ ਤਿਆਰ ਰਹਿੰਦੀਆਂ ਹਨ। ਪੁਸਤਕਾਂ ਤੋਂ ਪ੍ਰਾਪਤ ਗਿਆਨ ਹਮੇਸ਼ਾਂ ਸਾਡੇ ਕੋਲ਼ ਰਹਿੰਦਾ ਹੈ। ਇਹ ਸਾਡੇ ਸੱਚੇ ਮਿੱਤਰ ਸਮਾਨ ਹੁੰਦੀਆਂ ਹਨ।

2. ਪੰਜਾਬੀ ਸੱਭਿਆਚਾਰ ਕੇਵਲ ਗਿੱਧੇ-ਭੰਗੜੇ ਦਾ ਸੱਭਿਆਚਾਰ ਹੀ ਨਹੀਂ, ਜਿਸ ਤਰ੍ਹਾਂ ਕਿ ਕੁਝ ਲੋਕ ਕਹਿੰਦੇ ਹਨ। ਇਹ ਤਾਂ ਬਹੁਤ ਚੇਤਨ, ਉਸਾਰੀ ਤੇ ਕਰਨੀ-ਪ੍ਰਧਾਨ ਸੱਭਿਆਚਾਰ ਹੈ ਜਿਸ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਅੱਜ ਦਾ ਪੰਜਾਬੀ ਅਜਿਹੇ ਚੇਤਨ ਸੱਭਿਆਚਾਰ ਤੋਂ ਖਿਸਕਿਆ ਹੋਇਆ ਹੈ। ਇਸੇ ਕਰਕੇ ਉਹ ਇਸ ਪ੍ਰਤਿ ਚੇਤਨ ਅਤੇ ਵਫ਼ਾਦਾਰ ਨਹੀਂ ਹੈ। ਪੰਜਾਬੀ ਸੱਭਿਆਚਾਰ ਚੇਤਨ ਪੱਧਰ 'ਤੇ ਆਪਣੇ ਵਿੱਚ ਬਹੁਤ ਕੁਝ ਸਮੇਟੀ ਬੈਠਾ ਹੈ। ਪੰਜ ਨਦੀਆਂ ਦਾ ਦੇਸ ਪੰਜਾਬ ਸ਼ੁਰੂ ਤੋਂ ਹੀ ਹਮਲਾਵਰਾਂ ਦਾ ਰਾਹ ਬਣਿਆ ਰਿਹਾ ਹੈ, ਜਿਨ੍ਹਾਂ ਨਾਲ਼ ਪੰਜਾਬੀ ਸਦਾ ਜੂਝਦਾ ਰਿਹਾ ਤੇ ਜਿੱਤਾਂ ਹਾਸਲ ਕਰਦਾ ਰਿਹਾ ਹੈ। ਬਹਾਦਰੀ, ਅਣਖ ਤੇ ਆਪਾ ਵਾਰਨ ਦੀ ਸਮਰੱਥਾ ਇਸ ਦੇ ਸੱਭਿਆਚਾਰ ਦਾ ਇੱਕ ਅਟੁੱਟ ਹਿੱਸਾ ਰਿਹਾ ਹੈ। ਪੰਜਾਬੀ ਸੱਭਿਆਚਾਰ 'ਚ ਭਾਈ ਘਨ੍ਹੱਈਆ ਦੁਸ਼ਮਣਾਂ ਨੂੰ ਪਾਣੀ ਲਿਆਉਂਦਾ ਹੈ, ਲਾਲਾ ਲਾਜਪਤ ਰਾਏ ਤੇ ਭਗਤ ਸਿੰਘ ਦੇਸ-ਭਗਤੀ ਦਾ ਜਜ਼ਬਾ ਪ੍ਰਗਟਾਉਂਦੇ ਹਨ। ਕਵੀ ਪ੍ਰੋ. ਪੂਰਨ ਸਿੰਘ ਨੂੰ ਰਾਂਝਾ ਤੇ ਹੀਰ ਗੁਰੂ ਦੇ ਸਿੱਖ ਜਾਪਦੇ ਹਨ, ਉਸ ਨੂੰ ਪੰਜਾਬ ਦੇ ਦਰਿਆ ਜਾਪੁ ਸਾਹਿਬ ਗਾਉਂਦੇ ਪ੍ਰਤੀਤ ਹੁੰਦੇ ਹਨ। ਕਿਸਾਨ ਖੇਤਾਂ ਵਿੱਚ ਅੰਨ ਉਪਜਾਉਂਦਾ ਹੈ ਤੇ ਪੂਰੇ ਭਾਰਤਵਾਸੀਆਂ ਦਾ ਢਿੱਡ ਭਰਦਾ ਹੈ। ਲਗਨ, ਮਿਹਨਤ, ਸੰਕਟ ਵਿੱਚ ਵੀ ਭਰੋਸਾ, ਚੜ੍ਹਦੀ ਕਲਾ, ਸ਼ਾਸਤਰ ਤੇ ਸ਼ਸਤਰ ਪ੍ਰਤਿ ਪ੍ਰਤਿਬੱਧਤਾ, ਕੌਮਾਂਤਰੀ ਪਰਿਪੇਖ ਪ੍ਰਤਿ

ਜਾਗਰੂਕਤਾ ਆਦਿ ਕਈ ਲੋਕ ਪੰਜਾਬੀ ਸੱਭਿਆਚਾਰ ਦੀ ਤਸਵੀਰ ਦਾ ਹਾਲੇ ਧੁੰਦਲ਼ਾ ਪੱਖ ਹੀ ਉਸਾਰਦੇ ਹਨ। ਸੋ ਲੋੜ ਹੈ ਇਸ ਨੂੰ ਸਮਝਣ ਦੀ, ਇਸ ਪ੍ਰਤਿ ਚੇਤਨ ਹੋਣ ਦੀ ਤੇ ਇਸ ਨੂੰ ਅਪਣਾਉਣ ਦੀ।

**ਸਿਰਲੇਖ** :– ਪੰਜਾਬੀ ਸੱਭਿਆਚਾਰ

**ਸੰਖੇਪ ਰਚਨਾ** :– ਪੰਜਾਬੀ ਸੱਭਿਆਚਾਰ ਕੇਵਲ 'ਗਿੱਧੇ-ਭੰਗੜੇ' ਵਾਲ਼ਾ ਸੱਭਿਆਚਾਰ ਨਾ ਹੋ ਕੇ ਇੱਕ ਬਹੁਤ ਹੀ ਚੇਤਨ ਤੇ 'ਕਰਨੀ-ਪ੍ਰਧਾਨ ਸੱਭਿਆਚਾਰ' ਹੈ। ਆਦਿ-ਕਾਲ ਤੋਂ ਹੀ ਪੰਜਾਬੀ ਸੱਭਿਆਚਾਰ ਹਮਲਾਵਰਾਂ ਨਾਲ਼ ਜੂਝਦਾ ਅਤੇ ਜਿੱਤਾਂ ਹਾਸਲ ਕਰਦਾ ਰਿਹਾ ਹੈ। ਇਹ ਅਣਖ, ਆਪਾ ਵਾਰਨ, ਚੜ੍ਹਦੀ ਕਲਾ, ਦੇ-ਭਗਤੀ ਆਦਿ ਦੀਆਂ ਮਿਸਾਲਾਂ ਕਾਇਮ ਕਰਦਾ ਰਿਹਾ ਹੈ ਪਰ ਕਈ ਲੋਕ ਇਸ ਸੱਭਿਆਚਾਰ ਦੀ ਸਹੀ ਤਸਵੀਰ ਨਹੀਂ ਉਸਾਰਦੇ। ਸੋ ਇਸ ਨੂੰ ਸਹੀ ਰੂਪ ਵਿੱਚ ਪੇਸ਼ ਕਰਨ ਤੇ ਅਪਣਾਉਣ ਦੀ ਲੋੜ ਹੈ।

3. ਘਰ ਇੱਟਾਂ ਜਾਂ ਵੱਟਿਆਂ ਦੇ ਬਣੇ ਕੋਠੇ ਨੂੰ ਨਹੀਂ ਕਹਿੰਦੇ। ਘਰ ਤੋਂ ਭਾਵ ਉਹ ਥਾਂ ਹੈ ਜਿੱਥੇ ਮਨੁੱਖ ਦਾ ਪਿਆਰ ਤੇ ਸੱਧਰਾਂ ਪਲ਼ਦੀਆਂ ਹਨ, ਜਿੱਥੇ ਜਵਾਨੀ ਵਿੱਚ ਸਾਰੇ ਜਹਾਨ ਨੂੰ ਗਾਹ ਕੇ-ਲਿਤਾੜ ਕੇ, ਖੱਟੀ ਕਮਾਈ ਕਰਕੇ ਮੁੜ ਘਰ ਆਉਣ ਤੇ ਝਮੇਲਿਆਂ ਤੋਂ ਮਿਲ਼ੀ ਵਿਹਲ ਨੂੰ ਅਰਾਮ ਨਾਲ਼ ਕੱਟਣ ਵਿੱਚ ਇਉਂ ਸੁਆਦ ਆਉਂਦਾ ਹੈ, ਜਿਵੇਂ ਬਚਪਨ ਵਿੱਚ ਮਾਂ ਦੀ ਲੋਰੀ ਵਿੱਚ ਆਉਂਦਾ ਸੀ। ਘਰ ਮਨੁੱਖ ਦੇ ਨਿਜੀ ਵਲਵਲਿਆਂ ਤੇ ਸ਼ਖ਼ਸੀ ਰਹਿਣੀ ਦਾ ਕੇਂਦਰ ਹੁੰਦਾ ਹੈ। ਉਸ ਦੇ ਆਚਰਨ ਨੂੰ ਬਣਾਉਣ ਵਿੱਚ ਜਿੱਥੇ ਸਮਾਜਿਕ ਤੇ ਮੁਲਕੀ ਆਲ਼ੇ-ਦੁਆਲ਼ੇ ਦਾ ਅਸਰ ਕੰਮ ਕਰਦਾ ਹੈ, ਉੱਥੇ ਘਰ ਦੀ ਚਾਰ-ਦਿਵਾਰੀ ਅਤੇ ਇਸ ਦੇ ਅੰਦਰ ਦੇ ਹਾਲਾਤ ਵੀ ਘੱਟ ਕੰਮ ਨਹੀਂ ਕਰਦੇ ਸਗੋਂ ਮਨੁੱਖ ਦਾ ਆਚਰਨ ਬਣਦਾ ਹੀ ਘਰ ਵਿੱਚ ਹੈ। ਇਹ ਉਸ ਦੀਆਂ ਰੁਚੀਆਂ ਅਤੇ ਸੁਭਾਅ ਦਾ ਸਾਂਚਾ ਹੈ। ਕਈ ਵਾਰੀ ਜਦੋਂ ਮੈਂ ਕਿਸੇ ਸੱਜਣ ਨੂੰ ਕੌੜੇ, ਸੜੀਅਲ ਜਾਂ ਖਿਝੂ ਸੁਭਾਅ ਵਾਲ਼ਾ ਦੇਖਦਾ ਹਾਂ ਤਾਂ ਮੈਂ ਦਿਲ ਵਿੱਚ ਕਹਿੰਦਾ ਹਾਂ, 'ਇਸ ਵਿਚਾਰੇ ਨੂੰ ਘਰ ਦਾ ਪਿਆਰ ਨਹੀਂ ਮਿਲ਼ਿਆ ਹੋਣਾ।'

**ਸਿਰਲੇਖ** :– ਘਰ ਦਾ ਪਿਆਰ

**ਸੰਖੇਪ ਰਚਨਾ** :– ਘਰ ਸਿਰਫ਼ ਇੱਟਾਂ-ਵੱਟਿਆਂ ਦੀ ਇਮਾਰਤ ਨਹੀਂ ਹੁੰਦਾ ਸਗੋਂ ਇੱਥੇ ਮਨੁੱਖ ਦਾ ਪਿਆਰ ਅਤੇ ਸੱਧਰਾਂ ਪਲ਼ਦੀਆਂ ਹਨ। ਇੱਥੇ ਉਸ ਨੂੰ ਬਚਪਨ ਵਿੱਚ ਲਾਡ-ਪਿਆਰ ਮਿਲ਼ਦਾ ਹੈ ਅਤੇ ਜੁਆਨੀ ਵਿੱਚ ਸਾਰਾ ਜਹਾਨ ਗਾਹ ਕੇ ਇੱਥੇ ਪਰਤਣ ਲਈ ਉਸਦਾ ਜੀਅ ਲੋਚਦਾ ਰਹਿੰਦਾ ਹੈ। ਉਸਦੀ ਆਚਰਨ-ਉਸਾਰੀ ਵਿੱਚ ਸਮਾਜਿਕ ਆਲ਼ੇ-ਦੁਆਲ਼ੇ ਦੇ ਨਾਲ਼ ਘਰ ਦਾ ਵੀ ਅਸਰ ਹੁੰਦਾ ਹੈ। ਘਰ ਦੇ ਪਿਆਰ ਤੋਂ ਸੱਖਣਾ ਆਦਮੀ ਕੌੜਾ, ਖਿਝੂ ਤੇ ਸੜੀਅਲ ਸੁਭਾਅ ਦਾ ਹੁੰਦਾ ਹੈ।

4. ਸਮਾਂ ਇੱਕ ਮਹਾਨ ਖ਼ਜ਼ਾਨਾ ਹੈ। ਅਮਰੀਕਾ, ਜਪਾਨ ਵਿੱਚ ਮੀਂਹ ਹੋਵੇ, ਹਨੇਰੀ ਹੋਵੇ, ਠੰਢ ਹੋਵੇ, ਗਰਮੀ ਹੋਵੇ, ਅੱਠ ਘੰਟੇ ਹਰ ਕੋਈ ਡਟ ਕੇ ਕੰਮ ਕਰਦਾ ਹੈ। ਦਫ਼ਤਰਾਂ ਵਿੱਚ, ਖੇਤਾਂ ਵਿੱਚ, ਕਾਰਖ਼ਾਨਿਆਂ ਵਿੱਚ ਵਿਸ਼ੇਸ਼ ਛੁੱਟੀਆਂ ਸਾਲ ਵਿੱਚ ਮਸਾਂ ਚਾਰ-ਪੰਜ ਹੁੰਦੀਆਂ ਹਨ। ਸਾਡੇ ਦੇਸ ਵਿੱਚ ਕਿੰਨੀਆਂ ਹੀ ਛੁੱਟੀਆਂ, ਕਿੰਨੇ ਥੋੜ੍ਹੇ ਘੰਟੇ ਕੰਮ, ਕਿੰਨਾ ਬੇਦਿਲਾ ਕੰਮ ਤੇ ਫੇਰ ਸਵੇਰੇ-ਸ਼ਾਮ ਧਾਰਮਿਕ ਸਥਾਨਾਂ ਵਿੱਚ ਸ਼ਰਧਾਲੂਆਂ ਦੇ ਇਕੱਠ, ਸਾਧੂਆਂ ਦੀ ਨਿੱਤ-ਫੇਰੀ, ਮਰਨੇ-ਜੰਮਣੇ ਤੇ ਵਿਆਹ ਆਦਿ। ਕਿਸੇ ਹੋਰ ਹੋਰ ਦੇਸ ਵਿੱਚ ਇਹਨਾਂ ਗੱਲਾਂ ਉੱਤੇ ਸਮਾਂ ਬਰਬਾਦ ਨਹੀਂ ਕੀਤਾ ਜਾਂਦਾ। ਲਾਊਡ ਸਪੀਕਰਾਂ ਉੱਤੇ ਦਿਨ-ਰਾਤ ਧਰਮ ਦੀ ਥਾਂ ਵਹਿਮ-ਭਰਮ ਜ਼ਿਆਦਾ ਪ੍ਰਚਾਰੇ ਜਾਂਦੇ ਹਨ। ਹੋਰਨਾਂ ਦੇਸਾਂ ਵਿੱਚ ਭਾਵੇਂ ਕਿੰਨੀ ਵੀ ਬਰਫ਼ ਜੰਮੀ ਹੋਵੇ, ਕਾਮੇ ਪੂਰੇ ਅੱਠ ਵਜੇ ਆਪਣੇ ਕੰਮ ਉੱਤੇ ਪਹੁੰਚ ਜਾਂਦੇ ਹਨ। ਬਾਰਾਂ ਵਜੇ ਤੱਕ ਡਟ ਕੇ ਕੰਮ ਕੀਤਾ ਜਾਂਦਾ ਹੈ। ਕੰਮ ਦੇ ਸਮੇਂ ਵਿਚਕਾਰ ਇੱਕ ਘੰਟਾ ਖਾਣਾ ਖਾ ਕੇ ਫਿਰ ਪੰਜ ਵਜੇ ਤੱਕ ਅਣਥੱਕ ਮਿਹਨਤ ਕੀਤੀ ਜਾਂਦੀ ਹੈ। ਇਸ ਕਾਰਨ ਕਿਹਾ ਜਾ ਸਕਦਾ ਹੈ ਕਿ ਉੱਥੇ ਕੰਮ-ਸੱਭਿਆਚਾਰ ਪ੍ਰਫੁੱਲਿਤ ਹੋ ਚੁੱਕਾ ਹੈ। ਇਹੀ ਕਾਰਨ ਹੈ ਕਿ ਉਹਨਾਂ ਦੀ ਪੈਦਾਵਾਰ ਸਾਡੇ ਨਾਲ਼ੋ ਕਈ ਗੁਣਾ ਵਧੇਰੇ ਹੁੰਦੀ ਹੈ।

**ਸਿਰਲੇਖ** :– ਸਮੇਂ ਦੀ ਕਦਰ ਜਾਂ ਕੰਮ-ਸੱਭਿਆਚਾਰ

**ਸੰਖੇਪ ਰਚਨਾ** :– ਵਿਦੇਸ਼ਾਂ ਵਿੱਚ ਹਰ ਮੌਸਮ ਵਿੱਚ ਰੋਜ਼ਾਨਾ ਅੱਠ ਘੰਟੇ ਕੰਮ ਹੁੰਦਾ ਹੈ। ਉੱਥੇ ਸਾਡੇ ਦੇਸ ਵਾਂਗ ਵਧੇਰੇ ਛੁੱਟੀਆਂ ਮਨਾ ਕੇ, ਧਾਰਮਿਕ ਕੰਮਾਂ, ਜਨਮ-ਮਰਨ ਤੇ ਵਿਆਹਾਂ ਦੇ ਮੌਕੇ ਸਮੇਂ ਦੀ ਬਰਬਾਦੀ ਨਹੀਂ ਕੀਤੀ ਜਾਂਦੀ। ਵਕਤ ਦੀ ਕਦਰ, ਅਣਥੱਕ ਮਿਹਨਤ ਅਤੇ ਕੰਮ-ਸੱਭਿਆਚਾਰ ਕਾਰਨ ਹੀ ਉੱਥੇ ਪੈਦਾਵਾਰ ਸਾਡੇ ਦੇਸ ਨਾਲੋਂ ਕਈ ਗੁਣਾ ਵਧੇਰੇ ਹੁੰਦੀ ਹੈ।

5. ਕਿਸੇ ਵਿਅਕਤੀ ਨੂੰ ਉਸ ਦੀ ਗ਼ਲਤੀ ਦਾ ਅਹਿਸਾਸ ਵੀ ਉਹ ਹੀ ਕਰਵਾ ਸਕਦਾ ਹੈ ਜਿਸ ਨੂੰ ਉਸਦੇ ਵਿਗੜਨ ਦਾ ਦੁੱਖ ਹੈ ਅਤੇ ਉਹ ਵਿਗੜੇ ਨੂੰ ਸੁਧਾਰਨ ਦੀ ਲੋੜ ਸਮਝਦਾ ਹੈ। ਜਿਹੜਾ ਉਸ ਦੀ ਤਰੱਕੀ ਦਾ ਚਾਹਵਾਨ ਹੈ, ਉਸਦਾ ਭਲਾ ਸੋਚਦਾ ਹੈ। ਉਹ ਉਸ ਨੂੰ ਠੁੰਮ੍ਹਣਾ ਦੇਵੇ, ਅਹਿਸਾਸ ਕਰਾਏ ਕਿ ਚਿੱਕੜ ਵਿੱਚੋਂ ਬਾਹਰ ਆ ਜਾ। ਉਸ ਨੂੰ ਹੌਸਲਾ ਦੇਵੇ ਕਿ ਅਜੇ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਉਸ ਲਈ ਘਰ ਦੇ ਬੂਹੇ ਬੰਦ ਨਹੀਂ-'ਭੁੱਲਾ ਉਹ ਨਾ ਜਾਣੀਏ ਜੋ ਮੁੜ ਘਰ ਆਵੇ।' ਉਹ ਥੋੜ੍ਹੌਂ ਜਿਹਾ ਵੀ ਹੁੰਗਾਰਾ ਭਰੇ ਤਾਂ ਉਸਦੀ ਬਾਂਹ ਫੜ ਲਈ ਜਾਵੇ। ਉਸਨੂੰ ਅਹਿਸਾਸ ਕਰਾਇਆ ਜਾਏ ਕਿ ਉਹ ਬਹੁਤ ਕੁਝ ਕਰ ਸਕਦਾ ਹੈ। ਕਿਸੇ ਗ਼ਲਤੀ 'ਤੇ ਇਹ ਅਹਿਸਾਸ ਨਾ ਕਰਾਇਆ ਜਾਵੇ ਕਿ ਉਸ ਨੇ ਤਾਂ ਨੱਕ ਵਢਾ ਦਿੱਤਾ ਹੈ, ਕੋਈ ਕਿਸੇ ਨੂੰ ਮੂੰਹ ਵਿਖਾਉਣ ਜੋਗਾ ਹੀ ਨਹੀਂ ਰਿਹਾ ਸਗੋਂ ਗ਼ਲਤੀ ਸੁਧਾਰਨ ਦੇ ਮੌਕੇ 'ਤੇ ਸਾਧਨ ਦਿੱਤੇ ਜਾਣ, ਰਾਹ ਦਿੱਤਾ ਜਾਵੇ ਅੱਗੇ ਵਧਣ ਦਾ ਕਿਉਂਕਿ ਨਾ ਕੋਈ ਦੇਵਤਾ ਜੰਮਦਾ ਹੈ ਤੇ ਨਾ ਦੈਂਤ। ਬੱਸ ਸੁਧਾਰ ਲਈ ਉੱਦਮ ਕਰਨ ਦੀ ਲੋੜ ਹੁੰਦੀ ਹੈ।

**ਸਿਰਲੇਖ** :- ਵਿਗੜੇ ਦਾ ਸੁਧਾਰ

**ਸੰਖੇਪ ਰਚਨਾ** :- ਵਿਗੜੇ ਹੋਏ ਨੂੰ ਸੁਧਾਰਨ ਦਾ ਕੰਮ ਉਸ ਦਾ ਹਮਦਰਦ ਹੀ ਕਰ ਸਕਦਾ ਹੈ ਜਿਹੜਾ ਉਸ ਦੇ ਨੁਕਸਾਂ ਨੂੰ ਅੱਖੋਂ ਪਰੋਖੇ ਕਰ ਕੇ ਉਸ ਅੰਦਰਲੀ ਊਰਜਾ ਦਾ ਸਹੀ ਦਿਸ਼ਾ ਪ੍ਰਦਾਨ ਕਰੇ। ਜਿਹੜਾ ਇਸ ਗੱਲ ਵਿੱਚ ਯਕੀਨ ਰੱਖਦਾ ਹੋਵੇ ਕਿ ਬੁਰਾਈ ਜਾਂ ਚੰਗਿਆਈ ਜਨਮ ਤੋਂ ਹੀ ਨਹੀਂ ਹੁੰਦੀ। ਬੁਰਾਈ ਨੂੰ ਸੁਧਾਰਨ ਲਈ ਉੱਦਮ ਦੀ ਲੋੜ ਹੁੰਦੀ ਹੈ।

6. ਆਰਮ ਸਟਰਾਂਗ ਅਤੇ ਉਸ ਦੇ ਸਾਥੀ ਜਿਹੜੇ ਪਹਿਲਾਂ ਚੰਨ 'ਤੇ ਜਾ ਕੇ ਉੱਤਰੇ ਸਨ, ਉਹ ਜਦ ਵਾਪਸ ਆਏ ਤਾਂ ਉਹਨਾਂ ਨੂੰ ਕਿਸੇ ਨੇ ਪੁੱਛਿਆ ਕਿ ਕਿਹੜੇ ਸਾਇੰਸਦਾਨ ਨੇ ਤੁਹਾਨੂੰ ਚੰਨ 'ਤੇ ਪਹੁੰਚਾਇਆ ਸੀ ਤਾਂ ਉਹਨਾਂ ਦਾ ਜਵਾਬ ਸੀ, 'ਨਿਊਟਨ ਨੇ'। ਜੇ ਨਿਊਟਨ ਦੇ ਕੱਢੇ ਕੁਦਰਤੀ ਨਿਯਮ ਨਾ ਹੁੰਦੇ ਤਾਂ ਬਾਕੀ ਖੋਜ ਕਿਸ ਤਰ੍ਹਾਂ ਹੁੰਦੀ? ਪੰਜਾਬੀ ਵਿੱਚ ਕਹਾਵਤ ਹੈ ਕਿ 'ਬੂੰਦ-ਬੂੰਦ ਨਾਲ਼ ਦਰਿਆ ਭਰਦਾ ਹੈ।' ਇੱਕ ਆਦਮੀ ਤਜਰਬੇ ਅਤੇ ਵਿਚਾਰਾਂ ਕਰਕੇ ਕੁਝ ਗਿਆਨ ਪ੍ਰਾਪਤ ਕਰਦਾ ਹੈ, ਦੂਜਾ ਉਹਨਾਂ 'ਤੇ ਖੜ੍ਹਾ ਹੋ ਕੇ ਇਹਨਾਂ ਤਜਰਬਿਆਂ ਅਤੇ ਵਿਚਾਰਾਂ ਦੀ ਲੜੀ ਜਾਰੀ ਰੱਖਦਾ ਹੈ। ਹਿਮਾਲੀਆ ਦੀਆਂ ਸਿਖਰਾਂ ਨੂੰ ਛੂੰਹਦਾ ਹੈ। ਇਨਸਾਨ ਨੇ ਕੁਝ ਸਦੀਆਂ ਵਿੱਚ ਬੇਅੰਤ ਤਰੱਕੀ ਕੀਤੀ ਹੈ। ਕਿੱਥੇ ਖੁੰਦਰਾਂ ਵਿੱਚ ਰਹਿਣ ਵਾਲ਼ਾ ਬਣ-ਮਾਣਸ ਅਤੇ ਕਿੱਥੇ ਪੰਜਾਹ-ਪੰਜਾਹ ਮੰਜ਼ਲੇ ਮਕਾਨਾਂ ਵਿੱਚ ਰਹਿਣ ਵਾਲ਼, ਲਜ਼ੀਜ਼ ਖਾਣੇ ਖਾਣ ਵਾਲ਼ਾ ਅਤੇ ਰੇਡੀਓ ਤੇ ਟੈਲੀਵੀਜ਼ਨ ਰਾਹੀਂ ਸਾਰੇ ਸੰਸਾਰ ਦੇ ਦ੍ਰਿਸ਼ ਦੇਖਣ ਵਾਲ਼ਾ। ਟੈਲੀਫ਼ੂਨ ਅਤੇ ਇੰਟਰਨੈੱਟ ਰਾਹੀਂ ਸੰਸਾਰ ਨਾਲ਼ ਜੁੜਨ ਵਾਲ਼ੀ ਸਥਿਤੀ ਵਿੱਚ ਪਹੁੰਚ ਗਿਆ ਹੈ ਅਤੇ ਅੱਗੇ ਇਹ ਵਿਕਾਸ ਦਿਨੋ-ਦਿਨ ਜਾਰੀ ਹੈ। ਅਨੁਮਾਨ ਨਹੀਂ ਲਾਇਆ ਜਾ ਸਕਦਾ ਕਿ ਇਹ ਵਿਕਾਸ ਕਿੱਥੇ ਤੱਕ ਪਹੁੰਚਣਾ ਹੈ।

**ਸਿਰਲੇਖ** :- ਵਿਗਿਆਨ ਅਤੇ ਮਨੁੱਖੀ ਵਿਕਾਸ

**ਸੰਖੇਪ ਰਚਨਾ** :- ਵਿਗਿਆਨ ਦੇ ਖੇਤਰ ਵਿੱਚ ਹਰ ਪ੍ਰਾਪਤੀ ਲਈ ਮੋਢੀ ਵਿਗਿਆਨੀਆਂ ਦਾ ਯੋਗਦਾਨ ਹੁੰਦਾ ਹੈ ਤੇ ਹਰ ਵਿਗਿਆਨੀ ਦੀਆਂ ਖੋਜਾਂ ਸਮੁੱਚੇ ਵਿਗਿਆਨ ਦੀ ਤਰੱਕੀ ਲਈ ਜ਼ੁੰਮੇਵਾਰ ਹਨ। ਪਿਛਲੇ ਕੁਝ ਅਰਸੇ ਤੋਂ ਮਨੁੱਖ ਨੇ ਵਿਗਿਆਨ ਦੇ ਖੇਤਰ ਵਿੱਚ ਬੇਅੰਤ ਤਰੱਕੀ ਕੀਤੀ ਹੈ। ਉਹ ਆਦਿ ਵਾਸੀ ਤੋਂ ਅਜੋਕੇ ਸੁੱਖ-ਸਾਧਨਾਂ ਵਾਲ਼ਾ ਮਨੁੱਖ ਬਣ ਗਿਆ ਹੈ। ਵਿਕਾਸ ਨਿਰੰਤਰ ਜਾਰੀ ਹੈ। ਭਵਿੱਖ ਵਿੱਚ ਮਨੁੱਖ ਦੀਆਂ ਪ੍ਰਾਪਤੀਆਂ ਦੀ ਕਲਪਨਾ ਕਰਨੀ ਔਖੀ ਹੈ।

**ਲੜੀ ਨੰ. 9 (ਪ੍ਰਸ਼ਨ ਨੰ: 2● ਨਾਲ ਸੰਬੰਧਿਤ)**

ਪ੍ਰਸ਼ਨ ਨੰ: 2● ਦੇ ਆਧਾਰ ਤੇ ਦਿੱਤੇ ਪੈਰ੍ਹੇ ਨੂੰ ਪੜ੍ਹ ਕੇ ਹੇਠਾਂ ਦਿੱਤੇ ਤਿੰਨ ਪ੍ਰਸ਼ਨਾਂ ਦੇ ਉੱਤਰ ਦਿਓ : - 1+1+1=3

**ਪੈਰਾ 1.** ਗੱਲ-ਬਾਤ ਕਰ ਸਕਣ ਦੀ ਯੋਗਤਾ ਮਨੁੱਖੀ ਨਸਲ ਲਈ ਕੁਦਰਤ ਵੱਲੋਂ ਬਖ਼ਸ਼ਿਆ ਇੱਕ ਵਰਦਾਨ ਹੈ ਅਤੇ ਜਾਨਵਰ-ਜਗਤ ਵਿੱਚੋਂ ਇਹ ਤੋਹਫ਼ਾ ਮਨੁੱਖ ਦੇ ਹੀ ਹਿੱਸੇ ਆਇਆ ਹੈ, ਉਂਞ, ਜਾਨਵਰ ਵੀ ਵੱਖ-ਵੱਖ ਤਰ੍ਹਾਂ ਦੀਆਂ ਅਵਾਜ਼ਾਂ ਤੇ ਹਰਕਤਾਂ ਦੁਆਰਾ ਆਪਣੀਆਂ ਭਾਵਨਾਵਾਂ ਦਾ ਸੰਚਾਰ ਕਰਦੇ ਹਨ। ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨਾ

ਜ਼ਿੰਦਗੀ ਦਾ ਇੱਕ ਅਟੁੱਟ ਅੰਗ ਹੈ। ਆਪਸੀ ਗੱਲ-ਬਾਤ ਕਰਨ ਤੋਂ ਬਿਨਾਂ ਜ਼ਿੰਦਗੀ ਖੜ੍ਹੇ ਪਾਣੀ ਵਾਂਗ ਹੈ। ਤੁਸੀਂ ਕਿਵੇਂ ਗੱਲ-ਬਾਤ ਕਰਦੇ ਹੋ, ਯਾਨੀ ਤੁਹਾਡਾ ਗੱਲ ਕਰਨ ਦਾ ਅੰਦਾਜ਼ ਤੇ ਲਹਿਜਾ ਕਿਹੋ-ਜਿਹਾ ਹੈ, ਇਸ ਦਾ ਤੁਹਾਡੇ ਸਮਾਜਿਕ ਜੀਵਨ ’ਤੇ ਸਿੱਧਾ ਪ੍ਰਭਾਵ ਪੈਂਦਾ ਹੈ, ਕਿਉਂਕਿ ਬੋਲ-ਬਾਣੀ ਤੁਹਾਡੇ ਪੂਰੇ ਆਪੇ ਨੂੰ ਉਘਾੜਦੀ ਹੈ। ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਤੁਹਾਡੀਆਂ ਸਫ਼ਲਤਾਵਾਂ ਤੇ ਅਸਫ਼ਲਤਾਵਾਂ ਦਾ ਤੁਹਾਡੀ ਬੋਲ-ਬਾਣੀ ਨਾਲ ਸਿੱਧਾ ਸੰਬੰਧ ਹੈ। ਗੱਲ-ਬਾਤ ਰਾਹੀਂ ਕਈ ਸਮੱਸਿਆਵਾਂ ਹੱਲ ਹੁੰਦੀਆਂ ਹਨ ਅਤੇ ਸਭ ਤੋਂ ਵੱਧ ਦਿਮਾਗ਼ੀ ਭਾਰ ਹੌਲ਼ਾ ਹੁੰਦਾ ਹੈ। ਇਹੋ ਕਾਰਨ ਹੈ ਕਿ ਵਿਚਾਰਾਂ ਦੇ ਲੈਣ-ਦੇਣ ਨਾਲ਼ ਮਨੁੱਖ ਆਪਣੇ-ਆਪ ਨੂੰ ਹਲਕਾ-ਫੁਲਕਾ ਮਹਿਸੂਸ ਕਰਦਾ ਹੈ। ਮਨੋਵਿਗਿਆਨ ਦੱਸਦਾ ਹੈ ਕਿ ਇੱਕ-ਦੂਜੇ ਕੋਲ਼ ਆਪਣੇ ਮਨ ਦੀ ਗੁੱਥੀ ਖੋਲ੍ਹਣ ਨਾਲ਼ ਮਾਨਸਿਕ ਤਣਾਅ ਤੋਂ ਰਾਹਤ ਮਿਲ਼ਦੀ ਹੈ ਕਿਉਂਕਿ ਇਸ ਨਾਲ਼ ਮਨੁੱਖ ਦੀਆਂ ਕੁਝ ਸਮੱਸਿਆਵਾਂ ਸੁਤੇ-ਸਿੱਧ ਹੀ ਹੱਲ ਹੋ ਜਾਂਦੀਆਂ ਹਨ। ਮਨੋਵਿਗਿਆਨ ਇਹ ਵੀ ਦੱਸਦਾ ਹੈ ਕਿ ਵਧੇਰੇ ਚੁੱਪ ਰਹਿਣ ਵਾਲ਼ਾ ਵਿਅਕਤੀ ਆਮ ਤੌਰ ’ਤੇ ਕਿਸੇ ਮਾਨਸਿਕ ਉਲਝਣ ਦਾ ਸ਼ਿਕਾਰ ਹੁੰਦਾ ਹੈ। ਅਜਿਹਾ ਵਿਅਕਤੀ, ਸੁਭਾਵਿਕ ਹੀ, ਆਪਣੇ ਆਲ਼ੇ-ਦੁਆਲ਼ੇ ਵਿਆਕਲ ਕਰਨ ਵਾਲ਼ੀ ਚੁੱਪ ਦਾ ਮਾਹੌਲ ਪੈਦਾ ਕਰਦਾ ਹੈ, ਜਦੋਂ ਕਿ ਅੱਛੀ ਤਰ੍ਹਾਂ ਗੱਲ-ਬਾਤ ਕਰਨ ਦੇ ਸਲੀਕੇ ਤੋਂ ਵਾਕਫ਼ ਵਿਅਕਤੀ ਦੀ ਸ਼ਖ਼ਸੀਅਤ ਵਿੱਚ ਚੁੰਬਕੀ ਖਿੱਚ ਹੁੰਦੀ ਹੈ ਅਤੇ ਉਹ ਆਪਣੇ ਆਲ਼ੇ-ਦੁਆਲ਼ੇ ਤੀਆਂ ਵਰਗੀਆਂ ਖ਼ੁਸ਼ੀਆਂ ਖਿਲਾਰਦਾ ਹੈ।

**ਉਪਰੋਕਤ ਪੈਰੇ ਨੂੰ ਧਿਆਨ ਨਾਲ਼ ਪੜ੍ਹੋ ਅਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ** : –

1. ਜਾਨਵਰ-ਜਗਤ ਵਿੱਚੋਂ ਮਨੁੱਖੀ ਨਸਲ ਲਈ ਕੁਦਰਤ ਨੇ ਕੀ ਵਰਦਾਨ ਬਖ਼ਸ਼ਿਆ ਹੈ?
2. ਜਾਨਵਰ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਅ ਕਿਵੇਂ ਕਰਦੇ ਹਨ?
3. ਤੁਹਾਡੇ ਗੱਲ ਕਰਨ ਦੇ ਅੰਦਾਜ਼ ਦਾ ਤੁਹਾਡੇ ਸਮਾਜਿਕ ਜੀਵਨ ’ਤੇ ਕੀ ਪ੍ਰਭਾਵ ਪੈਂਦਾ ਹੈ?
4. ਮਨੋਵਿਗਿਆਨ ਅਨੁਸਾਰ ਮਾਨਸਿਕ ਤਣਾਅ ਤੋਂ ਰਾਹਤ ਕਿਵੇਂ ਮਿਲ਼ਦੀ ਹੈ?

**ਪ੍ਰਸ਼ਨਾਂ ਦੇ ਉੱਤਰ** : –

1. ਗੱਲ-ਬਾਤ ਕਰ ਸਕਣ ਦੀ ਯੋਗਤਾ ਮਨੁੱਖੀ ਨਸਲ ਲਈ ਕੁਦਰਤ ਵੱਲੋਂ ਬਖ਼ਸ਼ਿਆ ਇੱਕ ਵਰਦਾਨ ਹੈ।
2. ਜਾਨਵਰ ਵੱਖ-ਵੱਖ ਤਰ੍ਹਾਂ ਦੀਆਂ ਅਵਾਜ਼ਾਂ ਤੇ ਹਰਕਤਾਂ ਦੁਆਰਾ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਅ ਕਰਦੇ ਹਨ।
3. ਤੁਹਾਡੀ ਗੱਲ-ਬਾਤ ਕਰਨ ਦੇ ਅੰਦਾਜ਼ ਅਤੇ ਲਹਿਜੇ ਦਾ ਤੁਹਾਡੇ ਸਮਾਜਿਕ ਜੀਵਨ ’ਤੇ ਸਿੱਧਾ ਪ੍ਰਭਾਵ ਪੈਂਦਾ ਹੈ ਕਿਉਂਕਿ ਬੋਲ-ਬਾਣੀ ਤੁਹਾਡੇ ਪੂਰੇ ਆਪੇ ਨੂੰ ਉਘਾੜਦੀ ਹੈ।
4. ਮਨੋਵਿਗਿਆਨ ਅਨੁਸਾਰ ਇੱਕ-ਦੂਜੇ ਕੋਲ਼ ਆਪਣੇ ਮਨ ਦੀ ਗੁੱਥੀ ਖੋਲ੍ਹਣ ਨਾਲ਼ ਮਾਨਸਿਕ ਤਣਾਅ ਤੋਂ ਰਾਹਤ ਮਿਲ਼ਦੀ ਹੈ ਕਿਉਂਕਿ ਇਸ ਨਾਲ਼ ਮਨੁੱਖ ਦੀਆਂ ਕੁਝ ਸਮੱਸਿਆਵਾਂ ਸੁਤੇ-ਸਿੱਧ ਹੀ ਹੱਲ ਹੋ ਜਾਂਦੀਆਂ ਹਨ।

2. ਇੱਕ ਵਾਰੀ ਪੰਜਾਬੀ ਦੇ ਪ੍ਰਸਿੱਧ ਲੇਖਕ ਡਾ. ਟੀ. ਆਰ. ਸ਼ਰਮਾ ਪੰਜ ਹੋਰ ਅਧਿਆਪਕਾਂ ਨਾਲ਼ ਤਾਰਾ ਦੇਵੀ ਵਿਖੇ ਸਕਾਊਟਿੰਗ ਦਾ ਕੋਰਸ ਕਰਨ ਜਾ ਰਹੇ ਸਨ। ਰਸਤੇ ਵਿੱਚ ਉਹਨਾਂ ਦੀ ਮੁਲਾਕਾਤ ਡਾਕਟਰ ਰਾਧਾ ਕ੍ਰਿਸ਼ਨਨ ਨਾਲ਼ ਕਾਲਕਾ ਰੇਲਵੇ ਸਟੇਸ਼ਨ ’ਤੇ ਹੋ ਗਈ। ਉਹਨਾਂ ਦਿਨਾਂ ਵਿੱਚ ਉਹ ਉਪਰਾਸ਼ਟਰਪਤੀ ਸਨ। ਉਹਨਾਂ ਦੀ ਚੇਅਰ-ਕਾਰ, ਜਿਸ ਵਿੱਚ ਬੈਠ ਕੇ ਉਹਨਾਂ ਸ਼ਿਮਲੇ ਜਾਣਾ ਸੀ, ਤਕਨੀਕੀ ਖ਼ਰਾਬੀ ਕਰਕੇ ਕੁਝ ਦੇਰੀ ਨਾਲ਼ ਜਾਣੀ ਸੀ। ਸ੍ਰੀ ਰਾਧਾ ਕ੍ਰਿਸ਼ਨਨ ਇਕੱਲੇ ਹੀ ਪਲੇਟਫ਼ਾਰਮ ਤੇ ਖੜ੍ਹੇ ਸਨ। ਉਹਨਾਂ ਕੋਲ਼ੋਂ ਪੁੱਛ ਕੇ ਸਾਰੇ ਅਧਿਆਪਕ ਉਹਨਾਂ ਕੋਲ਼ ਚਲੇ ਗਏ। ਉਹਨਾਂ ਦੇ ਪੁੱਛਣ ’ਤੇ ਸਾਰੇ ਅਧਿਆਪਕਾਂ ਨੇ ਕਿਹਾ ਕਿ ਉਹ ਪੜ੍ਹਾਉਂਦੇ ਹਨ। ਉਹਨਾਂ ਮਜ਼ਾਕ ਨਾਲ਼ ਉਹਨਾਂ ਨੂੰ ਕਿਹਾ। ਤੁਸੀਂ ਪੜ੍ਹਾਉਂਦੇ ਹੋ ਪਰ ਮੈਂ ਅਜੇ ਸਿੱਖਦਾ ਹੀ ਹਾਂ, ਪੜ੍ਹਦਾ ਹੀ ਹਾਂ। ਇੱਕ ਅਧਿਆਪਕ ਨੇ ਕਿਹਾ – ਜੀ, ਗ਼ਰੀਬੀ ਲਾਹਨਤ ਹੈ, ਮੈਂ ਕੇਵਲ ਜੇ. ਬੀ. ਟੀ. ਹੀ ਕਰ ਸਕਿਆ ਹਾਂ, ਗ਼ਰੀਬੀ ਨੇ ਮੈਨੂੰ ਅੱਗੇ ਨਹੀਂ ਪੜ੍ਹਨ ਦਿੱਤਾ। ਉਹਨਾਂ ਨੇ ਆਪਣੀ ਇੱਕ ਕਹਾਣੀ ਸੁਣਾਉਂਦਿਆਂ ਕਿਹਾ, “ਮੇਰੀ ਮਾਂ ਨੇ ਇੱਕ ਦਿਨ ਮੈਨੂੰ ਕਿਹਾ, ਬੇਟਾ ਕ੍ਰਿਸ਼ਨਨ, ਮੈਂ ਚਾਵਲ ਬਣਾ ਦਿੱਤੇ ਹਨ ਤੇ ਦਾਲ਼ ਵੀ, ਪਰ ਅੱਜ ਸਾਡੇ ਘਰ ਪੰਜ ਪੈਸੇ ਵੀ ਨਹੀਂ ਹਨ ਜਿਨ੍ਹਾਂ ਨਾਲ਼ ਮੈਂ ਚਾਵਲ ਪਰੋਸਣ ਲਈ ਕੇਲੇ ਦੇ ਪੱਤੇ ਖ਼ਰੀਦ

ਸਕਾਂ।" ਇਹ ਕਹਿੰਦਿਆਂ ਮਾਂ ਦੀਆਂ ਅੱਖਾਂ ਵਿੱਚੋਂ ਅੱਥਰੂ ਟਪਕਣ ਲੱਗ ਪਏ। ਉਦੋਂ ਬਾਲ ਰਾਧਾ ਕ੍ਰਿਸ਼ਨਨ ਨੇ ਬਾਲਟੀ ਪਾਣੀ ਦੀ ਲੈ ਕੇ ਰਸੋਈ ਦੇ ਫ਼ਰਸ਼ ਨੂੰ ਦੋ-ਤਿੰਨ ਵਾਰ ਚੰਗੀ ਤਰ੍ਹਾਂ ਸਾਫ਼ ਕੀਤਾ ਤੇ ਮਾਂ ਨੂੰ ਕਿ ਉਹ ਫ਼ਰਸ਼ ਉੱਤੇ ਹੀ ਚਾਵਲ ਪਰੋਸ ਦੇਣ। ਮਾਂ ਸੱਤ ਦਿਨ ਲਗਾਤਾਰ ਇਸ ਤਰ੍ਹਾਂ ਹੀ ਕਰਦੀ ਰਹੀ। ਡਾਕਟਰ ਸਾਹਿਬ ਨੇ ਸਮਝਾਇਆ ਕਿ ਗ਼ਰੀਬੀ ਵੱਲੋਂ ਸਿਖਾਏ ਸਬਕ ਮਿੱਠੇ ਅਤੇ ਲਾਹੇਵੰਦ ਹੁੰਦੇ ਹਨ। ਜਿਸ ਗ਼ਰੀਬੀ ਨੂੰ ਉਹ ਲਾਹਨਤ ਕਹਿੰਦੇ ਹਨ, ਉਸ ਨੂੰ ਸਖ਼ਤ ਮਿਹਨਤ ਕਰਕੇ ਵਰਦਾਨ ਵੀ ਬਣਾਇਆ ਜਾ ਸਕਦਾ ਹੈ।

**ਉਪਰੋਕਤ ਪੈਰੇ ਨੂੰ ਧਿਆਨ ਨਾਲ਼ ਪੜ੍ਹੋ ਅਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ : –**

1. ਅਧਿਆਪਕਾਂ ਨੇ ਤਾਰਾ ਦੇਵੀ ਕੀ ਕਰਨ ਜਾਣਾ ਸੀ?
2. ਡਾ. ਰਾਧਾ ਕ੍ਰਿਸ਼ਨਨ ਨੇ ਚਾਵਲ ਪਰੋਸਣ ਲਈ ਕੀ ਕੀਤਾ?
3. ਮਾਂ ਦੀਆਂ ਅੱਖਾਂ ਵਿੱਚੋਂ ਅੱਥਰੂ ਕਿਉਂ ਟਪਕਣ ਲੱਗੇ?
4. ਗ਼ਰੀਬੀ ਨੂੰ ਵਰਦਾਨ ਕਿਵੇਂ ਬਣਾਇਆ ਜਾ ਸਕਦਾ ਹੈ?

**ਪ੍ਰਸ਼ਨਾਂ ਦੇ ਉੱਤਰ : –**

1. ਅਧਿਆਪਕਾਂ ਨੇ ਸਕਾਊਟਿੰਗ ਦਾ ਕੋਰਸ ਕਰਨ ਲਈ ਤਾਰਾ ਦੇਵੀ ਜਾਣਾ ਸੀ।
2. ਡਾ. ਰਾਧਾ ਕ੍ਰਿਸ਼ਨਨ ਨੇ ਚਾਵਲ ਪਰੋਸਣ ਲਈ ਪਾਣੀ ਦੀ ਬਾਲਟੀ ਲੈ ਕੇ ਰਸੋਈ ਦੇ ਫ਼ਰਸ਼ ਨੂੰ ਦੋ-ਤਿੰਨ ਵਾਰ ਸਾਫ਼ ਕੀਤਾ।
3. ਕਿਉਂਕਿ ਉਹਨਾਂ ਕੋਲ਼ ਪੰਜ ਪੈਸੇ ਵੀ ਨਹੀਂ ਸਨ, ਜਿਨ੍ਹਾਂ ਨਾਲ਼ ਚਾਵਲ ਪਰੋਸਣ ਲਈ ਕੇਲੇ ਦੇ ਪੱਤੇ ਖ਼ਰੀਦੇ ਜਾ ਸਕਦੇ।
4. ਗ਼ਰੀਬੀ ਨੂੰ ਸਖ਼ਤ ਮਿਹਨਤ ਰਾਹੀਂ ਵਰਦਾਨ ਬਣਾਇਆ ਜਾ ਸਕਦਾ ਹੈ।

3. ਜਿਸ ਸਰੀਰ ਨੇ ਕਦੇ ਖੇਚਲ਼, ਮਿਹਨਤ ਤੇ ਕਸ਼ਟ ਦਾ ਮੂੰਹ ਨਹੀਂ ਵੇਖਿਆ ਉਸ ਵਿੱਚ ਬਰਕਤ ਤੇ ਰੌਣਕ ਕਿਵੇਂ ਹੋ ਸਕਦੀ ਹੈ? ਜਿਸ ਬਿਰਖ ਨੂੰ ਨਾ ਫੁੱਲ ਹੈ ਨਾ ਫਲ਼ ਹੈ ਨਾ ਉਸਦੀ ਠੰਢੀ ਛਾਂ ਹੈ, ਆਮ ਕਰਕੇ ਉਹ ਬਾਲਣ ਬਣਾ ਕੇ ਚੁੱਲ੍ਹੇ ਵਿੱਚ ਫੂਕ ਦਿੱਤਾ ਜਾਂਦਾ ਹੈ। ਮਨੁੱਖੀ ਸਰੀਰ ਕੰਮ ਲਈ ਬਣਿਆ ਹੈ। ਕੰਮ ਨਾ ਕਰਨਾ ਸਰੀਰ ਦੇ ਗੁਣ ਨੂੰ ਅਕਾਰਥ ਗੁਆਉਣਾ ਹੈ। ਕੌਣ ਮੁੱਕਰ ਸਕਦਾ ਹੈ, ਇਸ ਗੱਲੋਂ ਕਿ ਜਿਹੜਾ ਸਰੀਰ ਮੁਸ਼ੱਕਤ ਵਿੱਚ ਨਹੀਂ ਪੈਂਦਾ, ਕਦੇ ਅਰੋਗ ਨਹੀਂ ਰਹਿ ਸਕਦਾ। ਇੱਕ ਪਾਸੇ ਲੋਕ ਹੱਥੀਂ ਕੰਮ ਕਰਨ ਤੋਂ ਭੱਜਦੇ ਹਨ ਤੇ ਦੂਸਰੇ ਪਾਸੇ ਸਰੀਰ ਨੂੰ ਠੀਕ ਰੱਖਣ ਲਈ ਕਸਰਤ ਕਰਦੇ ਹਨ ਜੋਕਿ ਵਿਹਲਾ ਕੰਮ ਹੈ ; ਇੱਕ ਤਰ੍ਹਾਂ ਦਾ ਮੀਸਣਾਪਣ ਹੈ-ਜ਼ੋਰ ਤੇ ਸਮਾਂ, ਜਿਸ ਨਾਲ਼ ਕੁਝ ਦੌਲਤ ਰਚੀ ਜਾ ਸਕਦੀ ਹੈ ਉਸ ਨੂੰ ਦੂਜਿਆਂ ਲਈ ਵਰਤਣ ਦੀ ਥਾਂ ਖ਼ਾਸ ਆਪਣੇ ਬਣਾਉਟੀ ਸੁਆਰਥ ਲਈ ਵਰਤਣਾ। ਸਰੀਰ ਜੋ ਕੰਮ ਨਹੀਂ ਕਰਦਾ, ਕੁਦਰਤ ਤੋਂ ਉੱਕਾ ਵਿਰੁੱਧ ਹੈ ਕਿਉਂਕਿ ਕੰਮ ਹੀ ਸਰੀਰ ਦੇ ਸਾਰੇ ਅੰਗਾਂ ਨੂੰ ਅੱਛੀ ਤਰ੍ਹਾਂ ਕੁਦਰਤੀ ਹਿਲ-ਜੁਲ ਵਿੱਚ ਪਾ ਕੇ ਅਰਗੋ, ਸੁੰਦਰ ਤੇ ਸਡੌਲ ਰੱਖ ਸਕਦਾ ਹੈ।

**ਉਪਰੋਕਤ ਪੈਰੇ ਨੂੰ ਧਿਆਨ ਨਾਲ਼ ਪੜ੍ਹੋ ਅਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ : –**

1. ਕਿਹੜੇ ਸਰੀਰ ਵਿੱਚ ਬਰਕਤ ਤੇ ਰੌਣਕ ਨਹੀਂ ਹੁੰਦੀ?
2. ਸਰੀਰ ਦੇ ਗੁਣ ਨੂੰ ਅਕਾਰਥ ਕਿਵੇਂ ਗੁਆਇਆ ਜਾਂਦਾ ਹੈ?
3. ਮੁਸ਼ੱਕਤ ਨਾ ਕਰਨ ਵਾਲ਼ੇ ਦੇ ਸਰੀਰ 'ਤੇ ਕੀ ਪ੍ਰਭਾਵ ਪੈਂਦਾ ਹੈ?
4. ਲੇਖਕ ਨੇ ਕਸਰਤ ਨੂੰ ਵਿਹਲਾ ਕੰਮ ਕਿਉਂ ਕਿਹਾ ਹੈ?

**ਪ੍ਰਸ਼ਨਾਂ ਦੇ ਉੱਤਰ : –**

1. ਜਿਹੜੇ ਸਰੀਰ ਨੇ ਕਦੇ ਖੇਚਲ਼, ਮਿਹਨਤ ਅਤੇ ਕਸ਼ਟ ਦਾ ਮੂੰਹ ਨਹੀਂ ਵੇਖਿਆ ਹੁੰਦਾ ਹੈ।

2. ਜਦੋਂ ਕੰਮ ਕਰਨ ਲਈ ਬਣੇ ਸਰੀਰ ਤੋਂ ਕੰਮ ਨਹੀਂ ਲਿਆ ਜਾਂਦਾ।

3. ਅਜਿਹਾ ਸਰੀਰ ਅਰੋਗ ਨਹੀਂ ਰਹਿੰਦਾ।

4. ਕਸਰਤ ਕਰਨ ਵਿੱਚ ਜ਼ੋਰ ਤੇ ਸਮਾਂ ਲੱਗਦਾ ਹੈ, ਪਰ ਇਸ ਨਾਲ਼ ਕੋਈ ਉਪਜ ਨਹੀਂ ਹੁੰਦੀ।

(4) ਸੰਵੇਦਨਸ਼ੀਲ ਮਨੁੱਖ ਨੇ ਭਾਵਕ ਹੋ ਕੇ ਗੁਲਾਬ ਦੇ ਫੁੱਲ ਨੂੰ ਪੁੱਛਿਆ-ਜਦੋਂ ਕੋਈ ਤੁਹਾਨੂੰ ਬੂਟੇ ਤੋਂ ਤੋੜ ਲੈਂਦਾ ਹੈ, ਪੱਤ-ਪੱਤ ਅੱਡ ਕਰ ਕੇ ਪੈਰਾਂ ਦੀ ਮਿੱਟੀ ਵਿੱਚ ਰੋਲ਼ ਦੇਂਦਾ ਹੈ ਤਾਂ ਕੀ ਤੁਸੀਂ ਦੁਖੀ ਨਹੀਂ ਹੁੰਦੇ? ਗੁਲਾਬ ਨੇ ਕਿਹਾ-ਸਾਡਾ ਮਕਸਦ ਹੈ; ਖ਼ੂਬਸੂਰਤੀ ਵੰਡਣਾ। ਕਈ ਲੋਕਾਂ ਦਾ ਸੁਭਾਅ ਹੈ ਖ਼ੂਬਸੂਰਤੀ ਦਾ ਨਾਸ ਕਰਨਾ। ਅਸੀਂ ਆਪਣਾ ਮਕਸਦ ਜਾਣਦੇ ਹਾਂ, ਉਹ ਆਪਣਾ ਜਾਣਨ। ਅਜਿਹੇ ਬੰਦਿਆਂ ਨਾਲ਼ ਸਾਡਾ ਕੋਈ ਲੈਣ-ਦੇਣ ਨਹੀਂ। ਮਨੁੱਖ ਦੀ ਤਸੱਲੀ ਜਿਹੀ ਹੋ ਗਈ। ਫਿਰ ਉਸ ਦਾ ਧਿਆਨ ਤਿਤਲੀ ਵੱਲ ਗਿਆ। ਉਸ ਨੇ ਪੁੱਛਿਆ-ਜਦੋਂ ਬੱਚੇ ਤੁਹਾਨੂੰ ਪਕੜ ਲੈਂਦੇ ਹਨ, ਤੁਹਾਡੇ ਖੰਭ ਤੋੜ ਦੇਂਦੇ ਹਨ ਤਾਂ ਕੀ ਤੁਹਾਨੂੰ ਗ਼ੁੱਸਾ ਨਹੀਂ ਆਉਂਦਾ? "ਨਹੀਂ, ਹਰਗਿਜ਼ ਨਹੀਂ, ਤਿਤਲੀ ਨੇ ਕਿਹਾ। ਬੱਚਿਆਂ ਅਤੇ ਹੋਰਨਾਂ ਬੰਦਿਆਂ ਦੀ ਜ਼ਿੰਦਗੀ ਨੂੰ ਰੁਸ਼ਨਾਉਣਾ ਹੀ ਸਾਡਾ ਕੰਮ ਹੈ। ਜਦੋਂ ਕੋਈ ਬੱਚਾ ਸਾਨੂੰ ਪਕੜਨ ਦੀ ਕੋਸ਼ਿਸ਼ ਕਰਦਾ ਹੈ, ਅਸੀਂ ਥੋੜ੍ਹਾ ਜਿੰਨਾ ਉੱਡ ਕੇ ਬਚਣ ਦਾ ਨਾਟਕ ਕਰਦੀਆਂ ਹਾਂ। ਬੱਚਿਆਂ ਕੋਲ਼ੋਂ ਦੂਰ ਨਹੀਂ ਜਾਂਦੀਆਂ। ਅਸੀਂ ਪਕੜਾਈ ਦੇ ਦੇਂਦੀਆਂ ਹਾਂ, ਜਿਵੇਂ ਫੁੱਲ ਕਰਦੇ ਹਨ। ਬੱਚੇ, ਜੋ ਭੋਲ਼ੇ ਹੁੰਦੇ ਹਨ ਅਗਿਆਨਤਾ ਨਾਲ਼ ਸਾਡੇ ਖੰਭ ਤੋੜ ਦੇਂਦੇ ਹਨ, ਅਸੀਂ ਮਰ ਜਾਂਦੀਆਂ ਹਾਂ, ਸਾਨੂੰ ਕਿਸੇ ਨਾਲ਼ ਕੋਈ ਗਿਲਾ ਨਹੀਂ ਹੁੰਦਾ। ਜਿਵੇਂ ਫੁੱਲਾਂ ਦੀਆਂ ਪੱਤੀਆਂ ਪੈਰਾਂ ਹੇਠ ਰੁਲ਼ ਜਾਂਦੀਆਂ ਹਨ, ਸਾਡੇ ਖੰਭ ਵੀ ਪੈਰਾਂ ਦੀ ਮਿੱਟੀ ਹੇਠ ਰੁਲ਼ ਜਾਂਦੇ ਹਨ। ਫੁੱਲਾਂ ਦੀ ਜੀਵਨ-ਯਾਤਰਾ ਪੂਰੀ ਹੋ ਜਾਂਦੀ ਹੈ ਤੇ ਸਾਡੀ ਵੀ। ਦੋਵੇਂ ਆਪਣਾ ਮਕਸਦ ਪੂਰਾ ਕਰਨ ਵਿੱਚ ਸਫ਼ਲ ਹੋ ਜਾਂਦੇ ਹਨ।" ਗੁਲਾਬ ਤੇ ਤਿਤਲੀ ਤੋਂ ਉਸ ਨੇ ਜ਼ਿੰਦਗੀ ਵਿੱਚ ਪਹਿਲੀ ਵਾਰ ਮਕਸਦ ਦੀ ਅਹਿਮੀਅਤ ਨੂੰ ਸਮਝਿਆ ਕਿ ਮਕਸਦ ਦੀ ਪੂਰਤੀ ਵਿੱਚ ਮੌਤ ਅੜਿੱਕਾ ਨਹੀਂ ਬਣਨੀ ਚਾਹੀਦੀ।

**ਉਪਰੋਕਤ ਪੈਰੇ ਨੂੰ ਧਿਆਨ ਨਾਲ਼ ਪੜ੍ਹੋ ਅਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ** : -

1. ਸੰਵੇਦਨਸ਼ੀਲ ਮਨੁੱਖ ਨੇ ਗੁਲਾਬ ਦੇ ਫੁੱਲ ਨੂੰ ਕੀ ਪੁੱਛਿਆ?
2. ਗੁਲਾਬ ਨੇ ਕੀ ਉੱਤਰ ਦਿੱਤਾ?
3. ਮਨੁੱਖ ਨੇ ਤਿਤਲੀ ਨੂੰ ਕੀ ਪੁੱਛਿਆ?
4. ਗੁਲਾਬ ਨੇ ਤਿਤਲੀ ਨਾਲ਼ ਗੱਲ-ਬਾਤ ਤੋਂ ਮਨੁੱਖ ਨੇ ਕੀ ਸਿੱਖਿਆ?

**ਪ੍ਰਸ਼ਨਾਂ ਦੇ ਉੱਤਰ** : -

1. ਸੰਵੇਦਨਸ਼ੀਲ ਮਨੁੱਖ ਨੇ ਗੁਲਾਬ ਦੇ ਫੁੱਲ ਨੂੰ ਪੁੱਛਿਆ ਕਿ ਜਦੋਂ ਕੋਈ ਉਹਨਾਂ ਨੂੰ ਬੂਟੇ ਤੋਂ ਤੋੜ ਕੇ ਪੱਤੀ-ਪੱਤੀ ਅੱਡ ਕਰ ਕੇ ਮਿੱਟੀ ਵਿੱਚ ਰੋਲ਼ ਦਿੰਦਾ ਹੈ ਤਾਂ ਕੀ ਉਹ ਦੁਖੀ ਨਹੀਂ ਹੁੰਦੇ।
2. ਗੁਲਾਬ ਨੇ ਕਿਹਾ ਕਿ ਉਹਨਾਂ ਦਾ ਮਕਸਦ ਖ਼ੂਬਸੂਰਤੀ ਵੰਡਣਾ ਹੈ। ਕਈ ਲੋਕਾਂ ਦਾ ਸੁਭਾਅ ਹੈ-ਖ਼ੂਬਸੂਰਤੀ ਦਾ ਨਾਸ ਕਰਨਾ। ਉਹ ਆਪਣਾ ਮਕਸਦ ਜਾਣਦੇ ਹਨ, ਅਸੀਂ ਆਪਣਾ।
3. ਮਨੁੱਖ ਨੇ ਤਿਤਲੀ ਨੂੰ ਪੁੱਛਿਆ ਕਿ ਜਦੋਂ ਬੱਚੇ ਉਹਨਾਂ ਨੂੰ ਪਕੜ ਲੈਂਦੇ ਹਨ, ਉਹਨਾਂ ਦੇ ਖੰਭ ਤੋੜ ਦਿੰਦੇ ਹਨ ਤਾਂ ਕੀ ਉਹਨਾਂ ਨੂੰ ਗ਼ੁੱਸਾ ਨਹੀਂ ਆਉਂਦਾ?
4. ਮਨੁੱਖ ਨੇ ਸਿੱਖਿਆ ਕਿ ਜ਼ਿੰਦਗੀ ਵਿੱਚ ਮਕਸਦ ਦੀ ਬਹੁਤ ਅਹਿਮੀਅਤ ਹੈ ਅਤੇ ਮਕਸਦ ਦੀ ਪੂਰਤੀ ਵਿੱਚ ਮੌਤ ਵੀ ਅੜਿੱਕਾ ਨਹੀਂ ਬਣਨੀ ਚਾਹੀਦੀ।

**ਲੜੀ ਨੰ. 10 (ਪ੍ਰਸ਼ਨ ਨੰ. 21 ਦੇ ਆਧਾਰ 'ਤੇ)**

**(ੳ) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖਣ ਲਈ ਕਿਹਾ ਜਾਵੇਗਾ …….(1+1+1=3)**

| | |
|---|---|
| 1. ਦੂਸਰੇ ਲੋਕਾਂ ਦਾ ਭਲਾ ਕਰਨਾ | ਉਪਕਾਰ |
| 2. ਜਿਹੜਾ ਦਿਲ ਖੋਲ ਕੇ ਦਾਨਕਰੇ | ਉਦਾਰਚਿੱਤ |

| | | |
|---|---|---|
| 3. | ਜਿਹੜਾ ਕਿਸੇ ਦੀ ਕੀਤੀ ਨੇਕੀ ਜਾਣੇ | ਕ੍ਰਿਤੱਗ |
| 4. | ਜਿਹੜਾ ਕਿਸੇ ਦੀ ਕੀਤੀ ਨੇਕੀ ਨਾ ਜਾਣੇ | ਅਕ੍ਰਿਤਘਣ |
| 5. | ਜੋ ਕਦੇ ਥੱਕੇ ਨਾ | ਅਣਥੱਕ |
| 6. | ਜਿਸ ਦਾ ਸੁਭਾਅ ਮਸਤ ਮਲੰਗ ਹੋਵੇ | ਅਲਬੇਲਾ |
| 7. | ਜਿਹੜਾ ਦਿਲ ਦੀਆਂ ਜਾਣਦਾ ਹੋਵੇ | ਅੰਤਰਯਾਮੀ |
| 8. | ਜਿਸ ਦੀ ਉਲ਼ਾਦ ਨਾ ਹੋਵੇ | ਔਂਤਰਾ |
| 9. | ਜਿਸ ਦੀ ਉਲ਼ਾਦ ਹੋਵੇ | ਸੌਂਤਰਾ |
| 10. | ਜਿਹੜਾ ਹਰ ਵੇਲ਼ੇ ਚੜ੍ਹਦੀ ਕਲਾ ਵਿੱਚ ਰਹੇ | ਆਸ਼ਾਵਾਦੀ |
| 11. | ਜਿਹੜਾ ਹਰ ਵੇਲੇ ਢਹਿੰਦੀ ਕਲਾ ਵਿੱਚ ਰਹੇ | ਨਿਰਾਸ਼ਾਵਾਦੀ |
| 12. | ਉਹ ਗੱਲ ਜਿਹੜੀ ਦੁਨੀਆਂ ਨਾਲ਼ ਬੀਤੀ ਹੋਵੇ | ਜੱਗਬੀਤੀ |
| 13. | ਜਿਹੜੀ ਗੱਲ ਆਪਣੇ ਨਾਲ਼ ਬੀਤੀ ਹੋਵੇ | ਆਪਬੀਤੀ |
| 14. | ਆਪਣੇ-ਆਪ ਨੂੰ ਮਾਰਨਾ | ਆਤਮਘਾਤ |
| 15. | ਅਜਿਹੀ ਪੁਸਤਕ ਜਿਸ ਵਿੱਚ ਲਿਖਾਰੀ ਨੇ ਆਪਣੇ ਬਾਰੇ ਲਿਖਿਆ ਹੋਵੇ | ਆਤਮਕਥਾ |
| 16. | ਅਜਿਹੀ ਪੁਸਤਕ ਜਿਸ ਵਿੱਚ ਲਿਖਾਰੀ ਨੇ ਦੂਜੇ ਵਿਅਕਤੀ ਬਾਰੇ ਲਿਖਿਆ ਹੋਵੇ | ਜੀਵਨੀ |
| 17. | ਉਹ ਪੁਸਤਕ ਜਿਸ ਵਿੱਚ ਬੀਤੇ ਸਮੇਂ ਦੇ ਸਮਾਚਾਰ ਹੋਣ | ਇਤਿਹਾਸ |
| 18. | ਜਿਹੜੀ ਗੱਲ ਬਹੁਤ ਵਧਾ ਚੜ੍ਹਾ ਕੇ ਆਖੀ ਜਾਵੇ | ਅੱਤਕਥਨੀ |
| 19. | ਕਿਸੇ ਲੇਖਕ ਦੀ ਸਭ ਤੋਂ ਉੱਤਮ ਰਚਨਾ | ਸ਼ਾਹਕਾਰ |
| 20. | ਉਹ ਲੜਾਈ ਜਿਸ ਵਿੱਚ ਬਹੁਤ ਸਾਰੇ ਮਾਰੇ ਜਾਣ | ਘੱਲੂਘਾਰਾ |

**(ਅ) ਦੋ ਸ਼ਬਦਾਂ 'ਚੋਂ ਕਿਸੇ ਇੱਕ ਸ਼ਬਦ ਦਾ ਕੋਈ ਇੱਕ ਸਮਾਨਾਰਥੀ ਸ਼ਬਦ ਲਿਖਣ ਲਈ ਕਿਹਾ ਜਾਵੇਗਾ :**

| | | |
|---|---|---|
| 1. | ਉੱਚਿਤ | ਠੀਕ, ਯੋਗ |
| 2. | ਉਜੱਡ | ਮੂਰਖ, ਗਵਾਰ |
| 3. | ਉਸਤਤ | ਪ੍ਰਸੰਸਾ, ਉਪਮਾ |
| 4. | ਓੜਕ | ਅਖੀਰ, ਛੇਕੜ |
| 5. | ਉੱਤਮ | ਵਧੀਆ, ਚੰਗਾ |
| 6. | ਉਪਕਾਰ | ਭਲਾਈ, ਨੇਕੀ |
| 7. | ਉਮੰਗ | ਉਤਸ਼ਾਹ, ਇੱਛਾ |
| 8. | ਅਕਲ | ਸਿਆਣਪ, ਸਮਝ |
| 9. | ਅਨਾਥ | ਯਤੀਮ, ਬੇਸਹਾਰਾ |
| 10. | ਅਕਾਸ਼ | ਗਗਨ, ਅੰਬਰ |
| 11. | ਅਲੌਕਿਕ | ਅਨੋਖਾ, ਅਦਭੁੱਤ |
| 12. | ਅਮਨ | ਸ਼ਾਂਤੀ, ਚੈਨ |
| 13. | ਆਦਰ | ਸਤਿਕਾਰ, ਵਡਿਆਈ |
| 14. | ਆਥਣ | ਸ਼ਾਮ, ਸੰਞ |
| 15. | ਇਕਰਾਰ | ਵਚਨ, ਪ੍ਰਣ |
| 16. | ਸਸਤਾ | ਸੁਵੱਲਾ, ਹਲਕਾ |
| 17. | ਸੰਜੋਗ | ਮੇਲ, ਸੰਗਮ |

18. ਸੰਤੋਖ ਸਬਰ, ਤ੍ਰਿਪਤੀ
19. ਜੱਗ ਸੰਸਾਰ, ਸ੍ਰਿਸ਼ਟੀ
20. ਨਿਰਮਲ ਸਾਫ਼, ਸੁਥਰਾ

**(ੲ) ਦੋ ਸ਼ਬਦਾਂ ਵਿੱਚੋਂ ਕਿਸੇ ਇੱਕ ਸ਼ਬਦ ਨੂੰ ਵਾਕ ਵਿੱਚ ਵਰਤਣ ਲਈ ਕਿਹਾ ਜਾਵੇਗਾ : -**

1. ਉੱਤਰ - ਮੈਂ ਪ੍ਰਸ਼ਨ ਦਾ ਉੱਤਰ ਸੋਚ ਕੇ ਲਿਖਿਆ।
2. ਅੱਗਾ - ਚੰਗੇ ਇਨਸਾਨ ਮਿਹਨਤ ਕਰਕੇ ਆਪਣਾ ਅੱਗਾ ਸਵਾਰਦੇ ਹਨ।
3. ਅੱਡਾ - ਮੈਂ ਅੱਡੇ ਉੱਤੇ ਖੜ ਕੇ ਬੱਸ ਨੂੰ ਉਡੀਕਿਆ।
4. ਸਰ - ਇੰਨੇ ਪੈਸਿਆਂ ਨਾਲ਼ ਮੇਰਾ ਕੰਮ ਸਰ ਗਿਆ।
5. ਸੰਗ - ਬੁਰੇ ਆਦਮੀਆਂ ਦਾ ਸੰਗ ਨਾ ਕਰੋ।
6. ਸਤ - ਨਿੰਬੂ ਦਾ ਸਤ ਲਿਆਓ।
7. ਸੂਤ - ਤੁਹਾਡੇ ਡਰ ਨਾਲ ਉਹ ਸੂਤ ਰਹੇਗਾ।
8. ਸੂਆ - ਇਹ ਸੂਆ ਵੱਡੀ ਨਹਿਰ ਵਿੱਚੋਂ ਨਿਕਲ਼ਦਾ ਹੈ।
9. ਹਾਰ - ਉਸ ਨੂੰ ਵਪਾਰ ਵਿੱਚ ਬਹੁਤ ਹਾਰ ਹੋਈ।
10. ਕੱਚਾ - ਇਸ ਕੱਪੜੇ ਦਾ ਰੰਗ ਕੱਚਾ ਹੈ।
11. ਕੰਡਾ - ਅਸੀਂ ਕੰਡਾ ਲਾ ਕੇ ਦਾਣੇ ਤੋਲੇ।
12. ਕੋਟ - ਇਸ ਧਰਤੀ ’ਤੇ ਕਈ ਕੋਟ ਜੀਵ ਜੰਤੂ ਹਨ।
13. ਕਰ - ਉਸ ਦੇ ਸਿਰ ਵਿੱਚ ਬਹੁਤ ਕਰ ਹੈ।
14. ਚੱਕ - ਕੁੱਤੇ ਨੇ ਮੇਰੀ ਲੱਤ ’ਤੇ ਚੱਕ ਵੱਡਿਆ।
15. ਚਾਕ - ਡਾਕਟਰ ਨੇ ਉਸ ਦਾ ਪੇਟ ਚਾਕ ਕਰਕੇ ਰਸੌਲ਼ੀ ਕੱਢੀ।
16. ਜਾਗ - ਦੁੱਧ ਨੂੰ ਜਾਗ ਲਾ ਦਿਓ।
17. ਢਾਲ - ਇਸ ਥਾਂ ’ਤੇ ਪਾਣੀ ਦੀ ਢਾਲ਼ ਪੱਛਮ ਵੱਲ ਹੈ।
18. ਤਪ - ਉਹ ਗੁੱਸੇ ਵਿੱਚ ਐਵੀਂ ਤਪ ਗਿਆ।
19. ਨੱਥ - ਬਲ਼ਦ ਨੂੰ ਸਾਣ ਦੀ ਰੱਸੀ ਦੀ ਨੱਥ ਪਾਈ ਹੋਈ ਹੈ।
20. ਫੁੱਲ - ਉਸ ਨੇ ਆਪਣੀ ਮਾਂ ਦੇ ਫੁੱਲ ਗੰਗਾ ਵਿੱਚ ਪਾਏ।